# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 41 | 18 October to 24 October 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





# ਕੈਪਟਨ ਦਾ ਕਿਸਾਨਾਂ ਨੂੰ ਕੋਰਾ ਜਵਾਬ

## ਦੋ ਲੱਖ ਰੁਪਏ ਤੋਂ ਵੱਧ ਦਾ ਕਰਜ਼ਾ ਨਹੀਂ ਹੋਵੇਗਾ ਮਾ.ਫ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਪਟਨ ਸਰਕਾਰ ਨੇ ਵਿਧਾਨ ਸਭਾ ਦੇ ਅਗਲੇ ਸ਼ੈਸਨ ਵਿੱਚ ਸੂਬੇ ਦੀ ਨਵੀਂ ਖੇਤੀਬਾੜੀ ਨੀਤੀ ਲਿਆਉਣ ਤੋਂ ਇਲਾਵਾ ਕਿਸਾਨਾਂ ਦੀ ਭਲਾਈ ਲਈ ਕਦਮ ਚੁੱਕਣ ਦਾ ਐਲਾਨ ਕੀਤਾ ਹੈ ਪਰ ਕਰਜ਼ਾ ਮੁਆਫੀ ਦੇ ਮੁੱਦੇ ਉੱਤੇ ਕਿਸਾਨ ਆਗੂਆਂ ਅਤੇ ਮੁੱਖ ਮੰਤਰੀ ਵਿਚਾਲੇ ਗੱਲਬਾਤ ਕਿਸੇ ਕਿਨਾਰੇ ਨਹੀਂ ਲੱਗ ਸਕੀ ਕਿਉਂਕਿ ਆਗੂ ਦਸ ਏਕੜ ਤਕ ਦੀ ਮਾਲਕੀ ਵਾਲੇ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕਰਨ ਉੱਤੇ ਜ਼ੋਰ ਦੇ ਰਹੇ ਸਨ ਪਰ ਮੁੱਖ ਮੰਤਰੀ ਨੇ 2 ਲੱਖ ਰੁਪਏ ਤੋਂ ਵੱਧ ਫਸਲੀ ਕਰਜ਼ਾ ਮੁਆਫ ਕਰਨ ਤੋਂ ਸਾਫ ਜੁਆਬ ਦੇ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀਆਂ ਵੱਖ-ਵੱਖ ਕਿਸਾਨ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਇੱਥੇ ਮੀਟਿੰਗਾਂ ਕੀਤੀਆ ਤੇ ਉਨ੍ਹਾਂ ਨਾਲ ਖੇਤੀਬਾੜੀ ਨੀਤੀ ਲਿਆਉਣ ਅਤੇ ਹੋਰ ਮਸਲਿਆਂ ਨੂੰ ਹੱਲ ਕਰਨ ਦਾ ਵਾਅਦਾ ਕੀਤਾ। ਕਿਸਾਨ ਆਗੂਆਂ ਦੇ ਜ਼ੋਰ ਦੇਣ ਤੇ ਮੁੱਖ ਮੰਤਰੀ ਅਤੇ ਕਿਸਾਨ ਆਗੂਆਂ ਵਿਚਾਲੇ

**ਬਾਕੀ ਸਫ਼ਾ 35 'ਤੇ**



ਚੰਡੀਗੜ੍ਹ ਵਿੱਚ ਕਿਸਾਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰ ਰਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ।

## 'ਬਲੈਕ ਪ੍ਰਿੰਸ' ਸਤਿੰਦਰ ਸਰਤਾਜ ਅਮਰੀਕਾ ਪੁੱਜੇ

### ਸੂ.ਫੀ ਗਾਇਕ ਦਾ ਪਹਿਲਾ ਸ਼ੋਅ 21 ਅਕਤੂਬਰ ਨੂੰ ਸਟਾਕਟਨ 'ਚ

**ਫਰੀਮੌਂਟ/ਬਿਊਰੋ ਨਿਊਜ਼:** ਸਿੱਖ ਇਤਿਹਾਸ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਜਿੰਦਗੀ ਉੱਤੇ ਆਧਾਰਤ ਬਹੁ ਚਰਚਿਤ ਫਿਲਮ 'ਦ ਬਲੈਕ ਪ੍ਰਿੰਸ ਦੇ ਨਾਇਕ ਅਤੇ ਉੱਘੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਆਸਟਰੇਲੀਆ ਵਿੱਚ ਸਫ਼ਲਤਾ ਪੂਰਬਕ ਅਪਣੇ ਗਾਇਕੀ ਦੇ ਪ੍ਰੋਗਰਾਮ ਕਰਨ ਬਾਅਦ ਅਮਰੀਕਾ ਪਹੁੰਚ ਗਏ ਹਨ। ਮੰਗਲਵਾਰ ਨੂੰ ਅਪਣੀ ਟੀਮ ਸਮੇਤ ਕੈਲੀਫੋਰਨੀਆ ਪੁੱਜੇ ਸਤਿੰਦਰ ਸਰਤਾਜ ਦਾ ਪਹਿਲਾ ਸ਼ੋਅ 21 ਅਕਤੂਬਰ ਸ਼ਨਿਚਰਵਾਰ ਨੂੰ ਗਦਰੀ ਬਾਬਿਆਂ ਦੀ ਧਰਤੀ ਵਜੋਂ ਜਾਣੇ ਸਟਾਕਟਨ ਸ਼ਹਿਰ ਦੇ ਬੌਬ ਹੌਪ ਥੀਏਟਰ ਵਿੱਚ ਹੋਵੇਗਾ।



ਲੋਕਾਂ ਦੀ ਪੁਰਜ਼ੋਰ ਮੰਗ ਉੱਤੇ ਇੱਥੇ ਪਹੁੰਚੇ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਸਤਿੰਦਰ ਸਰਤਾਜ ਅਮਰੀਕਾ ਵਿੱਚ 15 ਸ਼ੋਅ ਕਰਨਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ਜੈ ਸਿੰਘ ਫੋਨ: 510-677-2777

## ਲੁਧਿਆਣਾ 'ਚ ਆਰਐਸਐਸ ਆਗੂ ਗੋਸਾਈਂ ਕਤਲ





ਆਰਐਸਐਸ ਆਗੂ ਦੀ ਹੱਤਿਆ ਤੋਂ ਬਾਅਦ ਘਟਨਾ ਸਥਾਨ 'ਤੇ ਇਕੱਤਰ ਲੋਕ ਅਤੇ ਰਵਿੰਦਰ ਗੋਸਾਈਂ ਦੀ ਫਾਈਲ ਫੋਟੋ।

**ਲੁਧਿਆਣਾ/ਬਿਊਰੋ ਨਿਊਜ਼ :** ਇਥੇ ਬਸਤੀ ਜੋਧੇਵਾਲ ਦੇ ਕੈਲਾਸ਼ ਨਗਰ ਰੋਡ 'ਤੇ ਗਗਨਦੀਪ ਕਲੋਨੀ ਵਿਚ ਮੋਟਰਸਾਈਕਲ ਸਵਾਰ 2 ਨੌਜਵਾਨਾਂ ਨੇ ਰਾਸ਼ਟਰੀ ਸੋਇਮਸੇਵਕ ਸੰਘ (ਆਰਐੱਸਐੱਸ) ਦੇ ਆਗੂ ਰਵਿੰਦਰ ਗੋਸਾਈਂ (58) ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਗੋਸਾਈਂ ਭਾਜਪਾ ਆਗੂ ਵੀ ਸਨ, ਜੋ ਆਰਐੱਸਐੱਸ ਸ਼ਾਖਾ ਲਗਾ ਕੇ ਘਰ ਪਰਤੇ ਸਨ ਕਿ ਹਮਲਾਵਰਾਂ ਨੇ ਘਰ ਦੇ ਬਾਹਰ ਉਨ੍ਹਾਂ ਨੂੰ 2 ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਅਤੇ ਕੁਝ ਹੀ ਮਿੰਟਾਂ ਵਿਚ ਹੀ ਵਾਰਦਾਤ ਨੂੰ ਅੰਜਾਮ ਦੇ ਕੇ ਬਚ ਨਿਕਲੇ। ਜਾਣਕਾਰੀ ਮੁਤਾਬਕ ਗੋਸਾਈਂ 'ਤੇ ਮੁਲਜ਼ਮਾਂ ਨੇ ਚਾਰ ਗੋਲੀਆਂ ਚਲਾਈਆਂ, ਜਿਨ੍ਹਾਂ ਵਿੱਚੋਂ 2 ਗੋਸਾਈਂ ਨੂੰ ਲੱਗੀਆਂ। ਹਮਲੇ ਸਮੇਂ ਆਰਐੱਸਐੱਸ ਆਗੂ ਆਪਣੀ 4 ਸਾਲ

**ਬਾਕੀ ਸਫ਼ਾ 35 'ਤੇ**

## ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸਿੱਖ ਬੀਬੀਆਂ ਕਰ ਸਕਣਗੀਆਂ ਕੀਰਤਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਿੱਖਾਂ ਦੇ ਪੰਜਵੇਂ ਤਖ਼ਤ ਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਪਟਨਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਤੋਂ ਸਿੱਖ ਬੀਬੀਆਂ ਨੂੰ ਵੀ ਕੀਰਤਨ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ, ਜਿਸ ਦੀ ਸ਼ੁਰੂਆਤ ਵੀ ਹੋ ਗਈ ਹੈ। ਇਹ ਜਾਣਕਾਰੀ ਉਕਤ ਤਖ਼ਤ ਦੀ ਪ੍ਰਬੰਧਕ ਕਮੇਟੀ ਦੇ ਕੁਝ ਹਫ਼ਤੇ ਪਹਿਲਾਂ ਚੁਣੇ ਗਏ ਨਵੇਂ ਪ੍ਰਧਾਨ ਸ. ਹਰਵਿੰਦਰ ਸਿੰਘ ਸਰਨਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਿੱਖ ਬੀਬੀਆਂ ਨੇ ਤਾਂ ਉਕਤ ਤਖ਼ਤ ਤੋਂ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ, ਜਿਸ ਦਾ ਪ੍ਰਸਾਰਿਤ ਰੋਜ਼ਾਨਾ ਇਕ ਨਿੱਜੀ ਟੀ.ਵੀ. ਤੋਂ ਸ਼ੁਰੂ ਹੋ

**ਬਾਕੀ ਸਫ਼ਾ 35 'ਤੇ**

## ਗੁਰਦਾਸਪੁਰ ਜ਼ਿਮਨੀ ਚੋਣ ਕਾਂਗਰਸ ਨੇ ਜਿੱਤੀ

- ਭਾਜਪਾ ਦੇ ਸਵਰਨ ਸਲਾਰੀਆ ਨੂੰ 1,93219 ਵੋਟਾਂ ਦੇ ਵੱਡੇ ਅੰਤਰ ਨਾਲ ਹਰਾਇਆ
- ਆਮ ਆਦਮੀ ਪਾਰਟੀ ਦੇ ਖਜ਼ੂਰੀਆ ਸਣੇ 9 ਜਣਿਆਂ ਦੀਆਂ ਜ਼ਮਾਨਤਾਂ ਜ਼ਬਤ



**ਗੁਰਦਾਸਪੁਰ/ਬਿਊਰੋ ਨਿਊਜ਼ :** ਲੋਕ ਸਭਾ ਹਲਕਾ ਗੁਰਦਾਸਪੁਰ ਦੀ ਜ਼ਿਮਨੀ ਚੋਣ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਨੀਲ ਜਾਖੜ ਨੇ ਸ਼ਾਨ ਨਾਲ ਜਿੱਤ ਲਈ ਹੈ। ਉਨ੍ਹਾਂ ਆਪਣੇ ਮੁੱਖ ਵਿਰੋਧੀ ਅਕਾਲੀ-ਭਾਜਪਾ ਦੇ ਉਮੀਦਵਾਰ ਸਵਰਨ ਸਲਾਰੀਆ ਨੂੰ 1,93219 ਵੋਟਾਂ ਦੇ ਵੱਡੇ ਅੰਤਰ ਨਾਲ ਹਰਾਇਆ। ਜਾਖੜ ਨੂੰ ਕੁੱਲ 4,99,752 ਵੋਟਾਂ ਪਈਆਂ ਜਦੋਂਕਿ ਅਕਾਲੀ-ਭਾਜਪਾ ਦੇ ਸਵਰਨ ਸਲਾਰੀਆ 3,06,533 ਵੋਟਾਂ ਹੀ ਲੈ ਸਕੇ। ਆਮ ਆਦਮੀ ਪਾਰਟੀ ਦੇ ਉਮੀਦਵਾਰ ਮੇਜਰ ਜਨਰਲ (ਸੇਵਾਮੁਕਤ) ਸੁਰੇਸ਼ ਖਜ਼ੂਰੀਆ 23,579 ਵੋਟਾਂ ਲੈ ਕੇ ਤੀਸਰੇ ਨੰਬਰ ਉੱਤੇ ਪਛੜ ਗਏ। ਇਸ ਚੋਣ ਵਿੱਚ ਖਜ਼ੂਰੀਆ ਸਣੇ 9 ਜਣਿਆਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। 7580 ਵੋਟਰਾਂ ਨੇ ਨੋਟਾ ਦਾ ਬਟਨ ਦਬਾ ਕੇ ਉਮੀਦਵਾਰਾਂ ਪ੍ਰਤੀ ਨਾਪਸੰਦਗੀ ਪ੍ਰਗਟਾਈ। ਗਿਣਤੀ ਦੇ ਪਹਿਲੇ ਗੇੜ ਦੀ ਸਮਾਪਤੀ ਉੱਤੇ ਕਾਂਗਰਸ ਪਾਰਟੀ ਦੇ

**ਬਾਕੀ ਸਫ਼ਾ 35 'ਤੇ**


For Advertisements in Quomantry Amritsar Times Please Call :
Jai Singh
510-677-2777

















# Yuba City Nagar Kiratan
# ਯੂਬਾ ਸਿਟੀ ਨਗਰ ਕੀਰਤਨ

ਸਾਲਾਨਾ Annual

# ਸੋਵੀਨਰ (Souvenir)

**(5th Nov. 2017)**

## "ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਮਹਾਨ ਨਗਰ ਕੀਰਤਨ ਅਯੋਜਿਤ ਕਰਨ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਪਹੁੰਚਾਉਣ ਲਈ ਸਿੱਖ ਸੰਗਤ ਪ੍ਰਨਾਈ ਹੋਈ ਹੈ। ਯੂਬਾ ਸਿਟੀ ਨਗਰ ਕੀਰਤਨ ਪ੍ਰਤੀ ਦੁਨੀਆਂ ਭਰ ਦੇ ਸਿੱਖਾਂ ਵਿਚ ਅਥਾਹ ਸ਼ਰਧਾ ਅਤੇ ਉਤਸ਼ਾਹ ਬਣਿਆ ਹੋਇਆ ਹੈ।

ਸਮੁੱਚੇ ਸਿੱਖ ਪੰਥ ਵਲੋਂ ਯੂਬਾ ਸਿਟੀ, ਕੈਲੀਫੋਰਨੀਆਂ ਵਿੱਚ ਹਰ ਸਾਲ ਕਰਵਾਏ ਜਾਂਦੇ ਸਿੱਖ ਸਮਾਗਮਾਂ ਤੇ ਸਜਾਏ ਜਾਂਦੇ ਵਿਸ਼ਾਲ ਨਗਰ ਕੀਰਤਨ ਨੂੰ ਮੁੱਖ ਰੱਖਦਿਆਂ ਐਤਕਾਂ ਵਿਸ਼ੇਸ ਸੋਵੀਨਰ ਕੱਢਿਆ ਜਾ ਰਿਹਾ ਹੈ ਜਿਸ ਵਿੱਚ ਨਗਰ ਕੀਰਤਨ ਤੇ ਸਿੱਖ ਇਤਿਹਾਸ, ਸਿੱਖ ਵਿਦਵਾਨਾਂ ਦੇ ਵੱਡਮੁਲੇ ਲੇਖ ਤੇ ਅਮਰੀਕਨ ਸਿੱਖ ਭਾਈਚਾਰੇ ਦੀਆਂ ਆਪਣੀ ਦਿੱਖ ਦਾ ਪ੍ਰਭਾਵ ਦੇਣ ਲਈ ਕੀਤੀਆਂ ਸਰਗਰਮੀਆਂ ਦੇ ਉਲੇਖ ਹੋਣਗੇ।

* ਸਮੁੱਚੇ ਭਾਈਚਾਰੇ ਦੇ ਵਿਦਵਾਨ ਲੇਖਕਾਂ ਨੂੰ ਇਸਦਾ ਹਿੱਸਾ ਬਣਨ ਲਈ ਬੇਨਤੀ ਹੈ।
* ਸਾਰੇ ਬਿਜ਼ਨਸਮੈਨਾਂ ਨੂੰ ਬੇਨਤੀ ਹੈ ਕਿ ਆਪਣੇ ਬਿਜ਼ਨਸ ਨੂੰ ਇਸ ਸੋਵੀਨਾਰ ਦਾ ਹਿੱਸਾ ਬਣਾਉਣ ਲਈ ਇਸ਼ਤਿਹਾਰਾਂ ਰਾਹੀਂ ਇਸ ਇਤਿਹਾਸਕ ਕਾਰਜ ਵਿਚ ਯੋਗਦਾਨ ਪਾਉਣ।
* ਇਹ ਸੋਵੀਨਰ ਨਿਰਪੱਖ ਹੋਵੇਗਾ ਤੇ ਕਿਸੇ ਧੜ੍ਹੇ ਜਾਂ ਕਿਸੇ ਪਾਰਟੀ ਦਾ ਹਿੱਸਾ ਨਹੀਂ ਹੋਵੇਗਾ।



ਸੋਵੀਨਰ ਪ੍ਰਤੀ ਹੋਰ ਜਾਣਕਾਰੀ ਲੈਣ ਲਈ, ਲੇਖ ਭੇਜਣ ਤੇ ਆਪਣੇ ਬਿਜਨਸ ਦਾ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

**(916) 308-7997**



6624 Florin Road, Sacramento CA 95828
Email: apnanews@gmail.com

-ਹੁਸਨ ਲੜੋਆ ਬੰਗਾ (ਪੱਤਰਕਾਰ)


ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਫਰਿਜ਼ਨੋ
4250-E. LINCOLN AVE FRESNO CA-93725
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਅੱਠਵਾਂ
ਮਹਾਨ ਨਗਰ ਕੀਰਤਨ
WELCOME
ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ
ਪ੍ਰੋਗਰਾਮ ਦਾ ਵੇਰਵਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ : 27 ਅਕਤੂਬਰ 2017 ਦਿਨ ਸ਼ੁੱਕਰਵਾਰ ਸਵੇਰੇ 09:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ :29 ਅਕਤੂਬਰ 2017 ਦਿਨ ਐਤਵਾਰ ਸਵੇਰੇ 09:00 ਵਜੇ
ਗੁਰੂ ਘਰ ਵਿਖੇ ਦੀਵਾਨ : ਸਵੇਰੇ 10:00 ਵਜੇ ਤੋਂ 11:00 ਵਜੇ ਤੱਕ
ਉਪਰੰਤ ਨਗਰ ਕੀਰਤਨ ਦੀ ਰਵਾਨਗੀ ਠੀਕ 11:00 ਵਜੇ ਹੋਵੇਗੀ।
ਅੰਮ੍ਰਿਤ ਸੰਚਾਰ :
ਅੰਮ੍ਰਿਤ ਸੰਚਾਰ 28 ਅਕਤੂਬਰ ਦਿਨ ਸ਼ਨੀਵਾਰ ਨੂੰ ਠੀਕ ਸਵੇਰੇ 07:00 ਵਜੇ ਹੋਵੇਗਾ।
ਗੁਰਮਤਿ ਕਥਾ
ਗਿਆਨੀ ਕੁਲਵੰਤ ਸਿੰਘ ਜੀ,
ਮੁੱਖ ਸੇਵਾਦਾਰ ਸਾਹਿਬਜ਼ਾਦੇ ਸੇਵਾ ਦਲ (ਪੰਜਾਬ)
24 ਅਕਤੂਬਰ ਤੋਂ 26 ਅਕਤੂਬਰ 2017
ਸ਼ਾਮ 7:30 ਵਜੇ ਤੋਂ 8:30 ਵਜੇ ਤੱਕ
ਸੈਮੀਨਰ
ਵਿਸ਼ਾ : ਅੰਮ੍ਰਿਤ ਵੇਲਾ
ਗਿਆਨੀ ਕੁਲਵੰਤ ਸਿੰਘ ਜੀ (ਲੁਧਿਆਣਾ)
ਭਾਈ ਭੁਪਿੰਦਰ ਸਿੰਘ ਜੀ ਅਤੇ ਭਾਈ ਗੁਰਤੇਜ ਸਿੰਘ
28 ਅਕਤੂਬਰ 2017 ਸ਼ਨੀਵਾਰ ਸਵੇਰੇ 11:00 ਵਜੇ ਤੋਂ 2:00 ਵਜੇ ਤੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ
• ਅੰਮ੍ਰਿਤ ਅਭਿਲਾਖੀ ਸੰਪਰਕ 559-834-4780 • ਫਲੋਟ ਜਾਣਕਾਰੀ 209-648-4994 • ਵਿਸ਼ੇਸ਼ ਜਾਣਕਾਰੀ 559-575-1205


FRIENDS ENTERTAINMENT
IN ASSOCIATION WITH MANMEET GREWAL
PRESENTS
THE BLACK PRINCE
SATINDER SARTAAJ
LIVE IN CONCERT
DATE:
OCTOBER 21, 2017
TIME:
7 PM ONWARDS
VENUE:
THE BOB HOP THEATRE
242 E MAIN ST,
STOCKTON, CA 95202
TICKETS: $29, $39, VIP, VVIP, ELITE
FOR SPONSORSHIP & TICKETS PLEASE CALL
SUKHCHAIN (SAM GILL): 209-495-0653,
SAM BAL: 510-299-2759, PAUL GOSAL: 209-606-3551
NATIONAL PROMOTOR: JAI SINGH (510-677-2777)
OUR SPONSORS
GURM TRANSPORT INC
LATHROP LIQUOR
PMZ REAL ESTATE
A&A INTERMODAL TERMINAL
SUNRISE TRUCKING
DIAMOND TRANS.INC
SPEED Hauler Inc.
Global Allianz
BAL
SUBWAY
GREWAL RE HOLDINGS
GLOBAL CARRIER
CVSC
SUNRISE TRUCKING INC, A&A INTERMODAL TERMINAL, BAL CARRIER, SMILE SHINE DENTAL, TEC EQUIPMENT, GLOBAL ALLIANZ, TRY US TRUCKING, MIKE TIMANA FREIGHT, KHALSA TRUCKING, GURM TRUCKING, ACCUTRAC CAPITAL, CENTRAL VALLEY SPORTS CLUB-LTA BROS., LATHROP LIQUOR, PARK AVE CLEANERS, RASOI RESTAURANT, SMART TECH REPAIR, RELIABLE REGISTRATION, TONI ATWAL PMZ, PAUL TRUCKING, DELTA TRUCK SCHOOL, TIGER TRANS, INDIAN SWEETS, RON TRUCK WASH, KINGS SPORTS CLUB, GLOBAL REGISTRATION, JUMBO LOGISTICS, BHATTI CONSTRUCTION, CA TRANS, GLOBAL CARRIER, APNA VIRSA TURBAN, ARSH LOGISTIC, CHEEMA FREIGHT, MB EXPRESS, MARKHAI EXPRESS, SPEED HAULER INC., DEHAL TRUCKING, HSD TRUCKING, DK EXPRESS, DIAMOND TRANS INC., ECONOMY EXPRESS, WHITE HAWK, ALOHA TRANS, EKAM TRANSPORT, PRIME LINK, SIGMA FREIGHT, SUPER SIGNS-US SHIPPING, SADE LOK, VASDA PUNJAB ACADEMY, BABA DEEP SINGH SPORTS CLUB, RIG MASTER, RMB ROADLINE, DOT TRUCK SALES, DIYA ACADEMY, FASTLINK REPAIR, EVERGREEN TRUCKING, SIDHU TRUCK LINE, SUMAN TRANS, MANN BROS.SUN FREIGHT, RAJ TRUCKING, SHAAN TRUCKING, GILL PHARMACY, KARM FARMERS INS., BBC TRUCKING, DHALIWAL BROS. TRUCKING, ATL TRUCKING, SUN LIGHT RESTAURANT, CHICAGO PIZZA, DVR UNLIMITED PCA BAY AREA, PANNU TRANS, LIONS TRANSPORT, INDIAN MERCHANDISE MANTECA, MOONLIGHT TRUCKING, GTL TRUCKING, BOPARAI BROS.
SPECIAL THANKS
DR. NIRMAL RAI, DR.SANDHU, DR.SATWINDER SAHI, DR.RAJWINDER DHANOTA, DR. VICK BRAR, DR. RICKY BRAR, DR.MANINDER SANDHU, DR. GURNAM GILL, JAGROOP MANTECA, ATUL KAPOR, MALKIT BOPARAI, MANDEEP BHULLAR, JASWINDER BOPARAI, KESSAR KC, MANNA BIRRING, JEETA JHIKKA, TONY DHALIWAL, SUNNY DHALIWAL, MANJIT SIDHU, JASS/LAKHI HAYER, JAGROOP THAKKAR, HARY GALT, NONI MUHAR, AMRITPAL TIWANA, DALJIT S MANN, GURPIAR S SIDHU, RANJIT GILL, JATINDER JOHAL, JITENDER DUTT, JAY SINGH, BHANA KHAKH, SUMEL SINGH


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM




## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 38ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## 5 ਨਵੰਬਰ 2017 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ

**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂਘਰ ਦੀਆਂ ਰੌਣਕਾਂ ਵਧਾਉ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ**

### ਪ੍ਰੋਗਰਾਮ ਦਾ ਵੇਰਵਾ

### ਅਖੰਡ ਪਾਠ ਸਾਹਿਬ ਦੀ ਲੜੀ:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ **2 ਸਤੰਬਰ** ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 3 ਨਵੰਬਰ ਸ਼ੁਕਰਵਾਰ ਤੋਂ ਆਰੰਭ ਹੋ ਕੇ 5 ਨਵੰਬਰ ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਨਵੇਂ ਟਾਇਮ ਮੁਤਾਬਿਕ ਭੋਗ ਪੈਣਗੇ

### ਢਾਡੀ ਦਰਬਾਰ/ਕਥਾ ਵਿਚਾਰ/ਕੀਰਤਨ

**2 ਅਕਤੂਬਰ** ਸੋਮਵਾਰ ਤੋਂ 22 ਅਕਤੂਬਰ ਐਤਵਾਰ ਤੱਕ ਪੰਥ ਪ੍ਰਸਿੱਧ ਢਾਢੀ ਜੱਥਾ ਭਾਈ ਅਮਰਜੀਤ ਸਿੰਘ ਜੋਹਲ ਬਿੱਧੀਪੁਰ ਵਾਲੇ ਸ਼ਾਮ ਦੇ ਦੀਵਾਨਾਂ ਵਿੱਚ ਢਾਢੀ ਵਾਰਾਂ ਨਾਲ ਨਿਹਾਲ ਕਰਨਗੇ

13 **ਅਕਤੂਬਰ** ਸ਼ੁਕਰਵਾਰ ਤੋਂ 26 ਅਕਤੂਬਰ ਵੀਰਵਾਰ ਤੱਕ ਭਾਈ ਇਕਬਾਲ ਸਿੰਘ ਸਾਬਕਾ ਹੈੱਡ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ ਸ਼ਾਮ ਦੇ ਦੀਵਾਨਾਂ ਵਿੱਚ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ

**ਅਕਤੂਬਰ** 16 ਦਿਨ ਸੋਮਵਾਰ ਤੋਂ ਅਕਤੂਬਰ 22 ਦਿਨ ਐਤਵਾਰ ਤੱਕ ਭਾਈ ਮਨਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਗੁਰਦਵਾਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਵਾਲੇ ਕੀਰਤਨ ਨਾਲ ਨਿਹਾਲ ਕਰਨਗੇ

### ਵਿਸ਼ੇਸ਼ ਸਮਮਾਨ ਸਮਾਰੋਹ

ਸਵੇਰੇ 11 ਵਜੇ ਸਮੂਹ ਸਾਧ ਸੰਗਤ ਵੱਲੋਂ ਪੰਥ ਦੀ ਸਿਰਮੌਰ ਹਸਤੀ ਸ.ਦੀਦਾਰ ਸਿੰਘ ਬੈਂਸ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ ਉਪਰੰਤ ਹੋਰਨਾਂ ਪਤਵੰਤੇ ਸੱਜਣਾ ਦਾ ਵੀ ਸਨਮਾਨ ਕੀਤਾ ਜਾਵੇਗਾ

### ਬੰਦੀ ਛੋੜ ਦਿਵਸ (ਦੀਵਾਲੀ)

ਅਕਤੂਬਰ 19 ਦਿਨ ਵੀਰਵਾਰ ਨੂੰ ਸ਼ਾਮ 6:00 ਵਜੇ ਤੋਂ ਰਾਤ 10:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ

### ਵਿਸ਼ੇਸ਼ ਕਵੀ ਦਰਬਾਰ

21 ਅਕਤੂਬਰ ਦਿਨ ਸ਼ਨੀਵਾਰ ਨੂੰ ਰਾਤ 6 ਵਜੇ ਤੋਂ 10 ਵਜੇ ਵਿਸ਼ੇਸ਼ ਕਵੀ ਦਰਬਾਰ ਸਜਣਗੇ
27,28,29 ਅਕਤੂਬਰ ਸ਼ੁਕਰਵਾਰ ਤੋਂ ਐਤਵਾਰ ਤੱਕ ਗਿਆਨੀ ਕੁਲਵੰਤ ਸਿੰਘ ਜੀ ਲੁਧਿਆਣੇ ਵਾਲੇ ਕਥਾ ਕਰਨਗੇ

### ਬੱਚਿਆਂ ਦਾ ਵਿਸ਼ੇਸ ਕੀਰਤਨ ਦਰਬਾਰ:-

ਅਕਤੂਬਰ 28 ਦਿਨ ਸ਼ਨੀਵਾਰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ ਇਸ ਵਿੱਚ ਬੱਚੇ ਰਾਗਾਂ ਵਿੱਚ ਕੀਰਤਨ ਕਰਨਗੇ

### ਲੈਕਚਰ ਸ਼ੈਸ਼ਨ

ਨਵੰਬਰ 4 ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਬਾਅਦ ਦੁਪਿਹਰ 1 ਵਜੇ ਤੋਂ 4 ਵਜੇ ਤੱਕ ਲੈਕਚਰ ਸ਼ੈਸ਼ਨ ਹੋਵੇਗਾ,ਜਿਸ ਵਿੱਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਸੱਦੇ ਤੇ ਇੰਡੀਆ ਤੋਂ ਡਾ.ਹਰਸ਼ਿੰਦਰ ਕੋਰ ਅਤੇ ਇੰਗਲੈਂਡ ਤੋਂ ਪਹੁੰਚ ਰਹੇ ਡਾ.ਇਕਤਿਦਾਰ ਕਰਾਮਤ ਚੀਮਾ ਵੀ ਹਿੱਸਾ ਲੈਣਗੇ

### ਵਿਸ਼ੇਸ਼ ਢਾਢੀ ਦਰਬਾਰ-

31 ਅਕਤੂਬਰ ਦਿਨ ਮੰਗਲਵਾਰ ਨੂੰ ਰਾਤ 6 ਵਜੇ ਤੋਂ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ,ਸ਼ਹੀਦ ਭਾਈ ਸਤਵੰਤ ਸਿੰਘ,ਸ਼ਹੀਦ ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਢਾਢੀ ਦੀਵਾਨ ਸਜਣਗੇ ਜੀ.

### ਆਤਿਸ਼ਬਾਜੀ

ਨਗਰ ਕੀਰਤਨ ਦੀਆਂ ਖ਼ੁਸ਼ੀਆਂ ਵਿੱਚ 3 ਨਵੰਬਰ ਦਿਨ ਸ਼ੁਕਰਵਾਰ ਨੂੰ ਰਾਤ 8 ਵਜੇ ਆਤਿਸ਼ਬਾਜੀ ਹੋਵੇਗੀ ਜੀ.

### ਅਮ੍ਰਿਤ ਸੰਚਾਰ

4 ਨਵੰਬਰ ਦਿਨ ਸ਼ਨੀਵਾਰ ਸਵੇਰੇ 5 ਵਜੇ ਅਮ੍ਰਿਤ ਸੰਚਾਰ ਅਰੰਭ ਹੋਵੇਗਾ ਅਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਸਕਦੀਆ ਹਨ ਜੀ.

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 4 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਸਮੂਹ ਸੰਗਤ ਵੱਲੋਂ ਹੋਵੇਗੀ

### ਰੈਣ ਸਬਾਈ ਕੀਰਤਨ

4 ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵੱਜੇ ਤੱਕ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ

**ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ:-** (1) ਭਾਈ ਮਨਜੀਤ ਸਿੰਘ ਜੀ ਪਠਾਨਕੋਟ ਵਾਲੇ (2) ਭਾਈ ਹਰਚਰਨ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿਤਸਰ ਸਾਹਿਬ (3) ਭਾਈ ਮਨੋਹਰ ਸਿੰਘ ਦਿੱਲੀ ਵਾਲੇ ਹਜ਼ੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ (4) ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਢੀ ਜੱਥਾ (5) ਭਾਈ ਮਹਿਲ ਸਿੰਘ ਜੀ ਦਾ ਕਵੀਸ਼ਰੀ ਜੱਥਾ ਆਪ ਸਮੂਹ ਸਾਧ ਸੰਗਤ ਨੂੰ ਨਿਹਾਲ ਕਰਨ ਲਈ ਪਹੁੰਚ ਰਹੇ ਹਨ

***ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ,ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ ਤੇ ਹੀ ਕੀਤੀ ਜਾਵੇ ਜੀ। ਅੰਗਹੀਣ ਵਿਅਕਤੀਆਂ ਲਈ ਵਿਸ਼ੇਸ਼ ਪਾਰਕਿੰਗ ਦਾ ਪ੍ਰਬੰਧ ਹੋਵੇਗਾ। ਰਿਵਰ ਵੈਲੀ ਹਾਈ ਸਕੂਲ 801 El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ***

### ਹੋਰ ਜਾਣਕਾਰੀ ਲੈਣ ਲਈ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹੋ

- ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ:- 530-673-9918
- ਚੇਅਰਮੈਨ ਨਗਰ ਕੀਰਤਨ ਸ.ਗੁਰਨਾਮ ਸਿੰਘ ਪੰਮਾ 530-682-6444
- ਪ੍ਰਧਾਨ ਸ:ਬਲਬੀਰ ਸਿੰਘ ਸੋਹਲ 530-682-9300
- ਸੈਕਟਰੀ ਸ:ਹਰਮਨਦੀਪ ਸਿੰਘ ਸੰਧੂ 530-632-2899
- ਖਜਾਨਚੀ ਸ:ਸੁਖਵਿੰਦਰ ਸਿੰਘ 530-713-2805

ੴ ਸਤਿਗੁਰ ਪ੍ਰਸਾਦਿ ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ ॥

# Hollywood Sikh Temple

(Gurdwara Vermont)

# Celebrating 548th Parkash Utsav of Sri Guru Nanak Sahib Ji



**on Sat. Nov. 18, 2017**

**at Friendship Auditorium**

**3201 Riverside Dr.**

**Los Angeles, CA 90027**

**From 9am to 5pm**



## Bhai Inderjit Singh Ji

**Sri Darbar Sahib Wale & other**



**Hazoori Ragi Jatha Bhai Ajit Singh Ji & Bhai Manjit Singh Ji**





**5 Ragi Jathas will perform Kirtan together.**

Gurduara Jathas and Gurduara school children will perform Kirtan.

**City, State official will be honored.**

**Sikh scholars and Leader are participating.**

**Participating Gurduaras are:** Gurduara Walnut, I.I.G.S., Gurduara Buena Park, Gurduara A. V. Sikh Center Lancaster, Gurduara Riverside, Gurduara Ventura, Gurduara Sarab Sanjha Darbar (KCF), Sikh Center Of Riverside, Gurduara Mata Sahib Kaur Ji, Gurduara Nanak Sadan, Guru Ram Dass Ashram, Gurduara Valley Sikh Temple, Gurduara Lankershim & others.

**Ragi Jathas Please contact S. Santokh Singh: (310-569-9506), S. Baldev S. Johal (661-965-5937)**

**For Punjabi Bazar, contact: (Vendors Please bring Your own Canopies. Tables will be provided by us.)**

**S. Bhupinder S. Dhillon (323-514-6347),**

**S. Baljinder S. Multani (213-249-8099), S. Gurdev Singh (323-304-4871)**

**Media Co-ordinator: S. Manjinder P. Singh: 818-268-3213,**

**For Langar Seva Contact: S. Amarjeet Singh: 310-291-4835**

**Breakfast will be served by Bhai Ghanayia Ji Sewa Dal. Fresh Jalebies will be served by Baba Sweets**

**Guru Ka Langer Will be served all day. Video Photo By Manjinder Sagoo.**

**Akhand Path Sahib's Bhog will be held on Sat. 18th Nov. 2017 at Gurduara Sahib.**

**We need Volunteers and Sevadars, Please contact us.**

**We will be offering VALET PARKING at the auditorium for minimum charge.**

**SHUTTLE will be provided from our Gurduara to our Friendship auditorium back and forth from 9 to 5.30p**

***Management Committee:***

Dr. Amarjit S. Marwah (Chairman)
S. Baldev S. Johal (Pres.), S. Bhupinder S. Dhillon (V.P.), S. Santokh Singh (Gen. Secy), S. Ronak Singh (Addl. Secy), S. Baljinder S. Multani (V.P. Finance), S. Gurdev Singh (Treasure), S. Gulbagh Singh(Addl. Treasure), Manjit S. Khalil (Religious Affairs), S. Amarjit Singh (Langar Incharge), S. Harminder S. Chohan (Maintenance Incharge), Manjinder P Singh (Media Coordinator)

***Donation Committee*:**

Jawahar L. Saini, Iqbal S. Dhillon, Surinder S. Gill, Darshan Singh, Iqbal S. Samra & Brothers, Dr. Jaswant S. Dhillon, Sant Singh, Balwant Singh,Mjr Gurjit Singh, Harjinder S. Malhi, Avtar Singh, Harbhajan Singh, Manjit Singh (Pappi), Gurcharan Singh (Bali), Satnam S. Thiara, Gursharan Natt (Kaka), Manjit S. Pandher, Nirmal Sehmbi, Harbhajan S. Samra, Swarnjit S. Sahni, Gurdas S. Kehl, Sarbjit S. Sodhi, Gurdev S. Nauli, Malkit S. Sogy, Avtar S. Bhogal, Waraich Bros. Santokh S. Khinda Bros. Mohimder S. Johal, Harnek S. Thiara, Kirtan S. Khalsa, Ram Singh Jaswinder Dhaliwal, Harjinder S. Randhawa, Harnam Singh

**For all other info. please call: S. Baldev S. Johal: (661-965-5937) Manjinder P. Singh: (818-268-3213)**

## Visit Our Website: www.hollywoodsikhtemple.com

### ਰੂਸ ਦੀ ਸਰਕਾਰੀ ਸਮਾਚਾਰ ਏਜੰਸੀ 'ਤਾਸ' ਨੇ ਰੀ ਯੌਂਗ ਹੋ ਦਾ ਇਹ ਬਿਆਨ ਜਾਰੀ ਕੀਤਾ

# ਟਰੰਪ ਨੇ ਯੁੱਧ ਦੀ ਚੰਗਿਆੜੀ ਭੜਕਾਈ, ਸਾਡੀ ਫੌਜ ਉਸਨੂੰ ਸਜ਼ਾ ਦੇਣਾ ਚਾਹੁੰਦੀ ਹੈ : ਉੱਤਰ ਕੋਰੀਆ

## ਵਿਦੇਸ਼ ਮੰਤਰੀ ਰੀ ਯੌਂਗ ਹੋ ਨੇ ਕਿਹਾ, ਇਸ ਦਾ ਹੱਲ ਹੁਣ ਸਿਰਫ ਯੁੱਧ ਨਾਲ ਹੀ ਹੋ ਸਕੇਗਾ

**ਪਿਉਂਗਯਾਂਗ/ਬਿਊਰੋ ਨਿਊਜ਼ :** ਉੱਤਰ ਕੋਰੀਆ ਨੇ ਇਕ ਵਾਰ ਫਿਰ ਅਮਰੀਕਾ ਵਿਰੁੱਧ ਸਖ਼ਤ ਰਵੱਈਆ ਅਪਣਾਇਆ ਹੈ। ਵਿਦੇਸ਼ ਮੰਤਰੀ ਰੀ ਯੌਗ ਹੋ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ ਦੇ ਦੇਸ਼ ਵਿਰੁੱਧ ਯੁੱਧ ਦੀ ਚੰਗਿਆੜੀ ਭੜਕਾ ਦਿੱਤੀ ਹੈ। ਇਸ ਮਾਮਲੇ ਦਾ ਹੱਲ ਹੁਣ ਯੁੱਧ ਨਾਲ ਹੀ ਨਿਕਲੇਗਾ, ਗੱਲਾਂ ਨਾਲ ਨਹੀਂ। ਸਾਡੇ ਦੇਸ਼ ਦੀ ਫ਼ੌਜ ਲੜਾਕੂ ਅਮਰੀਕਾ ਨੂੰ ਸਜ਼ਾ ਦੇਣਾ ਚਾਹੁੰਦੀ ਹੈ। ਇਸ ਦੀ ਸ਼ੁਰੂਆਤ ਟਰੰਪ ਨੇ ਯੂ.ਐਨ. ਮਹਾਂਸਭਾ 'ਚ ਆਪਣੇ ਪਾਗਲ ਅਤੇ ਲੜਾਕੂ ਭਾਸ਼ਣ ਨਾਲ ਕਰ ਦਿੱਤੀ ਸੀ। ਯੂ.ਐਨ. 'ਤੇ ਨਿਸ਼ਾਨਾ ਲਗਾਉਂਦਿਆਂ ਉਨ੍ਹਾਂ ਕਿਹਾ ਕਿ ਜੇ ਉਸ ਨੂੰ ਦੁਨੀਆ ਦੇ ਸਾਹਮਣੇ ਆਪਣਾ ਅਕਸ ਬਣਾਏ ਰੱਖਣਾ ਹੈ ਤਾਂ ਉਸ ਨੂੰ ਇਸ ਮਾਮਲੇ 'ਚ ਗੰਭੀਰਤਾ ਵਿਖਾਉਣੀ ਪਵੇਗੀ। ਯੂ.ਐਨ. ਉਸ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕਰਨਾ ਬੰਦ ਕਰ ਦੇਵੇ। ਉੱਤਰ ਕੋਰੀਆ ਦੇ ਵਿਦੇਸ਼ ਮੰਤਰੀ ਰੀ ਯੌਂਗ ਹੋ ਦਾ ਇਹ ਬਿਆਨ ਰੂਸ ਦੀ ਸਰਕਾਰੀ ਸਮਾਚਾਰ ਏਜੰਸੀ 'ਤਾਸ' ਨੇ ਜਾਰੀ ਕੀਤਾ ਹੈ। ਇਸ ਤੋਂ ਇਲਾਵਾ ਰੀ ਯੌਗ ਨੇ ਆਪਣੇ ਦੇਸ਼ ਦੇ ਪ੍ਰਮਾਣੂ ਹਥਿਆਰਾਂ ਨੂੰ 'ਨਿਆਂ ਦੀ ਤਲਵਾਰ' ਦੱਸਿਆ। ਨਾਲ ਹੀ ਕਿਹਾ ਕਿ ਉੱਤਰ ਕੋਰੀਆ ਕੋਲ ਇੰਨੀ ਪ੍ਰਮਾਣੂ ਸਮਰੱਥਾ ਹੈ ਕਿ ਉਹ ਅਮਰੀਕਾ ਤੋਂ ਆਪਣੀ ਰੱਖਿਆ ਕਰ ਸਕੇ।



**ਅਮਰੀਕੀ ਜਹਾਜ਼ਾਂ ਨੇ ਉੱਤਰ ਕੋਰੀਆ ਦੇ ਉੱਪਰੋਂ ਉਡਾਣ ਭਰੀ ਸੀ :** ਮੰਗਲਵਾਰ ਦੇਰ ਰਾਤ ਅਮਰੀਕੀ ਹਵਾਈ ਫ਼ੌਜ ਦੇ ਲੜਾਕੂ ਜਹਾਜ਼ਾਂ ਨੇ ਉੱਤਰ ਕੋਰੀਆ ਦੇ ਉੱਪਰੋਂ ਉਡਾਣ ਭਰੀ ਸੀ। ਲੜਾਕੂ ਜਹਾਜ਼ ਜਦੋਂ ਉਡਾਣ ਭਰ ਰਹੇ ਸਨ, ਉਸ ਸਮੇਂ ਰਾਸ਼ਟਰਪਤੀ ਟਰੰਪ ਉੱਤਰ ਕੋਰੀਆ ਦੇ ਮੁੱਦੇ 'ਤੇ ਰੱਖਿਆ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੇ ਸਨ।

## ਉੱਤਰ ਕੋਰੀਆ ਬਾਰੇ ਕੁੱਝ ਤਾਂ ਕੀਤਾ ਜਾਣਾ ਚਾਹੀਦਾ ਹੈ : ਟਰੰਪ

*ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉੱਤਰ ਕੋਰੀਆ ਸਮੱਸਿਆ ਅਜਿਹੀ ਸਥਿਤੀ 'ਚ ਪਹੁੰਚ ਗਈ ਹੈ, ਜਿੱਥੇ ਕੁੱਝ ਤਾਂ ਕੀਤਾ ਜਾਣਾ ਚਾਹੀਦਾ ਹੈ। ਟਰੰਪ ਬੁੱਧਵਾਰ ਨੂੰ ਆਪਣੇ ਓਵਲ ਦਫ਼ਤਰ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਪ੍ਰੈੱਸ ਕਾਨਫਰੰਸ ਕਰ ਰਹੇ ਸਨ। ਟਰੰਪ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ ਮੇਰਾ ਨਜ਼ਰੀਆ ਕੁੱਝ ਵੱਖ ਹੈ। ਮੈਨੂੰ ਲੱਗਦਾ ਹੈ ਕਿ ਮੈਂ ਬਾਕੀਆਂ ਨਾਲੋਂ ਜ਼ਿਆਦਾ ਸਖ਼ਤਾਈ ਤੋਂ ਸੋਚਦਾ ਹੈ, ਪਰ ਮੈਂ ਸੁਣਦਾ ਸਾਰਿਆਂ ਦੀ ਹਾਂ। ਆਖਰਕਾਰ ਮੈਂ ਉਹੀ ਕਰਾਂਗਾ, ਜੋ ਅਮਰੀਕਾ ਲਈ ਸਹੀ ਹੋਵੇਗਾ, ਕਿਉਂਕਿ ਇਹ ਪੂਰੇ ਵਿਸ਼ਵ ਦੀ ਸਮੱਸਿਆ ਹੈ। ਇਹ ਸਮੱਸਿਆ ਕਈ ਸਾਲ ਪਹਿਲਾਂ ਹੀ ਸੁਲਝ ਜਾਣੀ ਚਾਹੀਦੀ ਸੀ। ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ ਨੂੰ ਇਸ 'ਤੇ ਧਿਆਨ ਦੇਣਾ ਚਾਹੀਦਾ ਸੀ।*

**ਉੱਤਰ ਕੋਰੀਆ 8 ਮਹੀਨੇ 'ਚ 22 ਮਿਜ਼ਾਈਲਾਂ ਦਾ ਪ੍ਰੀਖਣ ਕਰ ਚੁੱਕਾ ਹੈ**

ਉੱਤਰ ਕੋਰੀਆ ਇਸ ਸਾਲ ਫਰਵਰੀ ਤੋਂ ਹੁਣ ਤਕ 15 ਪ੍ਰੀਖਣ ਕਰ ਚੁੱਕਾ ਹੈ। ਇਸ 'ਚ 22 ਮਿਜ਼ਾਈਲਾਂ ਸ਼ਾਮਲ ਹਨ। ਉਹ ਦੋ ਮਿਜ਼ਾਈਲਾਂ ਜਾਪਾਨ ਦੇ ਉੱਪਰੋਂ ਛੱਡ ਚੁੱਕਾ ਹੈ। ਕਈ ਦੇਸ਼ਾਂ ਦੇ ਵਿਰੋਧ ਦੇ ਬਾਵਜੂਦ ਉਹ ਲਗਾਤਾਰ ਪ੍ਰਖਣ ਕਰ ਚੁੱਕਾ ਹੈ।

# ਕੈਲੀਫੋਰਨੀਆ ਦੇ ਜੰਗਲਾਂ 'ਚ ਲੱਗੀ ਅੱਗ ਕਾਰਨ ਹੁਣ ਤੱਕ 40 ਮੌਤਾਂ

## 75,000 ਲੋਕ ਹਾਲੇ ਵੀ ਪ੍ਰਭਾਵਤ ਇਲਾਕਿਆਂ 'ਚ ਫਸੇ

**ਸੈਨ ਫਰਾਂਸਿਸਕੋ/ਬਿਊਰੋ ਨਿਊਜ਼ :** ਕੈਲੀਫੋਰਨੀਆ ਦੇ ਜੰਗਲਾਂ ਵਿਚ ਭੜਕੀ ਅੱਗ ਨਾਲ ਮੌਤਾਂ ਦੀ ਗਿਣਤੀ ਵੱਧ ਕੇ 40 ਪਹੁੰਚ ਗਈ ਹੈ। ਸੂਬੇ ਦੇ ਇਤਿਹਾਸ ਦੀ ਹੁਣ ਤਕ ਇਹ ਸਭ ਤੋਂ ਭਿਆਨਕ ਅੱਗ ਮੰਨੀ ਜਾ ਰਹੀ ਹੈ। ਐਤਵਾਰ ਤੋਂ ਸ਼ੁਰੂ ਹੋਈ ਅੱਗ ਫੈਲ ਗਈ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਤੇ ਇਕ ਲੱਖ 90 ਹਜ਼ਾਰ ਤੋਂ ਵੱਧ ਏਕੜ ਰਕਬਾ ਸੜ ਗਿਆ। ਲਾਸ਼ਾਂ ਲੱਭਣ ਲਈ ਪੁਲੀਸ ਨੇ ਖੋਜੀ ਕੁੱਤਿਆਂ ਦੀਆਂ ਸੇਵਾਵਾਂ ਲਈਆਂ ਹਨ। ਕਰੀਬ 400 ਵਿਅਕਤੀਆਂ ਦੇ ਲਾਪਤਾ ਹੋਣ ਦੀਆਂ ਰਿਪੋਰਟਾਂ ਹਨ। ਤੇਜ਼ ਹਵਾਵਾਂ ਕਾਰਨ ਅੱਗ ਹੋਰ ਭੜਕ ਗਈ ਅਤੇ ਕਰੀਬ ਅੱਠ ਹਜ਼ਾਰ ਅੱਗ ਬੁਝਾਊ ਕਰਮੀਆਂ ਦੀਆਂ ਕੋਸ਼ਿਸ਼ਾਂ ਨੂੰ ਢਾਹ ਲੱਗੀ।
ਕੈਲੀਫੋਰਨੀਆ ਦੇ ਫਾਇਰ ਬ੍ਰਿਗੇਡ ਵਿਭਾਗ ਨੇ ਦੱਸਿਆ ਕਿ 75,000 ਲੋਕ ਅਜੇ ਵੀ ਪ੍ਰਭਾਵਿਤ ਇਲਾਕਿਆਂ ਵਿਚੋਂ ਕੱਢਣੇ ਬਾਕੀ ਹਨ। ਫਾਇਰ ਬ੍ਰਿਗੇਡ ਦੇ ਕਰਮਚਾਰੀ ਅੱਗ 'ਤੇ ਕਾਬੂ ਪਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੇ ਹਨ। ਉਹ ਬੀਤੇ ਹਫ਼ਤੇ ਤੋਂ ਸਖਤ ਮਿਹਨਤ ਕਰ ਰਹੇ ਹਨ। ਅੱਗ ਨੇ ਹੁਣ ਤੱਕ 88,000 ਹੈਕਟੇਅਰ ਦਾ ਇਲਾਕਾ ਤਬਾਹ ਕਰ ਦਿੱਤਾ ਹੈ ਤੇ ਹਜ਼ਾਰਾਂ ਭਵਨਾਂ ਨੂੰ ਰਾਖ ਵਿਚ ਤਬਦੀਲ ਕਰ ਦਿੱਤਾ ਹੈ। ਇਸ ਅੱਗ ਨਾਲ ਸਭ ਤੋਂ ਜ਼ਿਆਦਾ ਸੋਨੋਮਾ ਕਾਉਂਟੀ ਇਲਾਕਾ ਪ੍ਰਭਾਵਿਤ ਹੋਇਆ ਹੈ। ਇਥੇ 22 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਇਥੋਂ ਦੇ ਦਰਜਨਾਂ ਵਾਈਨਯਾਰਡਸ, ਸ਼ਰਾਬ ਬਣਾਉਣ ਵਾਲੇ ਕਾਰਖਾਨੇ ਤੇ ਹੋਟਲ ਤਬਾਹ ਹੋ ਚੁੱਕੇ ਹਨ। ਅੱਗ ਕਾਰਨ ਮੇਂਡੋਸਿਨੋ ਕਾਉਂਟੀ ਵਿਚ 8, ਨਾਪਾ ਕਾਉਂਟੀ ਵਿਚ 6 ਤੇ ਯੂਬਾ ਵਿਚ 4 ਲੋਕ ਮਾਰੇ ਗਏ ਹਨ।
ਕੈਲੇਫੋਰਨੀਆ ਦੇ ਜੰਗਲਾਤ ਵਿਭਾਗ ਦੇ ਡਾਇਰੈਕਟਰ ਨੇ ਕਿਹਾ ਕਿ ਇਸ ਇਲਾਕੇ ਵਿੱਚ ਪੰਜ ਸਾਲ ਤੋਂ ਸੋਕਾ ਪੈ ਰਿਹਾ ਹੈ। ਪਿਮਲੌਂਟ ਨੇ ਕਿਹਾ ਕਿ ਵਿਭਾਗ ਵੱਲੋਂ ਅਜਿਹੀ ਬਨਸਪਤੀ ਦੀ ਛਾਂਟੀਕੀਤੀ ਜਾ ਰਹੀ ਹੈ, ਜੋ ਤੇਜ਼ੀ ਨਾਲ ਅੱਗ ਫੜਦੀ ਹੈ। ਉਨ੍ਹਾਂ ਕਿਹਾ ਕਿ ਮੌਤਾਂ ਦੀ ਗਿਣਤੀ ਵਧਣਦੀ ਸੰਭਾਵਨਾ ਹੈ ਕਿਉਂਕਿ ਇਹ ਅੱਗ ਪਹਿਲੀਆਂ ਅੱਗਾਂ ਨਾਲੋਂ ਵੱਧ ਭਿਆਨਕ ਹੈ। ਸੋਨੋਮਾ ਕਾਉਂਟੀ ਦੇ 1.75 ਲੱਖ ਆਬਾਦੀਵਾਲੇ ਸ਼ਹਿਰਸੈਂਟਾ ਰੋਜ਼ਾ ਦਾ ਸਮੁੱਚਾ ਨੇੜਲਾ ਇਲਾਕਾ ਸੁਆਹ ਵਿੱਚ ਤਬਦੀਲ ਹੋ ਗਿਆ। ਇਕੱਲੀ ਸੋਨੋਮਾ ਕਾਉਂਟੀ ਵਿੱਚ ਹਜ਼ਾਰਾਂ ਲੋਕ ਬੇਘਰ ਹੋ ਗਏ ਅਤੇ 25 ਹਜ਼ਾਰ ਤੋਂ ਜ਼ਿਆਦਾ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਸੋਨੋਮਾ ਤੇ ਨਾਪਾ ਕਾਉਂਟੀਆਂ ਵਿੱਚ ਕਈ ਵਾਈਨ ਕਾਰਖਾਨਿਆਂ ਸਣੇ 3500 ਘਰ ਤੇ ਵਪਾਰਕ ਅਦਾਰੇ ਤਬਾਹ ਹੋ ਗਏ। ਸੋਨੋਮਾ ਵਿੱਚ ਛੇ ਸੌ ਲੋਕਾਂ ਦੇ ਲਾਪਤਾ ਹੋਣ ਦੀ ਰਿਪੋਰਟ ਸੀ ਪਰ ਸ਼ੈਰਿਫ਼ ਰੋਬਰਟ ਗਿਓਰਡਾਨੋ ਮੁਤਾਬਕ ਇਨ੍ਹਾਂ ਵਿੱਚੋਂ ਅੱਧਿਆਂ ਨੂੰ ਲੱਭ ਲਿਆ ਗਿਆ।




## ਫਿਲਪੀਨਜ਼ ਨੇੜੇ ਤੂਫਾਨ ਦੀ ਲਪੇਟ 'ਚ ਸਮੁੰਦਰੀ ਜਹਾਜ਼ ਡੁੱਬਿਆ; 11 ਭਾਰਤੀ ਲਾਪਤਾ

**ਟੋਕੀਓ/ਬਿਊਰੋ ਨਿਊਜ਼ :** ਫਿਲਪੀਨਜ਼ ਨੇੜੇ ਤੂਫਾਨ ਦੀ ਲਪੇਟ ਵਿੱਚ ਆ ਕੇ ਇੱਕ ਮਾਲਵਾਹਕ ਸਮੁੰਦਰੀ ਜਹਾਜ਼ ਪ੍ਰਸ਼ਾਂਤ ਮਹਾਸਾਗਰ ਵਿੱਚ ਡੁੱਬ ਗਿਆ। ਇਸ ਜਹਾਜ਼ ਦੇ ਅਮਲੇ ਦੇ 11 ਭਾਰਤੀ ਮੈਂਬਰ ਲਾਪਤਾ ਹਨ। ਇਹ ਜਾਣਕਾਰੀ ਜਾਪਾਨੀ ਤੱਟ ਰੱਖਿਅਕਾਂ ਵੱਲੋਂ ਦਿੱਤੀ ਗਈ ਹੈ। ਜਾਪਾਨੀ ਤੱਟ ਰੱਖਿਅਕਾਂ ਦੇ ਬੁਲਾਰੇ ਨੇ ਦੱਸਿਆ ਕਿ ਹੌਂਗ ਕੌਂਗ ਦੇ ਐਮਰਲਡ ਸਟਾਰ ਨਾਮੀਂ ਇਸ ਜਹਾਜ਼ ਵਿੱਚ 26 ਭਾਰਤੀ ਸਵਾਰ ਸਨ ਤੇ ਇਸ ਜਹਾਜ਼ ਨੇ ਫਿਪਲਪੀਨਜ਼ ਦੇ ਉੱਤਰੀ ਸਿਰੇ ਤੋਂ ਚੜ੍ਹਦੇ ਵੱਲ 280 ਕਿਲੋਮੀਟਰ ਦੂਰੋਂ ਖ਼ਤਰੇ ਦਾ ਸਿਗਨਲ ਭੇਜਿਆ, ਜਿਹੜਾ ਜਾਪਾਨੀ ਤੱਟ ਰੱਖਿਅਕਾਂ ਨੂੰ ਮਿਲਿਆ। ਇਸ ਜਹਾਜ਼ ਨੇੜਲੇ ਤਿੰਨ ਹੋਰ ਜਹਾਜ਼ਾਂ ਦੇ ਅਮਲੇ ਵੱਲੋਂ 15 ਮੈਂਬਰਾਂ ਨੂੰ ਬਚਾਅ ਲਿਆ ਗਿਆ ਪਰ ਜਹਾਜ਼ ਡੁੱਬ ਗਿਆ ਤੇ ਅਮਲੇ ਦੇ 11 ਮੈਂਬਰ ਲਾਪਤਾ ਹਨ। ਉਨ੍ਹਾਂ ਕਿਹਾ ਕਿ ਬਚਾਅ ਕਾਰਜਾਂ ਲਈ 2 ਕਿਸ਼ਤੀਆਂ ਤੇ ਤਿੰਨ ਹਵਾਈ ਜਹਾਜ਼ ਘੱਲੇ ਗਏ ਹਨ ਪਰ ਤੂਫਾਨ ਕਾਰਨ ਬਚਾਅ ਕਾਰਜਾਂ ਵਿੱਚ ਦਿੱਕਤ ਆ ਰਹੀ ਹੈ।



# ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਨਿੱਕੀ ਉਮਰੇ ਵੱਡੀਆਂ ਪ੍ਰਾਪਤੀਆਂ ਕੀਤੀਆਂ : ਸ. ਅਜਮੇਰ ਸਿੰਘ





**ਯੂਨੀਅਨ ਸਿਟੀ/ਬਲਿਵੰਦਰਪਾਲ ਸਿੰਘ ਖਾਲਸਾ :** ਤੂਫਾਨਾਂ ਦੇ ਸ਼ਾਹ ਅਸਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਵੱਖਰੀ ਸ਼ਖਸ਼ੀਅਤ ਉਤੇ ਬਹੁਤ ਗੰਭੀਰ ਵਿਚਾਰ ਗੋਸ਼ਟੀ-ਸੈਮੀਨਾਰ ਦਾ ਪ੍ਰਬੰਧ ਯੂਨੀਅਨ ਸਿਟੀ ਦੇ ਕਰਾਊਨ ਪਲਾਜ਼ਾ ਹੋਟਲ ਵਿਚ ਕੀਤਾ ਗਿਆ, ਜਿਸ ਨੂੰ ਸੁਣਨ/ਵੇਖਣ ਲਈ ਸਿੱਖ ਸੰਗਤਾਂ-ਸਰੋਤਿਆਂ ਵਿਚ ਬਹੁਤ ਦਿਲਚਸਪੀ ਰਹੀ। ਇਹ ਦਿਲਚਸਪੀ ਸਿੱਖ ਇਤਿਹਾਸ 'ਤੇ ਚੰਗੀ ਪਕੜ ਰੱਖਣ ਵਾਲੇ ਸਿੱਖ ਚਿੰਤਕ ਸਰਦਾਰ ਅਜਮੇਰ ਸਿੰਘ ਦੀ ਚੁੰਬਕੀ ਸ਼ਖਸ਼ੀਅਤ ਕਰਕੇ ਵੀ ਸੀ। ਭਰੇ ਹੋਏ ਹਾਲ ਵਿਚ ਸ੍ਰ. ਅਜਮੇਰ ਸਿੰਘ ਨੇ ਸ਼ਹੀਦ ਭਾਈ ਸਰਾਭੇ ਬਾਰੇ ਆਪਣੇ ਵਿਚਾਰ ਰੱਖੇ।

ਤੂਫਾਨਾਂ ਦੇ ਸ਼ਾਹ ਅਸਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ, ਕਰਮ ਤੇ ਸ਼ਹਾਦਤ ਬਾਰੇ ਬੋਲਦਿਆਂ ਉਨ੍ਹਾਂ ਉਸ ਦੀ ਨਿੱਕੀ ਉਮਰ 'ਤੇ ਵੱਡੀ ਪ੍ਰਾਪਤੀ ਬਾਰੇ ਕਈ ਮਹੱਤਵਪੂਰਨ ਪੱਖ ਛੋਹੇ। ਉਨ੍ਹਾਂ ਕਿਹਾ ਕਿ 24 ਮਈ, 1896 ਵਿਚ ਲੁਧਿਆਣੇ ਦੇ ਸਰਾਭਾ ਵਿਚ ਪੈਦਾ ਹੋਏ ਸਰਾਭਾ ਨੇ ਉੜੀਸਾ ਦੇ ਰੇਵਨੇਸ਼ਾ ਦੇ ਕਾਲਜੀਏਟ ਸਕੂਲ ਵਿਚੋਂ 1912 ਵਿਚ ਦਸਵੀਂ ਵੀ ਪਾਸ ਕਰ ਲਈ ਸੀ। ਉਚੀ ਪੜ੍ਹਾਈ ਲਈ ਉਹ ਹਾਂਗਕਾਂਗ ਰਾਹੀਂ 28 ਜੁਲਾਈ, 1912 ਨੂੰ ਅਮਰੀਕਾ ਦੇ ਸਾਨ ਫਰਾਂਸਿਸਕੋ ਸ਼ਹਿਰ ਪਹੁੰਚਿਆ, ਜਿੱਥੇ ਅਮਰੀਕੀ ਇਮੀਗਰੇਸ਼ਨ ਨੇ ਉਸ ਦੀ ਚੰਗੀ ਤਰ੍ਹਾਂ ਪੁੱਛ-ਗਿੱਛ ਕੀਤੀ। ਪਰ ਉਹ ਕਦੇ ਵੀ ਬਰਕਲੇ ਦੀ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿਚ ਦਾਖ਼ਲ ਨਹੀਂ ਹੋਇਆ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗ਼ਦਰ ਲਹਿਰ ਵਿਚ ਸ਼ਾਮਲ ਹੋ ਗਿਆ। ਗ਼ਦਰ ਲਹਿਰ ਦਾ ਪ੍ਰਚਾਰ ਵੀ ਕੀਤਾ, ਯੋਲੋ ਕਾਓਂਟੀ ਵਿਚ ਕੰਮ ਕਾਜ ਵੀ ਕੀਤਾ, ਹਵਾਈ ਜਹਾਜ਼ ਚਲਾਉਣਾ ਵੀ ਸਿੱਖਿਆ ਪਰ ਪਹਿਲੀ ਸੰਸਾਰ ਜੰਗ ਕਰਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗ਼ਦਰੀਆਂ ਨਾਲ 1914 ਵਿਚ ਭਾਰਤ ਰਵਾਨਾ ਹੋ ਗਿਆ ਤੇ ਸ਼੍ਰੀ ਲੰਕਾ ਰਾਹੀਂ ਭਾਰਤ ਦਾਖ਼ਲ ਹੋਏ, ਜਿਸ ਦਾ ਅੰਗਰੇਜ਼ ਸੂਹੀਆਂ ਨੂੰ ਪਤਾ ਨਾ ਲੱਗਾ। ਸ. ਅਜਮੇਰ ਸਿੰਘ ਨੇ ਦੱਸਿਆ ਕਿ ਗ਼ਦਰ ਲਹਿਰ ਨਾਲ ਰਹਿੰਦਿਆਂ ਦੇਸ਼ ਆਜ਼ਾਦ ਕਰਾਉਣ ਲਈ ਬਗ਼ਾਵਤ ਕਰਨ ਦੀ ਪੂਰੀ ਤਿਆਰੀ ਕੀਤੀ। ਪਰ ਗ਼ੱਦਾਰਾਂ ਕਰਕੇ ਇਹ ਗ਼ਦਰ ਲਹਿਰ ਅਸਫਲ ਹੋ ਗਈ। ਬਹੁਤੇ ਗ਼ਦਰੀ ਫੜੇ ਗਏ, ਉਮਰ ਕੈਦਾਂ ਹੋਈਆਂ, ਫਾਂਸੀਆਂ ਹੋਈਆਂ ਤੇ ਇੰਜ ਸਰਾਭੇ ਦੀ ਗ੍ਰਿਫਤਾਰੀ, ਮੁਕੱਦਮੇ ਤੇ ਅੰਤ 16 ਨਵੰਬਰ, 1915 ਨੂੰ ਆਪਣੇ 6 ਹੋਰ ਸਾਥੀਆਂ ਨਾਲ ਸੈਂਟਰਲ ਜੇਲ੍ਹ ਲਾਹੌਰ ਵਿਚ 19 ਕੁ ਸਾਲ ਦੀ ਛੋਟੀ ਉਮਰ ਵਿਚ ਫਾਂਸੀ ਚੜ੍ਹ ਕੇ ਭਾਰਤ ਦੀ ਆਜ਼ਾਦੀ ਲਈ ਸ਼ਹੀਦੀ ਪਾਈ। ਸ. ਅਜਮੇਰ ਸਿੰਘ ਨੇ ਕਿਹਾ ਕਿ ਭਾਰਤ, ਖਾਸ ਕਰਕੇ ਪੰਜਾਬ ਵਿਚਲੇ ਖੱਬੇ ਪੱਖੀ ਲੇਖਕਾਂ ਨੇ ਆਪਣੇ ਸਿੱਖ ਵਿਰੋਧੀ ਸੁਭਾਅ ਤੇ ਤੁਅਸਬਾਂ ਕਰਕੇ ਕਰਤਾਰ ਸਰਾਭਾ ਦਾ ਇਤਿਹਾਸਕ ਬਿਰਤਾਂਤ ਲਿਖਣ ਵੇਲੇ ਜਾਣ ਬੁੱਝ ਕੇ ਉਸ ਦੇ ਸਿੱਖ ਚਰਿੱਤਰ ਨੂੰ ਪਾਸੇ ਕੀਤਾ ਹੈ ਤੇ ਲੁਕਾਇਆ ਹੈ। ਤੇ ਭਾਰਤ ਦੇ ਰਾਸ਼ਟਰਵਾਦੀ ਚੌਖਟੇ ਵਿਚ ਰੱਖ ਕੇ ਗ਼ਲਤ ਤੱਥ ਲਿਖੇ ਹਨ, ਜਿਸ ਤੋਂ ਸਾਵਧਾਨ ਹੋਣ ਦੀ ਲੋੜ ਹੈ। ਸੁਆਲ ਜਵਾਬ ਵੀ ਹੋਏ ਜੋ ਬਹੁਤ ਦਿਲਚਸਪ ਸਨ। ਉਨ੍ਹਾਂ ਤੋਂ ਪਹਿਲਾਂ ਖਾਲਸਾ ਰਾਜ ਉਤੇ ਬਣੀ ਕਾਮਯਾਬ ਫਿਲਮ, 'ਦ ਬਲੈਕ ਪ੍ਰਿੰਸ' ਦੇ ਨਿਰਦੇਸ਼ਕ ਕਵੀ ਰਾਜ਼ ਨੇ ਵੀ ਆਪਣੇ ਵਿਚਾਰ ਰੱਖੇ ਤੇ ਫ਼ਿਲਮ ਬਲੈਕ ਪ੍ਰਿੰਸ ਦੇ ਤਜਰਬੇ ਸਾਂਝੇ ਕੀਤੇ। ਸਰੋਤਿਆਂ ਦੇ ਸੁਆਲਾਂ ਦੇ ਜਵਾਬ ਵੀ ਦਿੱਤੇ। ਕਵੀ ਰਾਜ਼ ਨੇ ਭਾਈ ਅਜਮੇਰ ਸਿੰਘ ਨੂੰ ਤੇ ਭਾਈ ਅਜਮੇਰ ਸਿੰਘ ਨੇ ਕਵੀ ਰਾਜ਼ ਨੂੰ ਯਾਦਗਾਰੀ ਪਲੇਟ ਨਾਲ ਸਨਮਾਨਿਤ ਕੀਤਾ। ਕਰਤਾਰ ਸਿੰਘ ਸਰਾਭਾ ਬਾਰੇ ਸ੍ਰ. ਅਜਮੇਰ ਸਿੰਘ ਦੀ ਨਵੀਂ ਕਿਤਾਬ, 'ਤੂਫਾਨਾਂ ਦਾ ਸ਼ਾਹ ਅਸਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ' ਵੀ ਸਰੋਤਿਆਂ ਨੇ ਬੜੇ ਚਾਅ ਤੇ ਖੁਸ਼ੀ ਨਾਲ ਖਰੀਦੀ। ਸਟੇਜ ਦੀ ਕਾਰਵਾਈ ਭਾਈ ਦਰਸ਼ਨ ਸਿੰਘ ਨੇ ਨਿਭਾਈ। ਚਾਹ ਪਾਣੀ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਫਰੀਮੌਂਟ ਵੱਲੋਂ ਕੀਤਾ ਗਿਆ।

# "ਭਾਰਤ ਦੀ ਆਜ਼ਾਦੀ ਅਤੇ ਸਿੱਖ ਪ੍ਰਭੂਸਤਾ" ਬਾਰੇ ਸਿੱਖ ਚਿੰਤਕ ਸ. ਅਜਮੇਰ ਸਿੰਘ ਦਾ ਬਰਕਲੀ ਯੂਨੀਵਰਸਿਟੀ 'ਚ ਰੂਬਰੂ ਪ੍ਰੋਗਰਾਮ 21 ਅਕਤੂਬਰ ਸ਼ਨਿਚਰਵਾਰ ਨੂੰ

**ਫਰੀਮੌਂਟ/ਬਿਊਰੋ ਨਿਊਜ਼:** ਉੱਘੇ ਸਿੱਖ ਚਿੰਤਕ ਸ. ਅਮਜੇਰ ਸਿੰਘ, ਜਿਹੜੇ ਇਨ੍ਹੀਂ ਦਿਨੀਂ ਉੱਤਰੀ ਅਮਰੀਕਾ ਦੇ ਦੌਰੇ ਉੱਤੇ ਹਨ, ਅਪਣੇ ਰੂਬਰੂ ਪ੍ਰੋਗਰਾਮ ਅਧੀਨ 21 ਅਕਤੂਬਰ ਨੂੰ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਬਰਕਲੀ ਵਿਖੇ "ਭਾਰਤ ਦੀ ਆਜ਼ਾਦੀ ਅਤੇ ਸਿੱਖ ਪ੍ਰਭੂਸਤਾ" ਦੇ ਵਿਸ਼ੇ ਉੱਤੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਨਗੇ।




ਸਮਾਜ ਸੇਵੀ ਜਥੇਬੰਦੀ ਤੇਰਾ ਮਾਣੁ ਤਾਣੁ ਪ੍ਰਭ ਤੇਰਾ ਅਤੇ ਸਿੱਖ ਸਟੂਡੈਂਟਸ ਐਸੋਸੀਏਸ਼ਨ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਬਰਕਲੀ ਦੇ ਸਾਂਝੇ ਉੱਦਮ ਸਦਕਾ ਇਹ ਪ੍ਰੋਗਰਾਮ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 1:00 ਵਜੇ ਤੋਂ ਸ਼ਾਮੀਂ 4:00 ਵਜੇ ਤੱਕ University of California Berkeley Heart Field Annex Room A 1 , 2545-2581 Bancroft Way Berkeley CA 947904 ਵਿਖੇ ਹੋਵੇਗਾ। ਹੋਰ ਜਾਣਕਾਰੀ ਲਈ ਚਾਹਵਾਨ ਸੱਜਣ ਤੇਜਿੰਦਰ ਸਿੰਘ (916) 529-7877, ਡਾ. ਹਰਿੰਦਰ ਸਿੰਘ (916) 412-7983, ਹਰਸ਼ਦੀਪ ਸਿੰਘ (510) 598-9265 ਜਾਂ ਕਰਨਦੇਵ ਸਿੰਘ (530) 848-0386 ਨਾਲ ਫੋਨ, ਟੈਕਸਟ ਮੈਸੇਜ ਜਾਂ ਵੱਟਸਐਪ ਰਾਹੀਂ ਸੰਪਰਕ ਕਰ ਸਕਦੇ।

**ਸ. ਅਜਮੇਰ ਸਿੰਘ ਦਾ ਅਗਲੇ ਦਿਨਾਂ ਦਾ ਪ੍ਰੋਗਰਾਮ ਇਸ ਤਰ੍ਹਾਂ ਹੈ:**

22 ਅਕਤੂਬਰ ਐਤਵਾਰ ਸਵੇਰੇ 11:00 ਵਜੇ ਗੁਰਦੁਆਰਾ ਸਾਹਿਬ ਟਰਲਕ
ਫੋਨ ਸੰਪਰਕ: 209-513-0508

22 ਅਕਤੂਬਰ ਐਤਵਾਰ ਬਾਅਦ ਦੁਪਹਿਰ 12:30 ਵਜੇ ਗੁਰਦੁਆਰਾ ਸਾਹਿਬ ਸਟਾਕਟਨ
ਫੋਨ ਸੰਪਰਕ: 209-487-3699

ਵਰਨਣਯੋਗ ਹੈ ਕਿ ਸ. ਅਜਮੇਰ ਸਿੰਘ ਕੈਲੀਫੋਰਨੀਆਂ 'ਚ ਨੌਜਵਾਨ ਗਦਰੀ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਬਾਰੇ ਅਪਣੀ ਨਵੀਂ ਕਿਤਾਬ ਦੇ ਸਬੰਧ 'ਚ "ਕੈਲੀਫੋਰਨੀਆ ਤੋਂ ਪੰਜਾਬ : ਕਰਤਾਰ ਸਿੰਘ ਸਰਾਭਾ ਦਾ ਆਜ਼ਾਦੀ ਲਈ ਸਫ਼ਰ" ਬਾਰੇ ਰੂਬਰੂ ਪ੍ਰੋਗਰਾਮ ਕਰ ਰਹੇ ਹਨ। ਉਹ ਵੱਖ ਵੱਖ ਥਾਈਂ ਸੰਗਤਾਂ ਅਤੇ ਅਪਣੇ ਪਾਠਕਾਂ ਨਾਲ ਸਿੱਖੀ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਵੀ ਵਿਚਾਰ ਵਟਾਂਦਰਾ ਕਰ ਰਹੇ ਹਨ।

Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।

2161 SQ Feet home Natomas Sacramento
3 BR 2.5 bath with loft available for $389,000

Kulwinder Kaur K.D.
Cell 916-212-0123
e-mail kdkaur9@yahoo.com

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com

## ਟਾਈਮ ਮੈਗਜ਼ੀਨ ਨੇ ਗੁਰਮਿਹਰ ਕੌਰ ਨੂੰ ਨੈਕਸਟ ਜੈਨਰੇਸ਼ਨ ਲੀਡਰ ਵਜੋਂ ਚੁਣਿਆ

**ਜਲੰਧਰ/ਬਿਊਰੋ ਨਿਊਜ਼** :ਦਿੱਲੀ ਯੂਨੀਵਰਸਿਟੀ ਦੀ ਬਹੁ-ਚਰਚਿਤ ਵਿਦਿਆਰਥਣ ਗੁਰਮਿਹਰ ਕੌਰ ਨੂੰ ਟਾਈਮ ਮੈਗਜ਼ੀਨ ਨੇ ਨੈਕਸਟ ਜੈਨਰੇਸ਼ਨ ਲੀਡਰਾਂ ਵਿੱਚ ਚੁਣਿਆ ਹੈ। ਮੈਗਜ਼ੀਨ ਨੇ ਦੁਨੀਆਂ ਵਿੱਚ 10 ਅਜਿਹੇ ਨੌਜਵਾਨਾਂ ਦੀ ਚੋਣ ਕੀਤੀ ਹੈ ਜਿਸ ਵਿਚ ਭਾਰਤ ਵਿੱਚੋਂ ਇਕੱਲੀ ਗੁਰਮਿਹਰ



ਕੌਰ ਚੁਣੀ ਗਈ ਹੈ, ਜਿਸ ਨੇ ਬੋਲਣ ਦੀ ਆਜ਼ਾਦੀ ਦੇ ਮੁੱਦੇ ਨੂੰ ਦੇਸ਼ ਭਰ ਵਿਚ ਉਠਾਇਆ ਸੀ। ਜਲੰਧਰ ਦੇ ਅਰਬਨ ਅਸਟੇਟ ਵਿੱਚ ਰਹਿਣ ਵਾਲੀ ਗੁਰਮਿਹਰ ਕੌਰ ਨੇ ਟਾਈਮ ਮੈਗਜ਼ੀਨ ਵੱਲੋਂ ਕੀਤੀ ਗਈ ਚੋਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਸ ਨੂੰ ਆਪਣੇ ਦੇਸ਼ ਦੇ ਲੋਕਾਂ ਨੇ ਤਾਂ ਮਾਣ ਬਖਸ਼ਿਆ ਨਹੀਂ ਪਰ ਬਾਹਰਲਿਆਂ ਨੇ ਉਸ ਨੂੰ ਪੂਰਾ ਆਦਰ ਸਤਿਕਾਰ ਦਿੱਤਾ ਹੈ।

ਕਾਰਗਿਲ ਦੇ ਸ਼ਹੀਦ ਕੈਪਟਨ ਦੀ ਧੀ ਗੁਰਮਿਹਰ ਕੌਰ ਨੇ ਕਿਹਾ ਕਿ ਇਸ ਚੋਣ ਨੇ ਉਸ ਵਿਚ ਨਵੀਂ ਊਰਜਾ ਭਰ ਦਿੱਤੀ ਹੈ। ਉਹ ਤਾਂ ਇਕ ਆਮ ਕਾਲਜ ਦੀ ਵਿਦਿਆਰਥਣ ਵਾਂਗ ਆਪਣਾ ਜੀਵਨ ਜਿਊਣਾ ਚਾਹੁੰਦੀ ਹੈ। ਜਦੋਂ ਵੀ ਉਸ ਦਾ ਜੀਵਨ ਆਮ ਵਰਗਾ ਹੁੰਦਾ ਹੈ ਤਾਂ ਕੋਈ ਨਾ ਕੋਈ ਅਜਿਹਾ ਵਾਪਰ ਜਾਂਦਾ ਹੈ ਜਿਸ ਨਾਲ ਉਹ ਮੁੜ ਸੁਰਖੀਆਂ ਵਿੱਚ ਆ ਜਾਂਦੀ ਹੈ। ਜ਼ਿਕਰਯੋਗ ਹੈ ਕਿ ਗੁਰਮਿਹਰ ਨੇ ਆਰਐੱਸਐੱਸ ਦੀ ਵਿਦਿਆਰਥੀ ਜਥੇਬੰਦੀ ਏਬੀਵੀਪੀ ਵੱਲੋਂ ਦਿੱਤੀਆਂ ਗਈਆਂ ਧਮਕੀਆਂ ਦਾ ਦਲੇਰੀ ਨਾਲ ਮੁਕਾਬਲਾ ਕੀਤਾ ਸੀ। ਗੁਰਮਿਹਰ ਨੇ ਕਿਹਾ ਕਿ ਟਾਈਮ ਮੈਗਜ਼ੀਨ ਨੇ ਉਸ ਨੂੰ ਕੌਮਾਂਤਰੀ ਪਛਾਣ ਦਿੱਤੀ ਹੈ ਤੇ ਉਸ ਨੂੰ ਇਹ ਵੀ ਮਹਿਸੂਸ ਕਰਾਇਆ ਹੈ ਕਿ ਆਪਣੇ ਦੇਸ਼ ਨੇ ਤਾਂ ਉਸ ਨੂੰ ਸਮਝਿਆ ਨਹੀਂ ਪਰ ਦੂਜਿਆਂ ਨੇ ਉਸ ਨੂੰ ਬਾਖੂਬੀ ਪਛਾਣ ਲਿਆ ਹੈ। ਗੁਰਮਿਹਰ ਨੇ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਕੀਤਾ ਜਿਹੜੇ ਦੁੱਖ ਦੀ ਘੜੀ ਵਿੱਚ ਉਸ ਦੇ ਨਾਲ ਖੜ੍ਹੇ ਰਹੇ ਤੇ ਖਾਸ ਕਰਕੇ ਆਪਣੀ ਮਾਂ ਦਾ ਧੰਨਵਾਦ ਕੀਤਾ ਕਿ ਉਹ ਸੰਕਟ ਦੀ ਇਸ ਘੜੀ ਵਿੱਚ ਉਸ ਨਾਲ ਖੜ੍ਹੀ ਰਹੀ। ਜੈਪੁਰ ਵਿੱਚ ਜਨਵਰੀ ਵਿਚ ਹੋਣ ਵਾਲੇ ਸਾਹਿਤਕ ਸੰਮੇਲਨ ਦੌਰਾਨ ਉਸ ਦੀ ਇਕ ਕਿਤਾਬ 'ਸਮਾਲ ਐਕਟਸ ਆਫ ਫਰੀਡਮ' ਰਿਲੀਜ਼ ਹੋਣੀ ਹੈ। ਸੋਸ਼ਲ ਮੀਡੀਆ 'ਤੇ ਉਸ ਵੱਲੋਂ ਪਾਈ ਗਈ ਤਾਜ਼ਾ ਪੋਸਟ ਵਿਚ ਉਸ ਨੇ ਲਿਖਿਆ ਹੈ ਕਿ ਟਾਈਮ ਮੈਗਜ਼ੀਨ ਵੱਲੋਂ ਦਿੱਤੇ ਗਏ ਇਸ ਮਾਣ 'ਤੇ ਉਹ ਬੜੀ ਸਹਿਜ ਮਹਿਸੂਸ ਕਰ ਰਹੀ ਹੈ।

## ਜਯੇਸ਼ ਸ਼ਾਹ ਖ਼ਿਲਾਫ਼ ਜੇ ਪੁਖ਼ਤਾ ਸਬੂਤ ਹੋਏ ਤਾਂ ਹੋ ਸਕਦੀ ਹੈ ਜਾਂਚ : ਆਰਐਸਐਸ

**ਭੁਪਾਲ/ਬਿਊਰੋ ਨਿਊਜ਼** : ਆਰਐਸਐਸ ਨੇ ਕਿਹਾ ਹੈ ਕਿ ਜੇਕਰ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਪੁੱਤਰ ਜਯੇਸ਼ ਸ਼ਾਹ ਖ਼ਿਲਾਫ਼ ਪੁਖ਼ਤਾ ਸਬੂਤ ਹਨ ਤਾਂ ਉਨ੍ਹਾਂ ਦੀ ਜਾਂਚ ਕਰਵਾਈ ਜਾ ਸਕਦੀ ਹੈ। ਆਰਐਸਐਸ ਦੇ ਸੀਨੀਅਰ ਅਹੁਦੇਦਾਰ ਦੱਤਾਤ੍ਰੇਅ ਹੋਸਬੋਲੇ ਨੇ ਇਥੇ ਕਿਹਾ, "ਲੋੜੀਂਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਫਿਰ ਉਸ ਮੁਤਾਬਕ ਕਾਰਵਾਈ ਕੀਤੀ ਜਾ ਸਕਦੀ ਹੈ।" ਆਰਐਸਐਸ ਆਗੂ ਨੇ ਕਿਹਾ ਕਿ ਜਿਹੜੇ ਲੋਕ ਜਯੇਸ਼ ਖ਼ਿਲਾਫ਼ ਦੋਸ ਮੜ੍ਹ ਰਹੇ ਹਨ, ਉਨ੍ਹਾਂ ਨੂੰ ਪਹਿਲਾਂ ਇਹ ਸਾਬਤ ਕਰਨੇ ਚਾਹੀਦੇ ਹਨ। ਯਸ਼ਵੰਤ ਸਿਨਹਾ ਵੱਲੋਂ ਦਿੱਤੇ ਗਏ ਬਿਆਨ ਬਾਰੇ ਸ੍ਰੀ ਹੋਸਬੋਲੇ ਨੇ ਕਿਹਾ ਕਿ ਉਹ ਭਾਜਪਾ ਵਿਚ ਹਨ ਅਤੇ ਉਨ੍ਹਾਂ ਨੂੰ ਮੁੱਦੇ ਪਾਰਟੀ ਵਿਚ ਵਿਚਾਰਨੇ ਚਾਹੀਦੇ ਹਨ।



ਉਧਰ ਕਾਂਗਰਸ ਨੇ ਮੰਗ ਕੀਤੀ ਹੈ ਕਿ ਜਯੇਸ਼ ਸ਼ਾਹ ਮਾਮਲੇ ਦੀ ਸੀਬੀਆਈ ਤੋਂ ਜਾਂਚ ਕਰਵਾਈ ਜਾਵੇ। ਕਾਂਗਰਸ ਤਰਜਮਾਨ ਪ੍ਰਿਅੰਕਾ ਚਤੁਰਵੇਦੀ ਨੇ ਕਿਹਾ, "ਮੈਨੂੰ ਹੈਰਾਨੀ ਹੈ ਕਿ ਪ੍ਰਧਾਨ ਮੰਤਰੀ ਕਾਰੋਬਾਰ ਲਈ ਅਜਿਹੇ ਢੰਗ ਨਾਲ 15 ਕਰੋੜ ਰੁਪਏ ਲੈਣ ਦੇ ਮਾਡਲ ਬਾਰੇ ਕੋਈ ਚਾਨਣਾ ਪਾ ਸਕਣਗੇ।" ਉਸ ਨੇ ਦੋਸ਼ ਲਾਇਆ ਕਿ ਵਿਰੋਧੀ ਧਿਰ ਨੂੰ ਖਾਮੋਸ਼ ਕਰਨ ਲਈ ਸੀਬੀਆਈ, ਆਮਦਨ ਕਰ ਵਿਭਾਗ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਹਿੱਤਾਂ ਦੇ ਟਕਰਾਅ ਦਾ ਮਾਮਲਾ ਹੈ ਪਰ ਵਧੀਕ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਜਯੇਸ਼ ਸ਼ਾਹ ਦਾ ਪੱਖ ਪੇਸ਼ ਕਰ ਰਹੇ ਹਨ।

### ਮੇਰੇ ਪੁੱਤ ਦੀ ਕੰਪਨੀ ਦਾ ਭ੍ਰਿਸ਼ਟਾਚਾਰ 'ਚ ਕੋਈ ਹੱਥ ਨਹੀਂ : ਅਮਿਤ ਸ਼ਾਹ

**ਅਹਿਮਦਾਬਾਦ/ਬਿਊਰੋ ਨਿਊਜ਼** : ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪੁੱਤ ਜਯ ਸ਼ਾਹ ਦੀ ਕੰਪਨੀ ਦਾ ਭ੍ਰਿਸ਼ਟਾਚਾਰ ਨਾਲ ਸਬੰਧ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹ ਪਿਛਲੇ ਦਿਨੀਂ ਨਿਊਜ਼ ਪੋਰਟਲ 'ਦਿ ਵਾਇਰ' ਦੇ ਲੇਖ ਬਾਰੇ ਗੱਲ ਕਰ ਰਹੇ ਸਨ। ਲੇਖ ਵਿੱਚ ਕਿਹਾ ਗਿਆ ਸੀ ਕਿ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਜਯ ਸ਼ਾਹ ਦੀ ਕੰਪਨੀ ਦੀ ਕਮਾਈ ਛੜੱਪੇ ਮਾਰ ਕੇ ਵਧੀ ਹੈ। ਇੱਕ ਨਿਊਜ਼ ਚੈਨਲ ਵੱਲੋਂ ਕਰਵਾਏ ਪ੍ਰੋਗਰਾਮ ਵਿੱਚ ਉਨ੍ਹਾਂ ਨੇ ਕਾਂਗਰਸ 'ਤੇ ਵੀ ਤਿੱਖੇ ਹਮਲੇ ਕੀਤੇ। ਕਾਂਗਰਸ ਵੱਲੋਂ ਇਸ ਲੇਖ ਦੇ ਆਧਾਰ 'ਤੇ ਅਮਿਤ ਸ਼ਾਹ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਭਾਜਪਾ ਦੇ ਕੌਮੀ ਪ੍ਰਧਾਨ ਨੇ ਕਿਹਾ ਕਿ ਕਾਂਗਰਸ 'ਤੇ ਭ੍ਰਿਸ਼ਟਾਚਾਰ ਦੇ ਕਿੰਨੇ ਹੀ ਦੋਸ਼ ਲੱਗੇ ਪਰ ਕੀ ਇੱਕ ਵਾਰ ਵੀ ਉਸ ਨੇ ਮਾਣਹਾਨੀ ਦਾ ਕੇਸ ਦਾਇਰ ਕੀਤਾ। ਕਾਂਗਰਸ ਵਿੱਚ ਕੇਸ ਕਰਨ ਦੀ ਹਿੰਮਤ ਕਿਉਂ ਨਹੀਂ ਹੈ। ਜਯ ਨੇ ਇਸ ਸਬੰਧੀ ਮਾਣਹਾਨੀ ਦਾ ਕੇਸ ਦਾਇਰ ਕਰ ਦਿੱਤਾ ਹੈ ਤੇ ਕੋਰਟ ਤੱਕ ਪਹੁੰਚ ਕਰ ਕੇ ਜਾਂਚ ਦੀ ਹੀ ਮੰਗ ਕੀਤੀ ਹੈ।

## ਗੁਰਮੀਤ ਪਿੰਕੀ ਸਮੇਤ 3 ਪੁਲੀਸ ਮੁਲਾਜ਼ਮਾਂ ਦੇ ਬਹਾਦਰੀ ਮੈਡਲ ਵਾਪਸ ਲਏ

**ਨਵੀਂ ਦਿੱਲੀ/ਬਿਊਰੋ ਨਿਊਜ਼** :

ਕੇਂਦਰੀ ਗ੍ਰਹਿ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਭ੍ਰਿਸ਼ਟਾਚਾਰ ਤੇ ਕਈ ਹੋਰਨਾਂ ਕੇਸਾਂ ਵਿੱਚ ਸ਼ਮੂਲੀਅਤ ਕਾਰਨ ਪੰਜਾਬ ਪੁਲੀਸ ਦੇ ਸਬ ਇੰਸਪੈਕਟਰ ਗੁਰਮੀਤ ਪਿੰਕੀ ਸਮੇਤ 3 ਪੁਲੀਸ ਮੁਲਾਜ਼ਮਾਂ ਦੇ ਬਹਾਦਰੀ ਮੈਡਲ ਵਾਪਸ ਲੈ ਲਏ ਗਏ ਹਨ। ਇਨ੍ਹਾਂ ਮੁਲਾਜ਼ਮਾਂ ਵਿੱਚ ਮੱਧ ਪ੍ਰਦੇਸ਼ ਦੇ ਏਸੀਪੀ ਧਰਮਿੰਦਰ ਚੌਧਰੀ ਅਤੇ ਝਾਰਖੰਡ ਦੇ ਸਬ ਇੰਸਪੈਕਟਰ ਲਲਿਤ ਕੁਮਾਰ ਵੀ ਸ਼ਾਮਲ ਹਨ।



ਚੌਧਰੀ ਦਾ ਬਹਾਦਰੀ ਮੈਡਲ ਸਤੰਬਰ ਵਿੱਚ ਵਾਪਸ ਲਿਆ ਗਿਆ ਹੈ ਜਦਕਿ ਪਿੰਕੀ ਤੇ ਲਲਿਤ ਕੁਮਾਰ ਦੇ ਤਗ਼ਮੇ ਕ੍ਰਮਵਾਰ ਮਈ ਤੇ ਜੂਨ ਵਿੱਚ ਵਾਪਸ ਲੈ ਲਏ ਗਏ ਸਨ।

ਗੁਰਮੀਤ ਪਿੰਕੀ ਨੂੰ ਇਹ ਮੈਡਲ ਨੌਕਰੀ ਦੌਰਾਨ ਉਸ ਵੱਲੋਂ ਦਿਖਾਈ ਦਲੇਰੀ ਲਈ ਸੰਨ 1997 ਵਿੱਚ ਉਸ ਵੇਲੇ ਦੀ ਪੰਜਾਬ ਸਰਕਾਰ ਦੇ ਪ੍ਰਸਤਾਵ 'ਤੇ ਦਿੱਤਾ ਗਿਆ ਸੀ। ਸੰਨ 2006 ਵਿੱਚ ਉਹ ਇੱਕ ਕਤਲ ਕੇਸ ਵਿੱਚ ਦੋਸ਼ੀ ਸਿੱਧ ਹੋ ਗਿਆ ਤੇ ਉਸ ਨੂੰ ਉਮਰ ਕੈਦ ਹੋ ਗਈ। ਬਾਅਦ ਵਿੱਚ ਉਸ ਨੂੰ ਬਰਤਰਫ਼ ਕਰ ਦਿੱਤਾ ਗਿਆ ਸੀ। ਹਾਲਾਂਕਿ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਸ ਸਬੰਧੀ ਜਾਣਕਾਰੀ ਜੁਲਾਈ 2015 ਵਿੱਚ ਮਿਲੀ ਤੇ ਮਾਮਲਾ ਪੰਜਾਬ ਸਰਕਾਰ ਕੋਲ ਉਠਾਇਆ ਗਿਆ। ਸੂਬਾ ਸਰਕਾਰ ਨੇ ਸਜ਼ਾ ਹੋਣ ਦੀ ਪੁਸ਼ਟੀ ਕਰਦਿਆਂ ਮੈਡਲ ਵਾਪਸ ਲਏ ਜਾਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਸਲਾਹ ਦਿੱਤੀ ਸੀ। ਖੁਫੀਆ ਏਜੰਸੀਆਂ ਦੀ ਰਿਪੋਰਟ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਮੈਡਲ ਵਾਪਸ ਲੈਣ ਦਾ ਪ੍ਰਸਤਾਵ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਕੋਲ ਭੇਜਿਆ, ਜਿਨ੍ਹਾਂ ਨੇ ਇਸ ਨੂੰ ਹਰੀ ਝੰਡੀ ਦੇ ਦਿੱਤੀ। ਧਰਮਿੰਦਰ ਚੌਧਰੀ ਦਾ ਮੈਡਲ ਝੂਠੇ ਪੁਲੀਸ ਮੁਕਾਬਲੇ ਅਤੇ ਲਲਿਤ ਕੁਮਾਰ ਦਾ ਮੈਡਲ ਭ੍ਰਿਸ਼ਟਾਚਾਰ ਦੇ ਕੇਸ ਕਰ ਕੇ ਵਾਪਸ ਲਿਆ ਗਿਆ ਹੈ।











ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.



**ਸੈਂਟਾ ਰੋਜ਼ਾ :** ਸੈਂਟਾ ਰੋਜ਼ਾ ਵਿਖੇ ਬੇ-ਏਰੀਆ ਤੇ ਵੈਲੀ ਦੇ ਸਮੂਹ ਗੁਰਦੁਆਰਾ ਸਾਹਿਬਾਨ, ਪੰਥਕ ਜਥੇਬੰਦੀਆਂ ਤੇ ਖੇਡ ਕਲੱਬਾਂ ਵਲੋਂ ਸਾਂਝੇ ਤੌਰ 'ਤੇ ਕੁਦਰਤੀ ਆਫ਼ਤ ਦੇ ਪੀੜਤ ਲੋਕਾਂ ਦੀ ਮਦਦ ਕੀਤੀ ਗਈ। ਉਨ੍ਹਾਂ ਵਲੋਂ ਪੀੜਤ ਲੋਕਾਂ ਲਈ ਲੰਗਰ ਲਾਇਆ ਗਿਆ। ਇਸ ਉੱਦਮ ਵਿਚ ਸੰਗਤ ਨੇ ਵੀ ਭਰਪੂਰ ਸਹਿਯੋਗ ਦਿੱਤਾ।

## ਸੈਨ ਬਰਡੀਨੋ 'ਚ ਅਮਰਜੀਤ ਸਿੰਘ ਦੇ ਸਿਰਫਿਰੇ ਕਾਤਲ ਨੂੰ 93 ਸਾਲਾਂ ਦੀ ਕੈਦ

**ਲਾਸ ਏਂਜਲਸ/ਬਿਊਰੋ ਨਿਊਜ਼:** ਜੁਲਾਈ 2010 ਵਿੱਚ ਸੈਨ ਬਰਨੀਡੋ ਸ਼ਹਿਰ ਦੀ ਮਾਰਕੀਟ ਵਿੱਚ ਸਿੱਖ ਵਿਅਕਤੀ ਅਮਰਜੀਤ ਸਿੰਘ ਦੀ ਗੋਲੀਆਂ ਮਾਰ ਕੇ ਹਤਿਆ ਕਰਨ ਵਾਲੇ ਸਿਰਫਿਰੇ ਜੂਨੀਅਰ ਟਡੇਜਾ ਨੂੰ 93 ਸਾਲ ਕੈਦ ਦੀ ਸਜ਼ਾ ਦਿੱਤੀ ਗਈ ਹੈ। ਸੈਨ ਬਰਡੀਨੋ ਕਾਉਂਟੀ ਦੇ ਜਿਲ੍ਹਾ ਅਟਾਰਨੀ ਦਫ਼ਤਰ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਕਾਤਲ ਜੇਲ੍ਹ ਦੀਆਂ ਸੀਖਾਂ ਪਿਛੇ ਅਪਣੀ ਸਾਰੀ ਉਮਰ ਗੁਜ਼ਾਰੇਗਾ। ਅਪਣੇ ਆਪ ਨੂੰ "ਸਰਕਾਰ ਵਲੋਂ ਸਾਜ਼ਿਸ਼ ਅਧੀਨ ਦਿਮਾਗ਼ ਖਰਾਬ ਕੀਤੇ" ਹੋਣ ਦਾ ਸ਼ਿਕਾਰ ਦੱਸਣ ਵਾਲਾ ਹਤਿਆਰਾ ਨਵੰਬਰ 2010 ਵਿੱਚ ਬੈਸਟ ਮਾਰਕੀਟ, 818 ਨਾਰਥ ਵਰਨਨ ਐਵੇਨਿਊ ਦੇ ਸਟੋਰ ਉੱਤੇ ਪੁਜਿਆ ਅਤੇ ਉੱਥੇ ਕੰਮ ਕਰਦੇ 45 ਸਾਲਾ ਅਮਰਜੀਤ ਸਿੰਘ ਦੇ ਮੱਥੇ ਉੱਤੇ ਰਿਵਾਲਵਰ ਤਾਣ ਕੇ ਰਜਿਸਟਰ ਖੋਲ੍ਹਣ ਲਈ ਕਿਹਾ। ਇਸਤੋਂ ਪਹਿਲਾਂ ਕਿ ਅਮਰਜੀਤ ਸਿੰਘ ਉਸਦੀ ਗੱਲ ਉੱਤੇ ਅਮਲ ਕਰਦਾ ਉਹ ਗੋਲੀ ਮਾਰ ਕੇ ਫਰਾਰ ਹੋ ਗਿਆ ਤੇ ਪੁਲੀਸ ਦੇ ਹੱਥ ਨਹੀਂ ਆਇਆ।



ਇਹੋ ਹਤਿਆਰਾ ਇੱਕ ਸਾਲ ਬਾਅਦ ਜਦੋਂ ਉਸੇ ਮਾਰਕੀਟ ਵਿੱਚ ਲੁੱਟ ਖੋਹ ਕਰਨ ਆਇਆ ਤਾਂ ਪੁਲੀਸ ਦੇ ਕਾਬੂ ਆ ਗਿਆ। ਉਸਨੇ ਵਕੀਲ ਕਰਨ ਦੀ ਥਾਂ ਅਪਣਾ ਕੇਸ ਆਪ ਹੀ ਲੜਿਆ ਸੀ।

## ਨੈਸ਼ਨਲ ਸਿੱਖ ਕੈਂਪੇਨ : 9.2 ਕਰੋੜ ਲੋਕਾਂ ਨੇ ਕੀਤੇ ਦਸਤਖ਼ਤ

**ਇੰਡੀਆਨਾਪੋਲਿਸ/ਬਿਊਰੋ ਨਿਊਜ਼ :** ਨੈਸ਼ਨਲ ਸਿੱਖ ਕੈਂਪੇਨ ਵੱਲੋਂ ਸਿੱਖ ਧਰਮ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਹੁਣ ਤਕ 9.2 ਕਰੋੜ ਤੋਂ ਵੱਧ ਲੋਕਾਂ ਨੇ ਅਮਰੀਕਾ ਵਿਚ ਦਸਤਖ਼ਤ ਕੀਤੇ ਹਨ। ਕੌਮੀ ਅਤੇ ਖੇਤਰੀ ਟੈਲੀਵਿਜ਼ਨ ਵਿਚ ਇਸ਼ਤਿਹਾਰਾਂ, ਸਮਾਜਿਕ ਪ੍ਰੋਗਰਾਮਾਂ ਰਾਹੀਂ ਲੋਕਾਂ ਤਕ ਪਹੁੰਚ ਕਰਕੇ ਉਨ੍ਹਾਂ ਨੂੰ ਸਿੱਖ ਧਰਮ ਖਾਸ ਕਰਕੇ ਦਸਤਾਰ ਬਾਰੇ ਜਾਣਕਾਰੀ ਦਿੱਤੀ ਗਈ। ਮੁਹਿੰਮ ਦੇ ਸਹਿ ਬਾਨੀ ਅਤੇ ਸੀਨੀਅਰ ਸਲਾਹਕਾਰ ਡਾਕਟਰ ਰਾਜਵੰਤ ਸਿੰਘ ਨੇ ਕਿਹਾ ਕਿ ਸੀਮਤ ਫੰਡਾਂ ਨਾਲ ਏਕਤਾ ਦਾ ਸੁਨੇਹਾ ਫੈਲਾਉਣ ਵਿਚ ਉਹ ਕਾਮਯਾਬ ਰਹੇ। ਇਹ ਮੁਹਿੰਮ ਅਪ੍ਰੈਲ ਵਿਚ ਆਰੰਭੀ ਗਈ ਸੀ।

### ਅਪਣੇ ਆਖ਼ਰੀ ਬਾਦਸ਼ਾਹ ਨੂੰ ਯਾਦ ਕਰਦਿਆਂ

## ਸਿੱਖ ਰਾਜ ਦੀ ਬਹਾਲੀ ਲਈ ਜੂਝਣ ਵਾਲਾ ਮਹਾਰਾਜਾ ਦਲੀਪ ਸਿੰਘ

ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ 16-17 ਭਾਦੋਂ ਨੂੰ ਦਰਬਾਰ ਸਾਹਿਬ ਉਸਦੇ ਅਗਲੇ ਹਫ਼ਤੇ ਆਉਣ ਵਾਲੇ ਆਖਰੀ ਪੁੱਤ ਦੀ ਅਰਦਾਸ ਕਰਾਉਣ ਜਾਂਦੇ ਅਤੇ 23 ਭਾਦੋਂ 1895 ਬਿਕਰਮੀ (6 ਸਤੰਬਰ 1838) ਨੂੰ ਦਾਸੀ ਮੰਗਲਾ ਦੌੜੀ ਆਉਂਦੀ ਦਰਬਾਨ ਨੂੰ ਮਹਾਰਾਜਾ ਨੂੰ ਖੁਸ਼ ਖ਼ਬਰੀ ਦੇਣ ਲਈ ਫੁੱਲੀ ਨਹੀਂ ਸਮਾਉਂਦੀ। ਮਹਾਰਾਜਾ ਰਣਜੀਤ ਸਿੰਘ ਨੂੰ ਨਵੇਂ ਜੰਮੇ ਮੁੰਡੇ ਦੀ ਖ਼ਬਰ ਦਰਬਾਰ ਲਾਈ ਬੈਠੇ ਨੂੰ ਮਿਲਦੀ ਹੈ ਅਤੇ ਉਹ ਜਸ਼ਨਾਂ ਦਾ ਪ੍ਰਬੰਧ ਕਰਨ ਦੇ ਹੁਕਮ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਕੀਰਤਨ ਦਰਬਾਰ ਲਗਦੇ ਹਨ ਅਤੇ ਫਿਰ ਸ਼ਾਮ ਨੂੰ ਜਸ਼ਨ ਵੀ ਮਨਾਏ ਜਾਂਦੇ ਹਨ।



ਗੁਰੂ ਗ੍ਰੰਥ ਸਾਹਿਬ ਵਿਚੋਂ 'ਦ' ਸ਼ਬਦ ਨਿਕਲਦਾ ਹੈ ਅਤੇ ਨਵੇਂ ਜੰਮੇ ਰਾਜਕੁਮਾਰ ਦਾ ਨਾਮ ਦਲੀਪ ਸਿੰਘ ਰੱਖਿਆ ਜਾਂਦਾ ਹੈ। ਮਹਾਰਾਣੀ ਜਿੰਦਾ ਦਾ ਇਹ ਇਕੋ ਇਕ ਪੁੱਤਰ ਹੈ। ਦਸ ਮਹੀਨੇ ਪਿਛੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਇਸ ਬੱਚੇ ਦੀ ਜ਼ਿੰਦਗੀ ਵਿਚ ਹਨੇਰੀਆਂ, ਝੱਖੜ, ਦੁਸ਼ਵਾਰੀਆਂ, ਬਦਨਾਮੀ ਅਤੇ ਜ਼ਲਾਲਤਾਂ ਹੀ ਪੱਲੇ ਪੈਂਦੀਆਂ ਹਨ। ਇਸ ਦੀ ਕਹਾਣੀ ਸਿੱਖਾਂ ਦੇ ਖੁੱਸੇ ਰਾਜ ਦੀ ਦਾਸਤਾਨ ਹੈ ਅਤੇ ਨਿੱਜੀ ਤੌਰ ਤੇ ਇਕ ਗੁਆਚੇ ਹੋਏ ਮਨੁੱਖਾਂ ਦੀ ਜਦੋਂ ਜਹਿਦ ਹੈ।

ਭਾਵੇਂ ਉਹ ਪੰਜ ਸਾਲ ਦੀ ਉਮਰ ਵਿਚ ਸਿੱਖਾਂ ਦਾ ਬਾਦਸ਼ਾਹ ਬਣ ਜਾਂਦਾ ਹੈ ਪਰ ਉਸਦੀ ਜ਼ਿੰਦਗੀ ਵਿਚ ਬਹੁਤ ਘੱਟ ਮੌਕਿਆਂ ਨੂੰ ਛੱਡ ਕੇ ਉਸਦੀ ਮਰਜ਼ੀ ਮੁਤਾਬਕ ਕੁਝ ਵੀ ਨਹੀਂ ਵਾਪਰਿਆ। ਜੇ ਉਸਦੀ ਮਰਜ਼ੀ ਮੁਤਾਬਕ ਵਾਪਰਣ ਵਾਲੀਆਂ ਘਟਨਾਵਾਂ ਦੇਖੀਆਂ ਜਾਣ ਤਾਂ ਉਸਦੇ ਵਿਆਹ ਅਤੇ ਅੰਮ੍ਰਿਤ ਛੱਕਣ ਤੋਂ ਬਿਨਾਂ ਉਹ ਇਕ ਵੱਡੀ ਜੰਗ ਦਾ ਮੋਹਰਾ ਹੀ ਬਣਿਆ ਹੈ ਅਤੇ ਆਪਣੇ ਪੁੱਤ ਤੋਂ ਲੈ ਕੇ ਬਗਾਨਿਆਂ ਤੱਕ ਧੋਖੇ ਦਾ ਹੀ ਸ਼ਿਕਾਰ ਰਿਹਾ ਹੈ।

ਸਿੱਖ ਰਾਜ ਦਾ ਇਸ ਆਖ਼ਰੀ ਬਾਦਸ਼ਾਹ ਦੇ ਅਪਣੀ ਸਾਰੀ ਜ਼ਿੰਦਗੀ ਦਾ ਪੈਂਡਾ ਤਹਿ ਕਰਦੇ ਹੋਏ ਤੇ ਆਪਣਾ ਰਾਜ ਵਾਪਸ ਲੈਣ ਦੀ ਕੋਸ਼ਿਸ ਕਰਨ ਦੇ ਆਖਰੀ ਪੜਾਅ ਵੇਲੇ ਹੋਣੀ ਨੂੰ ਕੁਝ ਹੋਰ ਵੀ ਮਨਜ਼ੂਰ ਸੀ। ਜੁਲਾਈ 1890 ਨੂੰ ਅਚਾਨਕ ਹੀ ਅਧਰੰਗ ਦਾ ਅਟੈਕ ਹੁੰਦਾ ਹੈ। ਬੜੀ ਮੁਸ਼ਕਲ ਨਾਲ ਡਿੱਕੇ-ਡੋਲੇ ਖਾਂਦਾ ਬੱਘੀ ਕੋਲ ਪਹੁੰਚਦਾ ਹੈ ਤੇ ਡਾਕਟਰ ਕੋਲ ਲੈ ਕੇ ਜਾਣ ਨੂੰ ਕਹਿੰਦਾ ਹੈ। ਪਹਿਲੇ ਡਾਕਟਰ ਦਾ ਦਰਵਾਜਾ ਬੰਦ ਹੈ ਅਤੇ ਦੂਜਾ ਮਿਲਦਾ ਹੈ ਪਰ ਉਸ ਤੋਂ ਬਾਅਦ ਉਹ ਸਦਾ ਲਈ ਮੰਜੇ ਨਾਲ ਹੀ ਚਿੰਬੜ ਜਾਂਦਾ ਹੈ। ਦਿਨਾਂ ਵਿਚ ਹੀ ਅੰਗਰੇਜ਼ੀ ਸ਼ਾਮਰਾਜ ਉਹਦੇ ਵੱਲੋਂ ਇੰਗਲੈਂਡ ਦੀ ਰਾਣੀ ਤੋਂ ਮੁਆਫ਼ੀ ਮੰਗਣ ਦੀ ਚਾਲ ਖੇਡਦਾ ਹੈ ਜਿਸ ਵਿਚ ਮੋਹਰੀ ਰੋਲ ਉਸਦਾ ਅਪਣਾ ਹੀ ਪੁੱਤਰ ਵਿਕਟਰ ਨਿਭਾਉਦਾ ਹੈ। ਅੱਜ ਕੱਲ੍ਹ ਦੇ ਦਿਨਾਂ (ਅਕਤੂਬਰ ਮਹੀਨੇ) ਵਿਚ ਹੀ ਇਕ ਪੈਰਿਸ ਦੇ ਛੋਟੇ ਜਿਹੇ ਹੋਟਲ ਵਿਚ ਗਰੀਬੀ ਦੀ ਹਾਲਤ ਤੋਂ ਪ੍ਰੇਸ਼ਾਨ ਆਪਣਿਆਂ ਤੋਂ ਅਣਗੌਲਿਆ ਦੇਸ਼ ਤੋਂ ਹਜ਼ਾਰਾਂ ਮੀਲ ਦੂਰ, ਸੁੰਨ-ਸਾਨ ਕਮਰੇ ਵਿਚ ਇਕੱਲਾ 22 ਅਕਤੂਬਰ 1893 ਨੂੰ ਇਸ ਫਾਨੀ ਸੰਸਾਰ ਤੋਂ ਕੂਚ ਕਰ ਜਾਂਦੈ। ਚਾਂਦੀ ਦੇ ਚਮਚਿਆਂ ਨਾਲ ਜੰਮਣ ਵਾਲਾ ਲਕੜੀ ਦੇ ਬਕਸੇ ਵਿਚ ਦਬਿਆ ਜਾਂਦੈ।

ਮਹਾਰਾਜਾ ਦਲੀਪ ਸਿੰਘ ਦੀ ਜੀਵਨ ਕਹਾਣੀ ਅਤੇ ਆਜ਼ਾਦ ਸਿੱਖ ਰਾਜ ਦੀ ਬਹਾਲੀ ਦੇ ਉਸਦੇ ਆਖ਼ਰੀ ਸੁਪਨੇ (ਨਿਸ਼ਾਨੇ) ਨੂੰ ਬੜੇ ਮਾਰਮਿਕ ਅਤੇ ਖ਼ੂਬਸੂਰਤ ਲਹਿਜ਼ੇ ਵਿੱਚ ਬਾਖ਼ੂਬੀ ਪੇਸ਼ ਕਰਦੀ ਦ ਬਲੈਕ ਪ੍ਰਿੰਸ ਨੂੰ ਵਿਸ਼ਵ ਭਰ ਵਿੱਚ ਸਿੱਖਾਂ ਅਤੇ ਹੋਰਨਾਂ ਲੋਕਾਂ ਵਲੋਂ ਮਿਲਿਆ ਲਾਮਿਸਾਲ ਹੁੰਗਾਰਾ ਅਤੇ ਫਿਲਮ ਬਣਾਉਣ ਵਾਲੀ ਟੀਮ ਨੂੰ ਮਿਲੀ ਸ਼ਾਬਾਸ਼ ਇਹ ਗੱਲ ਦੀ ਗਵਾਹੀ ਹੈ ਕਿ ਸਿੱਖ ਰਾਜ ਦਾ ਆਖ਼ਰੀ ਬਾਦਸ਼ਾਹ ਅਤੇ ਉਸਦਾ ਸੁਪਨਾ ਸਿੱਖਾਂ ਦੇ ਧੁਰ ਦਿਲਾਂ ਵਿੱਚ ਵਸਦਾ ਹੈ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ
'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



ACURA
AutoNation Acura
Stevens Creek
4747 Stevens Creek Bl.
Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।
Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com



LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ
Pardeep S. Grewal
Attorney At Law
Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce
Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC
ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜ਼ਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



# "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਜ਼ਾਦ ਹਸਤੀ ਲਈ ਗੁਰਦੁਆਰਾ ਐਕਟ ਵਿਚ ਲੋੜੀਂਦੀ ਸੋਧ-ਸੁਧਾਈ ਕੀਤੀ ਜਾਵੇ"

## ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਕਰਵਾਏ ਗਏ ਸੈਮੀਨਾਰ ਵਿਚ ਸਿੱਖ ਵਿਦਵਾਨਾਂ ਨੇ ਦਿੱਤਾ ਜ਼ੋਰ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:**
ਸਿੱਖ ਵਿਦਵਾਨਾਂ ਨੇ ਦਿੱਤਾ ਜ਼ੋਰ ਦੇ ਕੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਜ਼ਾਦ ਹਸਤੀ ਕਾਇਮ ਕਰਨ ਲਈ ਗੁਰਦੁਆਰਾ ਐਕਟ ਵਿਚ ਲੋੜੀਂਦੀ ਸੋਧ-ਸੁਧਾਈ ਕੀਤੀ ਜਾਵੇ।
ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਬੀਤੇ ਦਿਨ ਇਥੇ ਕਰਵਾਏ ਗਏ ਸੈਮੀਨਾਰ ਵਿਚ ਵਿਚਾਰ ਚਰਚਾ ਦੌਰਾਨ ਇਹ ਗੱਲ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਕਿ ਅੰਗਰੇਜ਼ਾਂ ਨੇ ਮੌਜੂਦਾ ਗੁਰਦੁਆਰਾ ਐਕਟ ਨੂੰ ਤਕਰੀਬਨ 100 ਸਾਲ ਪਹਿਲਾਂ ਸੰਨ 1925 ਵਿਚ ਅਜਿਹੀਆਂ ਮੱਦਾਂ ਰੱਖ ਕੇ ਤਿਆਰ ਕੀਤਾ ਸੀ ਕਿ ਉਸ ਰਾਹੀਂ ਚੁਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਕਾਰੀ ਬੰਦੋਬਸਤ ਦੇ ਚੌਖਟੇ ਵਿਚ ਹੀ ਕੰਮ ਕਰੇ ਤੇ ਇਕ ਅਜ਼ਾਦਾਨਾ ਸਿੱਖ ਧਾਰਮਿਕ ਹਸਤੀ ਨਾ ਬਣ ਸਕੇ। ਸੈਮੀਨਾਰ ਵਿਚ ਚੋਣਵੀਆਂ ਸਿੱਖ ਹਸਤੀਆਂ ਅਤੇ ਬੁੱਧੀਜੀਵੀਆਂ ਨੇ ਕਿਹਾ ਕਿ ਕਈ ਸਾਲਾਂ ਦੀ ਜਦੋ ਜਹਿਦ ਅਤੇ ਭਾਰੀ ਕੁਰਬਾਨੀਆਂ ਤੋਂ ਪਿਛੋਂ ਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ 1920 ਵਿਚ ਗੁਰਦੁਆਰਿਆਂ ਨੂੰ ਅੰਗਰੇਜ਼ਾਂ ਦੇ ਪਿਠੂ ਮੰਹਤਾਂ ਤੋਂ ਅਜ਼ਾਦ ਕਰਵਾ ਕੇ ਧਾਰਮਿਕ ਅਸਥਾਨਾਂ ਦੇ ਬੰਦੋਬਸਤ ਲਈ ਇਕ ਅਜ਼ਾਦ ਕਮੇਟੀ ਖੜੀ ਕਰ ਲਈ ਸੀ। ਪਰ ਅੰਗਰੇਜ਼ਾਂ ਨੇ ਸਾਮ-ਦਾਮ-ਦੰਡ-ਭੇਦ ਦੇ ਦਾਅ ਪੇਚਾਂ ਰਾਹੀਂ ਸਿੱਖਾਂ ਦੇ ਸਿਰ ਮੌਜੂਦਾ ਗੁਰਦੁਆਰਾ ਐਕਟ ਮੜ੍ਹ ਦਿਤਾ ਸੀ।
ਸੰਨ 1947 ਪਿਛੋਂ ਵੀ ਹਿੰਦੂ ਬਹੁਮਤ ਸਰਕਾਰਾਂ ਨੇ ਉਸੇ ਗੁਰਦੁਆਰਾ ਐਕਟ ਨੂੰ ਨਿਰੰਤਰ ਜਾਰੀ ਰੱਖਿਆ, ਜਿਸ ਪਿਛੇ ਸਿੱਖ ਘੱਟਗਿਣਤੀ ਧਰਮ ਨੂੰ ਆਪਣੇ ਗਲਬੇ ਵਿਚ ਰੱਖਣ ਦੀ ਜਾਹਰਾ ਮਨਸ਼ਾ ਕੰਮ ਕਰਦੀ ਹੈ।
ਪਿਛਲੇ ਕਈ ਦਹਾਕਿਆਂ ਤੋਂ ਖਾਸ ਕਰਕੇ ਅਜ਼ਾਦੀ ਤੋਂ ਬਾਅਦ ਸਿਆਸੀ ਪਾਰਟੀਆਂ ਹੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਆਪਣੇ ਨੁਮਾਇੰਦੇ ਖੜ੍ਹੇ ਕਰਦੀਆਂ ਅਤੇ



ਸੈਮੀਨਾਰ 'ਚ ਬੋਲਦੇ ਹੋਏ ਸਾਬਕਾ ਆਈ.ਏ.ਐਸ. ਗੁਰਤੇਜ ਸਿੰਘ ਅਤੇ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿਲੋਂ।

ਜਿਤਦੀਆਂ ਆ ਰਹੀਆਂ ਹਨ। ਇਸ ਪ੍ਰਕਿਰਿਆ ਨੇ ਇਸ ਕਮੇਟੀ ਉਤੇ ਨਿਰੋਲ ਰਾਜਨੀਤਕ ਬੰਦਿਆਂ ਦਾ ਕਬਜ਼ਾ ਕਰਵਾ ਦਿਤਾ ਹੈ, ਜਿਨ੍ਹਾਂ ਵਿਚ ਬਹੁਤੇ ਬੰਦੇ ਸੁੱਚਾ ਸਿੰਘ ਲੰਗਾਹ ਵਰਗੇ ਆਚਰਨ ਦੇ ਮਾਲਕ ਹਨ। ਇਸ ਨਾਲ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਿਰਫ ਭ੍ਰਿਸ਼ਟਾਚਾਰ ਅਤੇ ਇਖਲਾਕੀ ਗਿਰਾਵਟ ਹੀ ਨਹੀਂ ਆਈ ਬਲਕਿ ਸਿੱਖ ਪੰਥ ਅੰਦਰ ਨਿਸ਼ਕਾਮ ਸੇਵਾ, ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਵੀ ਠੇਸ ਲਗੀ ਹੈ।
ਬਦਕਿਸਮਤੀ ਇਹ ਹੈ ਕਿ ਸਿਆਸੀ ਪਾਰਟੀਆਂ ਅਤੇ ਆਗੂ ਸ਼੍ਰੋਮਣੀ ਗੁਰਦੁਆਰਾ ਕਮੇਟੀ ਚੋਣ ਨੂੰ ਸਿਆਸਤ ਦੀ ਪੌੜੀ ਦੇ ਤੌਰ 'ਤੇ ਵਰਤਦੇ ਆ ਰਹੇ ਹਨ। ਇਸ ਵਿਚ ਜਿੱਤ ਪ੍ਰਾਪਤ ਕਰਨ ਲਈ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਵਾਲੇ ਸਾਰੇ ਹੱਥ-ਕੰਡੇ ਵਰਤਦੇ ਹਨ।
ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਖੁਸ਼ਹਾਲ ਸਿੰਘ ਵੱਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਸਿੱਖ ਵਿਦਵਾਨਾਂ ਨੇ ਕਿਹਾ ਕਿ ਬੀਤੇ ਸਮੇਂ ਵਿਚ ਇਹ ਸਪੱਸ਼ਟ ਹੋ ਗਿਆ ਹੈ ਕਿ ਦਿੱਲੀ ਦੀ ਕੇਂਦਰੀ ਸਰਕਾਰ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਚੋਣ ਉਸ ਸਮੇਂ ਕਰਵਾਉਂਦੀ ਹੈ ਜਦੋਂ ਉਸ ਨੂੰ ਇਹ ਤਸੱਲੀ ਹੋ ਜਾਵੇ ਕਿ ਰਾਸ਼ਟਰਵਾਦੀ ਅਤੇ ਸਮਝੌਤਾਵਾਦੀ ਸਿੱਖ ਹੀ ਕਮੇਟੀ ਦੀਆਂ ਚੋਣਾਂ ਜਿਤ ਕੇ ਆਉਣਗੇ। ਸਪੱਸ਼ਟ ਹੈ ਕਿ ਸਿੱਖ ਘੱਟਗਿਣਤੀ ਧਰਮ ਅਤੇ ਸਭਿਆਚਾਰ ਬਹੁ-ਗਿਣਤੀ ਹਿੰਦੂ ਪੱਖੀ ਕੇਂਦਰੀ ਸਰਕਾਰਾਂ ਦੇ ਰਹਿਮੋਕਰਮ 'ਤੇ ਹੈ। ਗੁਰਦੁਆਰਾ ਐਕਟ ਇਸ ਧਰਮ ਵਿਚ ਸਿਧੀ ਅਤੇ ਅਸਿਧੀ ਦਖਲ-ਅੰਦਾਜ਼ੀ ਦੇ ਮੌਕੇ ਪ੍ਰਦਾਨ ਕਰਦਾ ਹੈ।
ਅਜਿਹੇ ਹਾਲਾਤ ਤੇ ਵਰਤਾਰੇ ਨੂੰ ਵੇਖਦੇ ਹੋਏ ਸਿੱਖ ਵਿਦਵਾਨਾਂ ਨੇ ਅਪੀਲ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਚੋਣਾਂ ਵਿਚ ਸਿਆਸੀ ਪਾਰਟੀਆਂ ਵਲੋਂ ਖੜ੍ਹੇ ਕੀਤੇ ਜਾਣ ਵਾਲੇ ਨੁਮਾਇੰਦਿਆਂ ਨੂੰ ਵੋਟਾਂ ਨਾ ਪਾਉਣ ਤਾਂ ਜੋ ਸੁਹਿਰਦ ਅਤੇ ਧਾਰਮਿਕ ਬਿਰਤੀ ਦੇ ਧਾਰਨੀ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਲਿਆਂਦਾ ਜਾ ਸਕੇ।
ਸੈਮੀਨਾਰ ਵਿਚ ਮਤਾ ਪਾਸ ਕੀਤਾ ਗਿਆ ਕਿ ਨਾਮਵਰ ਨਿਸ਼ਕਾਮ ਸਿੱਖਾਂ ਦਾ ਇਕ ਗੱਰੁਪ ਸ਼੍ਰੋਮਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਤੋਂ ਪਹਿਲਾਂ ਖੜ੍ਹਾ ਕੀਤਾ ਜਾਵੇ, ਜੋ ਸਿਆਸੀ ਪਾਰਟੀ ਤੋਂ ਮੁੱਕਤ ਧਾਰਮਿਕ ਬ੍ਰਿਤੀ ਦੇ ਯੋਗ ਵਿਅਕਤੀਆਂ ਦੀ ਨਿਸ਼ਾਨਦੇਹੀ ਕਰੇ ਅਤੇ ਗੁਰਦੁਆਰਾ ਐਕਟ ਵਿਚ ਲੋੜੀਂਦੀ ਸੁਧਾਈ ਹਿਤ ਮਹੌਲ ਤਿਆਰ ਕਰੇ।
ਸੈਮੀਨਾਰ ਦੇ ਮੁੱਖ ਬੁਲਾਰਿਆਂ ਅਤੇ ਹਾਜ਼ਰ ਹਸਤੀਆਂ ਵਿੱਚ ਗੁਰਤੇਜ ਸਿੰਘ ਆਈ ਐਸ, ਨਿਰਮਲ ਸਿੰਘ ਆਈ.ਐਸ, ਜਸਟਿਸ ਅਵਤਾਰ ਸਿੰਘ ਗਿੱਲ, ਡਾ.ਗੁਰਦਰਸ਼ਨ ਸਿੰਘ ਢਿਲੋਂ, ਸੀਨੀਅਰ ਪੱਤਰਕਾਰ ਕਰਮਜੀਤ ਸਿੰਘ, ਜਸਪਾਲ ਸਿੰਘ ਸਿੱਧੂ, ਚੰਚਲ ਮਨੋਹਰ ਸਿੰਘ, ਪ੍ਰੋਫੈਸਰ ਅਵਤਾਰ ਸਿੰਘ, ਪ੍ਰੋਫੈਸਰ ਹਰਪਾਲ ਸਿੰਘ, ਦੀਦਾਰ ਸਿੰਘ ਨਲਵੀ, ਬਲਦੇਵ ਸਿੰਘ ਸਿਰਸਾ, ਪ੍ਰਭਜੋਤ ਸਿੰਘ, ਆਰ.ਪੀ. ਸਿੰਘ, ਅਖੰਡ ਕੀਰਤਨੀ ਜਥਾ, ਧਰਮਪਾਲ ਸਿੰਘ ਅੰਬਾਲਾ, ਗੁਰਬੀਰ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ ਪ੍ਰਧਾਨ, ਪੰਜਾਬ ਯੂਨੀਵਰਸਿਟੀ ਖੋਜਾਰਥੀ, ਲਖਬੀਰ ਸਿੰਘ, ਮਨਦੀਪ ਸਿੰਘ, ਗਿਆਨ ਸਿੰਘ, ਡਾ.ਹਰਭਜਨ ਸਿੰਘ ਅਤੇ ਜਰਨੈਲ ਸਿੰਘ ਚਕਰ ਸ਼ਾਮਲ ਸਨ।

## ਬੰਦੀ ਛੋੜ ਦਿਵਸ 'ਤੇ ਕੋਈ ਅਣਸੁਖਾਵੀਂ ਘਟਨਾ ਵਾਪਰੀ ਤਾਂ ਕਮੇਟੀ ਤੇ ਸਰਕਾਰ ਹੋਣਗੇ ਜ਼ਿੰਮੇਵਾਰ : ਗਿਆਨੀ ਗੁਰਬਚਨ ਸਿੰਘ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਨੂੰ ਮੀਡੀਆ ਰਾਹੀਂ ਸਖ਼ਤੀ ਨਾਲ ਤਾੜਨਾ ਕੀਤੀ ਕਿ ਇਸ ਵਾਰ ਜੇਕਰ ਬੰਦੀ ਛੋੜ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਤਵਾਜ਼ੀ ਜਥੇਦਾਰਾਂ ਵਲੋਂ ਕੋਈ ਘਟਨਾ ਵਾਪਰਦੀ ਹੈ ਤਾਂ ਉਸ ਲਈ ਉਹ ਦੋਵੇਂ ਧਿਰਾਂ ਜ਼ਿੰਮੇਵਾਰ ਹੋਣਗੀਆਂ। ਸ੍ਰੀ ਅਕਾਲ ਤਖ਼ਤ ਸਕੱਤਰੇਤ ਵਿਖੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ



ਮੁਤਵਾਜ਼ੀ ਜਥੇਦਾਰਾਂ ਵਲੋਂ ਆਪਣੀ ਵੱਖਰੀ ਰਵਾਇਤ ਲਾਗੂ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਹਰ ਤਨਖਾਹਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜੋ ਕਿ ਮਰਯਾਦਾ ਦੇ ਬਿਲਕੁਲ ਉਲਟ ਹੈ। ਮੁਤਵਾਜ਼ੀ ਜਥੇਦਾਰਾਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਲੈਟਰਪੈਡ ਦੀ ਵਰਤੋਂ ਕਰਨ ਅਤੇ ਜਗੀਰ ਕੌਰ ਤੇ ਬਲਦੇਵ ਸਿੰਘ ਕਾਇਮਪੁਰ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ ਮੁਤਵਾਜ਼ੀ ਜਥੇਦਾਰਾਂ ਵਿਰੁੱਧ ਕਾਰਵਾਈ ਕਰਨ ਹਿਤ ਦਿੱਤੇ ਗਏ ਮੰਗ ਪੱਤਰ ਬਾਰੇ ਪੁੱਛੇ ਜਾਣ 'ਤੇ ਉਨਾਂ ਕਿਹਾ ਕਿ ਇਸ ਸਬੰਧੀ 11 ਮੈਂਬਰੀ ਸਲਾਹਕਾਰ ਕਮੇਟੀ ਦੀ ਸਲਾਹ ਲੈ ਕੇ ਤੇ ਪੰਜ ਸਿੰਘ ਸਾਹਿਬਾਨ ਵਲੋਂ ਵਿਚਾਰ ਕਰਕੇ ਸ਼੍ਰੋਮਣੀ ਕਮੇਟੀ ਨੂੰ ਕਾਰਵਾਈ ਲਈ ਸਖ਼ਤ ਹਦਾਇਤ ਕੀਤੀ ਜਾਵੇਗੀ। ਉਨਾਂ ਸ਼੍ਰੋਮਣੀ ਕਮੇਟੀ ਪ੍ਰਤੀ ਪਹਿਲੀ ਵਾਰ ਸਖ਼ਤ ਨਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਸ਼੍ਰੋਮਣੀ ਕਮੇਟੀ ਨੂੰ ਵੀ ਖਿੱਚਿਆ ਜਾਵੇਗਾ, ਕਿਉਂਕਿ ਜੋ ਕੁਝ ਵਾਪਰ ਰਿਹਾ ਹੈ, ਉਹ ਸ਼੍ਰੋਮਣੀ ਕਮੇਟੀ ਵਲੋਂ ਵਰਤੀ ਜਾਂਦੀ ਢਿੱਲਮੱਠ ਕਰਕੇ ਹੀ ਵਾਪਰ ਰਿਹਾ ਹੈ। ਜਗੀਰ ਕੌਰ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚੱਲ ਰਹੇ ਮਾਮਲੇ ਸਬੰਧੀ ਉਨਾਂ ਕਿਹਾ ਕਿ ਉਨਾਂ ਦਾ ਮਾਮਲਾ ਅਜੇ ਵਿਚਾਰ ਅਧੀਨ ਪਿਆ ਹੈ, ਪਹਿਲਾਂ ਪੰਥ ਨੂੰ ਦਰਪੇਸ਼ ਹਾਲੀਆ ਮਾਮਲਿਆਂ ਬਾਰੇ ਵਿਚਾਰ ਕਰਨ ਤੋਂ ਬਾਅਦ ਹੀ ਇਸ 'ਤੇ ਵਿਚਾਰ ਕੀਤੀ ਜਾਵੇਗੀ।

# ਲੰਗਾਹ ਨੂੰ 14 ਦਿਨ ਦੀ ਨਿਆਂਇਕ ਹਿਰਾਸਤ ਤਹਿਤ ਕਪੂਰਥਲਾ ਜੇਲ੍ਹ ਭੇਜਿਆ

**ਗੁਰਦਾਸਪੁਰ/ਬਿਊਰੋ ਨਿਊਜ਼ :**
ਜਬਰ ਜਨਾਹ ਦੇ ਮਾਮਲੇ ਵਿਚ ਨਾਮਜ਼ਦ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਥਾਣਾ ਸਿਟੀ ਗੁਰਦਾਸਪੁਰ ਦੀ ਪੁਲੀਸ ਵਲੋਂ ਤਿੰਨ ਦਿਨ ਦੇ ਰਿਮਾਂਡ ਤੋਂ ਬਾਅਦ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਥੇ ਅਦਾਲਤ ਵਲੋਂ ਸੁੱਚਾ ਸਿੰਘ ਲੰਗਾਹ ਨੂੰ 14 ਦਿਨ ਦੀ ਨਿਆਂਇਕ ਹਿਰਾਸਤ ਵਿਚ ਭੇਜਣ ਦੇ ਹੁਕਮ ਦਿੱਤੇ ਗਏ।
ਜ਼ਿਕਰਯੋਗ ਹੈ ਕਿ ਸੁੱਚਾ ਸਿੰਘ ਲੰਗਾਹ ਵਲੋਂ ਐਡਵੋਕੇਟ ਕਰਨਜੀਤ ਸਿੰਘ ਅਤੇ ਐਡਵੋਕੇਟ ਬਸਰਾ ਇਸ ਕੇਸ ਦੀ ਪੈਰਵਾਈ ਕਰ ਰਹੇ ਹਨ। ਕੇਸ ਦੀ ਪੈਰਵਾਈ ਮੌਕੇ ਅਦਾਲਤ ਵਿਚ ਹਿਰਦੇਸ਼ਵਰ ਸਿੰਘ ਜੰਜੂਆ ਵੀ ਮੌਜੂਦ ਸਨ। ਲੰਗਾਹ ਦੇ ਵਕੀਲਾਂ ਵਲੋਂ ਅਦਾਲਤ ਕੋਲੋਂ ਇਹ ਮੰਗ ਕੀਤੀ ਗਈ ਸੀ ਕਿ ਉਸ ਨੂੰ ਕੇਂਦਰੀ ਜੇਲ੍ਹ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਚ ਨਾ ਰੱਖਿਆ ਜਾਵੇ, ਕਿਉਂਕਿ ਇਥੇ ਸੁਰੱਖਿਆ ਦੀ ਕਮੀ ਹੈ। ਜਿਸ ਦੇ ਮੱਦੇਨਜ਼ਰ ਅਦਾਲਤ



ਵਲੋਂ ਲੰਗਾਹ ਦੇ ਵਕੀਲਾਂ ਦੀ ਇਸ ਮੰਗ ਸਬੰਧੀ ਜੇਲ੍ਹ ਪੁਲੀਸ ਦੇ ਉੱਚ ਅਧਿਕਾਰੀਆਂ ਨੂੰ ਲਿਖ ਦਿੱਤਾ ਗਿਆ। ਕੇਂਦਰੀ ਜੇਲ੍ਹ ਗੁਰਦਾਸਪੁਰ ਪਹੁੰਚਦਿਆਂ ਹੀ ਸੁੱਚਾ ਸਿੰਘ ਲੰਗਾਹ ਨੂੰ ਪੁਲੀਸ ਵਲੋਂ ਤੁਰੰਤ ਕੇਂਦਰੀ ਜੇਲ੍ਹ ਕਪੂਰਥਲਾ ਵਿਖੇ ਰਵਾਨਾ ਕਰ ਦਿੱਤਾ ਗਿਆ। ਭਾਰੀ ਸੁਰੱਖਿਆ ਹੇਠ ਲੰਗਾਹ ਨੂੰ ਕਪੂਰਥਲਾ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ।
ਅਦਾਲਤ ਵਿਚ ਪੇਸ਼ ਹੋਣ ਤੋਂ ਬਾਅਦ ਜਦੋਂ ਸੁੱਚਾ ਸਿੰਘ ਲੰਗਾਹ ਬਾਹਰ ਆਇਆ ਤਾਂ ਉਸ ਦੇ ਇੰਤਜ਼ਾਰ ਵਿਚ ਬੈਠੇ ਸੈਂਕੜੇ ਸਮਰਥਕਾਂ ਨੇ ਉਸ ਨੂੰ ਘੇਰਾ ਪਾ ਲਿਆ। ਇਸ ਮੌਕੇ ਲੰਗਾਹ ਨੇ ਜਲਦਬਾਜ਼ੀ ਵਿਚ ਪ੍ਰੈੱਸ ਨੂੰ ਜਾਂਦਿਆਂ-ਜਾਂਦਿਆਂ ਬਿਆਨ ਦਿੱਤਾ ਕਿ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਉਸ ਨੂੰ ਸਾਜ਼ਿਸ਼ ਤਹਿਤ ਫਸਾਇਆ ਗਿਆ ਹੈ, ਤਾਂ ਜੋ ਲੋਕ ਸਭਾ ਦੀਆਂ ਜ਼ਿਮਨੀ ਚੋਣਾਂ ਤੋਂ ਉਸ ਨੂੰ ਦੂਰ ਰੱਖਿਆ ਜਾ ਸਕੇ। ਉਸ ਕਿਹਾ ਕਿ ਉਹ ਲੋਕ ਸ਼ਕਤੀ ਨਾਲ ਦੁਬਾਰਾ ਲੋਕਾਂ ਵਿਚ ਪਹੁੰਚੇਗਾ ਅਤੇ ਜੋ ਸੁੱਖੀ ਰੰਧਾਵਾ ਨੇ ਇਹ ਭਾਜੀ ਉਸ ਦੇ ਸਿਰ ਚਾੜ੍ਹੀ ਹੈ, ਇਹ ਉਹ ਇੱਕੀਆਂ ਦੀ ਇਕਵੰਜਾ ਕਰਕੇ ਮੋੜੇਗਾ।
ਕਪੂਰਥਲਾ ਦੀ ਮਾਡਰਨ ਜੇਲ੍ਹ ਵਿਚ ਗੈਂਗਸਟਰਾਂ ਦੀ ਵੱਧ ਗਿਣਤੀ ਨੂੰ ਦੇਖਦੇ ਹੋਏ ਪਹਿਲਾਂ ਹੀ ਪੁਲੀਸ ਵਲੋਂ ਤੁਰੰਤ ਕਾਰਵਾਈ ਦਸਤਾ ਜੇਲ੍ਹ ਦੇ ਗੇਟ 'ਤੇ ਤਾਇਨਾਤ ਕੀਤਾ ਗਿਆ ਹੈ ਤੇ ਹੁਣ ਚਰਚਿਤ ਜਬਰ ਜਨਾਹ ਦੇ ਮਾਮਲੇ ਵਿਚ ਹਵਾਲਾਤੀ ਵਜੋਂ ਜੇਲ੍ਹ ਪਹੁੰਚੇ ਸੁੱਚਾ ਸਿੰਘ ਲੰਗਾਹ ਦੀ ਸੁਰੱਖਿਆ ਲਈ ਵੀ ਜੇਲ੍ਹ ਪ੍ਰਸ਼ਾਸਨ ਪੂਰੇ ਇੰਤਜ਼ਾਮ ਕਰ ਰਿਹਾ ਹੈ।
ਡੀ.ਐਸ.ਪੀ. ਜੇਲ੍ਹ ਇਕਬਾਲ ਸਿੰਘ ਨੇ ਦੱਸਿਆ ਕਿ ਸੁੱਚਾ ਸਿੰਘ ਲੰਗਾਹ ਨੂੰ ਅਤਿ ਸੁਰੱਖਿਆ ਬੈਰਕ ਵਿਚ ਰੱਖਿਆ ਗਿਆ ਹੈ ਤੇ ਬੈਰਕ ਦੇ ਬਾਹਰ ਵੀ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਹਨ।

# ਲੰਗਾਹ ਦੇ ਰਾਜਦਾਰ ਸਿਪਾਹੀਆ ਗੁੱਜਰ ਖ਼ਿਲਾਫ਼ ਕਾਰਵਾਈ ਦੀ ਮੰਗ

## ਅਗਵਾ ਕਰਕੇ ਮਾਰੇ ਬੱਚੇ ਦੇ ਮਾਪਿਆਂ ਨੇ ਕਿਹਾ, ਅਕਾਲੀ-ਭਾਜਪਾ ਸਰਕਾਰ ਸਮੇਂ ਨਹੀਂ ਸੀ ਹੋਈ ਬਹੁਤੀ ਸੁਣਵਾਈ

**ਜਲੰਧਰ/ਬਿਊਰੋ ਨਿਊਜ਼ :** ਸੁੱਚਾ ਸਿੰਘ ਲੰਗਾਹ ਦੇ ਰਾਜਦਾਰ ਧਾਰੀਵਾਲ ਸ਼ਹਿਰ ਦੇ ਨਹਿਰ ਕਿਨਾਰੇ ਰਹਿੰਦੇ ਮੁਹੰਮਦ ਰਫੀ ਉਰਫ ਸਿਪਾਹੀਆ ਗੁੱਜਰ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਸਾਲ 2008 ਵਿਚ ਇਕ ਬੱਚੇ ਦੇ ਅਗਵਾ ਹੋਣ ਤੇ ਫਿਰ ਮਾਰੇ ਜਾਣ ਦੇ ਮਾਮਲੇ ਸਬੰਧੀ ਧਾਰੀਵਾਲ ਵਾਸੀ ਵਿਜੇ ਕੁਮਾਰ ਨੇ ਐਸ.ਐਸ.ਪੀ. ਗੁਰਦਾਸਪੁਰ ਨੂੰ ਲਿਖਤੀ ਤੌਰ 'ਤੇ ਸ਼ਿਕਾਇਤ ਕਰਕੇ ਇਨਸਾਫ਼ ਦੀ ਗੁਹਾਰ ਲਾਈ ਹੈ। ਵਿਜੇ ਕੁਮਾਰ ਨੇ ਦੱਸਿਆ ਕਿ ਉਸ ਦੇ ਬੱਚੇ ਮੁਨੀਸ਼ ਵਰਮਾ ਨੂੰ 2008 ਵਿਚ ਮੁਹੰਮਦ ਰਫੀ ਉਰਫ ਸਿਪਾਹੀਆ ਗੁੱਜਰ ਨੇ ਅਗਵਾ ਕਰਕੇ ਉਸ ਦੀ ਬਲੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਸਿਪਾਹੀਆ ਗੁੱਜਰ ਨੇ ਉਸ ਦੇ ਪੁੱਤਰ ਮੁਨੀਸ਼ ਵਰਮਾ ਦੀ ਬਲੀ ਦੇ ਕੇ ਉਸ ਦੀ ਲਾਸ਼ ਨੂੰ ਧਾਰੀਵਾਲ ਨਹਿਰ ਵਿਚ ਸੁੱਟ ਦਿੱਤਾ ਸੀ। ਉਸ ਸਮੇਂ ਅਕਾਲੀ-ਭਾਜਪਾ ਸਰਕਾਰ ਵਿਚ ਸਿਪਾਹੀਆ ਗੁੱਜਰ ਦੀ ਸਰਕਾਰੇ ਦਰਬਾਰੇ ਪਹੁੰਚ ਹੋਣ ਕਰਕੇ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ ਸੀ, ਜਿਸ ਕਰਕੇ ਹੁਣ ਉਨ੍ਹਾਂ ਮਾਮਲੇ ਦੀ ਮੁੜ ਜਾਂਚ ਕਰਨ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਮੁਨੀਸ਼ ਘਰ ਦੇ ਬਾਹਰ ਪਾਰਕ 'ਚ ਸਾਈਕਲ ਚਲਾਉਂਦਿਆਂ ਗੁੰਮ ਹੋ ਗਿਆ ਸੀ। 2 ਦਿਨ ਬਾਅਦ ਬੱਚੇ ਦੀ ਲਾਸ਼ ਜਦੋਂ ਨਹਿਰ 'ਚੋਂ ਮਿਲੀ ਤਾਂ ਉਸ ਦੇ ਸਾਰੇ ਕੱਪੜੇ ਗਿੱਲੇ ਨਹੀਂ ਸਨ ਅਤੇ ਉਸ ਦਾ ਸਰੀਰ ਵੀ ਗਰਮ ਸੀ। ਭਾਵੇਂ ਕਿ ਪੋਸਟਮਾਰਟਮ ਵਿਚ ਉਸ ਦੀ ਮੌਤ 72 ਘੰਟੇ ਪਹਿਲਾਂ ਹੋਣ ਬਾਰੇ ਕਿਹਾ ਗਿਆ ਸੀ ਪਰ ਮਾਪਿਆਂ ਅਨੁਸਾਰ ਬੱਚੇ ਦਾ ਸਰੀਰ ਉਦੋਂ ਗਰਮ ਸੀ ਅਤੇ ਉਸ ਦੇ ਸਰੀਰ ਉੱਪਰ ਕਰੰਟ ਵਗੈਰਾ ਲਾਏ ਜਾਣ ਦੇ ਨਿਸ਼ਾਨ ਸਨ। ਬੱਚੇ ਦੀ ਮਾਂ ਦਾ ਕਹਿਣਾ ਹੈ ਕਿ ਨਹਿਰ ਕਿਨਾਰੇ ਗੁੱਜਰ ਭਾਈਚਾਰੇ ਦੇ ਲੋਕਾਂ ਦੇ ਡੇਰੇ ਸਨ ਅਤੇ ਉਸ ਵਿਚ ਸਿਪਾਹੀਆ ਗੁੱਜਰ ਆਪਣੇ ਪਰਿਵਾਰ ਸਮੇਤ ਰਹਿੰਦਾ ਸੀ, ਜਿਸ ਨੂੰ ਰਾਜਨੀਤਕ ਸਰਪ੍ਰਸਤੀ ਪ੍ਰਾਪਤ ਸੀ। ਬੱਚੇ ਦੇ ਪਿਤਾ ਵਿਜੇ ਵਰਮਾ ਨੇ ਕਿਹਾ ਕਿ ਜਦੋਂ ਲੜਕੇ ਨੂੰ ਨਹਿਰ 'ਚੋਂ ਕੱਢਿਆ ਗਿਆ ਤਾਂ ਬੱਚੇ ਦੇ ਸਰੀਰ ਦੇ ਸਾਰੇ ਅੰਗਾਂ 'ਤੇ ਉਸ ਨੂੰ ਕੋਹ-ਕੋਹ ਕੇ ਮਾਰਨ ਦੇ ਨਿਸ਼ਾਨ ਸਨ। ਉਨ੍ਹਾਂ ਇਹ ਵੀ ਕਿਹਾ ਕਿ ਗੁੱਜਰ ਸਿਪਾਹੀਆ ਵਿਗੜਿਆ ਹੋਇਆ ਰਾਜਨੀਤਕ ਸ਼ਹਿ ਪ੍ਰਾਪਤ ਤਾਂਤਰਿਕ ਵਿਅਕਤੀ ਹੈ, ਜੋ ਸ਼ਾਹੀ ਠਾਠ ਨਾਲ ਰਹਿੰਦਾ ਹੈ ਅਤੇ ਪੂਰੇ ਧਾਰੀਵਾਲ ਵਿਚ ਉਸ ਦੀ ਦਹਿਸ਼ਤ ਹੈ। ਇਹ ਵੀ ਦੱਸਣਯੋਗ ਹੈ ਕਿ ਉਸ ਸਮੇਂ ਗੁਰਦਾਸਪੁਰ ਦੇ ਐਸ. ਐਸ. ਪੀ. ਲੋਕ ਨਾਥ ਆਂਗਰਾ ਸਨ ਅਤੇ ਉਨ੍ਹਾਂ ਵਲੋਂ ਕਰੀਬ ਡੇਢ ਮਹੀਨਾ ਬਾਅਦ ਗੁੱਜਰ ਮੁਹੰਮਦ ਰਫੀ ਉਰਫ ਸਿਪਾਹੀਆ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਕਲਮਬੱਧ ਕੀਤੇ ਗਏ ਅਤੇ ਪਰਿਵਾਰਕ ਮੈਂਬਰਾਂ ਮੁਤਾਬਕ ਹੌਲੀ-ਹੌਲੀ ਇਹ ਕੇਸ ਠੰਢੇ ਬਸਤੇ ਵਿਚ ਪੈ ਗਿਆ। ਭਰੋਸੇਯੋਗ ਸੂਤਰਾਂ ਅਨੁਸਾਰ ਜਦੋਂ ਦਾ ਸੁੱਚਾ ਸਿੰਘ ਲੰਗਾਹ ਮਾਮਲਾ ਸ਼ੁਰੂ ਹੋਇਆ ਹੈ ਉਸ ਦਿਨ ਤੋਂ ਹੀ ਗੁੱਜਰ ਸਿਪਾਹੀਆ ਰੂਪੋਸ਼ ਹੈ। ਇਸ ਸਬੰਧੀ ਡੀ.ਐੱਸ. ਪੀ. ਆਰ 1 ਮਨਜੀਤ ਸਿੰਘ ਨੇ ਕਿਹਾ ਕਿ ਉਹ ਲੋਕ ਸਭਾ ਜ਼ਿਮਨੀ ਚੋਣ ਵਿਚ ਰੁੱਝੇ ਹੋਏ ਸੀ ਪਰ ਹੁਣ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾਵੇਗੀ।

### *ਕੌਣ ਹੈ ਮੁਹੰਮਦ ਰਫੀ ਉਰਫ ਗੁੱਜਰ ਸਿਪਾਹੀਆ*

*ਧਾਰੀਵਾਲ ਨਹਿਰ ਕਿਨਾਰੇ ਰਹਿਣ ਵਾਲਾ ਮੁਹੰਮਦ ਰਫੀ ਉਰਫ ਗੁੱਜਰ ਸਿਪਾਹੀਆ ਆਮ ਗੁੱਜਰਾਂ ਵਾਂਗ ਹੀ ਕਰੀਬ ਡੇਢ ਦਹਾਕਾ ਪਹਿਲਾਂ ਇੱਥੇ ਆ ਕੇ ਰਹਿਣ ਲੱਗਾ*



*ਸੀ ਅਤੇ ਹੌਲੀ-ਹੌਲੀ ਇਹ ਸੁੱਚਾ ਸਿੰਘ ਲੰਗਾਹ ਦੇ ਸੰਪਰਕ ਵਿਚ ਆ ਗਿਆ ਅਤੇ ਕਿਹਾ ਜਾ ਰਿਹਾ ਹੈ ਕਿ ਸੁੱਚਾ ਸਿੰਘ ਲੰਗਾਹ ਦੀ ਬਹੁਤ ਸਾਰੀ ਜਾਇਦਾਦ ਗੁੱਜਰ ਸਿਪਾਹੀਆ ਅਤੇ ਉਸ ਦੇ ਪਰਿਵਾਰ ਦੇ ਨਾਂਅ 'ਤੇ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਲੰਗਾਹ ਦੇ ਢੇਰ ਸਾਰੇ ਰਾਜ ਸਿਪਾਹੀਆ ਦੇ ਢਿੱਡ ਵਿਚ ਹਨ। ਪਿਛਲੇ ਦਿਨੀਂ ਹੋਏ ਲੰਗਾਹ ਕਾਂਡ ਵਿਚ ਲੱਗੇ ਦੋਸ਼ਾਂ ਵਿਚ ਗੁੱਜਰ ਸਿਪਾਹੀਆ ਦਾ ਨਾਂਅ ਵੀ ਸ਼ਾਮਲ ਸੀ ਪ੍ਰੰਤੂ ਉਸ ਵਲੋਂ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਗਈ ਸੀ, ਜਿਸ 'ਤੇ ਅਦਾਲਤ ਵਲੋਂ ਪਹਿਲਾਂ 10 ਅਕਤੂਬਰ ਤੇ ਹੁਣ 23 ਅਕਤੂਬਰ ਤੱਕ ਉਸ ਦੀ ਗ੍ਰਿਫ਼ਤਾਰੀ 'ਤੇ ਰੋਕ ਲਾਈ ਗਈ ਹੈ।*

# ਦਰਬਾਰ ਸਾਹਿਬ ਵਿਖੇ ਟਾਸਕ ਫੋਰਸ ਤੇ ਮੁਤਵਾਜ਼ੀ ਜਥੇਦਾਰਾਂ ਦੇ ਸਮਰਥਕਾਂ ਵਿਚਾਲੇ ਝੜਪ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਅਤੇ ਮੁਤਵਾਜ਼ੀ ਜਥੇਦਾਰਾਂ ਦੇ ਸਮਰਥਕਾਂ ਵਿਚਾਲੇ ਉਸ ਸਮੇਂ ਝੜਪ ਹੋ ਗਈ ਜਦੋਂ ਮੁਤਵਾਜ਼ੀ ਜਥੇਦਾਰ ਗੁਰਦੁਆਰਾ ਛੋਟਾ ਘੱਲੂਘਾਰਾ ਕਾਹਨੂੰਵਾਨ ਦੇ ਆਗੂ ਮਾਸਟਰ ਜੌਹਰ ਸਿੰਘ ਖਿਲਾਫ਼ ਕਾਰਵਾਈ ਲਈ ਮੀਟਿੰਗ ਵਾਸਤੇ ਸ੍ਰੀ ਅਕਾਲ ਤਖ਼ਤ 'ਤੇ ਜਾ ਰਹੇ ਸਨ। ਝੜਪ ਦੌਰਾਨ ਮੁਤਵਾਜ਼ੀ ਜਥੇਦਾਰਾਂ ਦੇ ਹਮਾਇਤੀ ਯੂਨਾਈਟਿਡ ਅਕਾਲੀ ਦਲ ਦੇ ਸਤਨਾਮ ਸਿੰਘ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਰਨੈਲ ਸਿੰਘ ਸਖੀਰਾ ਅਤੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਬਿਜੈ ਸਿੰਘ ਤੇ ਟਾਸਕ ਫੋਰਸ ਦੇ ਅਮਰੀਕ ਸਿੰਘ ਜ਼ਖ਼ਮੀ ਹੋ ਗਏ। ਦੋਵਾਂ ਧਿਰਾਂ ਵੱਲੋਂ ਪੁਲੀਸ ਕੋਲ ਸ਼ਿਕਾਇਤ ਵੀ ਕੀਤੀ ਗਈ ਹੈ। ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਵੱਲੋਂ ਮਾਸਟਰ ਜੌਹਰ ਸਿੰਘ ਨੂੰ ਤਲਬ ਕੀਤਾ ਗਿਆ ਸੀ। ਵੇਰਵਿਆਂ ਮੁਤਾਬਕ ਮਾਸਟਰ ਜੌਹਰ ਸਿੰਘ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ 'ਤੇ ਪੁੱਜ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਜਦੋਂ ਜਾਣਕਾਰੀ ਮਿਲੀ ਤਾਂ ਉਨ੍ਹਾਂ ਮਾਸਟਰ ਜੌਹਰ ਸਿੰਘ ਨੂੰ ਜਬਰੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਬਾਹਰ ਲੈ ਆਂਦਾ। ਇਸ ਦੌਰਾਨ ਜੋੜਾ ਘਰ ਨੇੜੇ



ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਪ੍ਰਵੇਸ਼ ਦੁਆਰ 'ਚ ਕਿਰਪਾਨ ਲਹਿਰਾਉਂਦਾ ਹੋਇਆ ਇਕ ਧੜੇ ਦਾ ਸਿੱਖ ਆਗੂ।

ਮੁਤਵਾਜ਼ੀ ਜਥੇਦਾਰ ਅਤੇ ਉਨ੍ਹਾਂ ਦੇ ਸਮਰਥਕ ਵੀ ਪੁੱਜ ਚੁੱਕੇ ਸਨ। ਸਤਨਾਮ ਸਿੰਘ ਮਨਾਵਾਂ ਜਦੋਂ ਮੁੜ ਮਾਸਟਰ ਜੌਹਰ ਸਿੰਘ ਨੂੰ ਕਾਰਵਾਈ ਲਈ ਅੰਦਰ ਲੈ ਕੇ ਜਾਣ ਲੱਗਾ ਤਾਂ ਟਾਸਕ ਫੋਰਸ ਵੱਲੋਂ ਉਸ ਨੂੰ ਰੋਕਿਆ ਗਿਆ, ਜਿਥੇ ਤਕਰਾਰ ਮਗਰੋਂ ਦੋਵਾਂ ਧਿਰਾਂ ਵਿਚਾਲੇ ਝੜਪ ਹੋ ਗਈ। ਇਸ ਵਿਚ ਫੈਡਰੇਸ਼ਨ ਆਗੂ ਭਾਈ ਬਲਵੰਤ ਸਿੰਘ ਗੋਪਾਲਾ ਦੀ ਦਸਤਾਰ ਹਿਲ ਗਈ, ਜਰਨੈਲ ਸਿੰਘ ਸਖੀਰਾ ਦੀ ਕਮੀਜ਼ ਫਟ ਗਈ ਅਤੇ ਸਤਨਾਮ ਸਿੰਘ ਮਨਾਵਾਂ ਦੇ ਹੱਥ 'ਤੇ ਸੱਟ ਲੱਗੀ। ਮੁਤਵਾਜ਼ੀ ਜਥੇਦਾਰਾਂ ਦੇ ਸਮਰਥਕਾਂ ਨੇ ਕਿਰਪਾਨਾਂ ਬਾਹਰ ਖਿੱਚ ਲਈਆਂ ਜਿਸ ਕਾਰਨ ਸ਼੍ਰੋਮਣੀ ਕਮੇਟੀ ਅਧਿਕਾਰੀ ਬਿਜੈ ਸਿੰਘ ਤੇ ਅਮਰੀਕ ਸਿੰਘ ਨੂੰ ਵੀ ਸੱਟਾਂ ਲੱਗੀਆਂ। ਉਥੇ ਮੌਜੂਦ ਪੁਲੀਸ ਦੀ ਦਖ਼ਲ-ਅੰਦਾਜ਼ੀ ਨਾਲ ਇਕ

ਬਾਕੀ ਸਫ਼ਾ 35 'ਤੇ

## ਅਕਾਲ ਤਖ਼ਤ ਉਤੇ ਵਾਪਰੀ ਘਟਨਾ ਦੁਖਦਾਈ

ਚੰਡੀਗੜ੍ਹ: ਪੰਥਕ ਤਾਲਮੇਲ ਸੰਗਠਨ ਦੇ ਮੁਖੀ ਅਤੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਇਸ ਘਟਨਾ ਨੂੰ ਮੰਦਭਾਗਾ ਅਤੇ ਦੁਖਦਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਦੀ ਹਦੂਦ ਅੰਦਰ ਅਤੇ ਹੋਰਾਂ ਇਤਿਹਾਸਕ ਗੁਰਦੁਆਰਿਆਂ ਵਿੱਚ ਸੁਚਾਰੂ ਪ੍ਰਬੰਧ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਅਜਿਹੇ ਖਾਸ ਮੌਕਿਆਂ ਉਤੇ ਵਾਜਬ ਪ੍ਰਬੰਧ ਕਰਨੇ ਚਾਹੀਦੇ ਹਨ ਤਾਂ ਜੋ ਸਿੱਖ ਕੌਮ ਲਈ ਨਮੋਸ਼ੀ ਵਾਲੀਆਂ ਘਟਨਾਵਾਂ ਨਾ ਵਾਪਰਨ।

## ਜੌਹਰ ਨੂੰ ਅਹੁਦੇ ਤੋਂ ਕੀਤਾ ਫਾਰਗ

ਅੰਮ੍ਰਿਤਸਰ :ਮੁਤਵਾਜ਼ੀ ਜਥੇਦਾਰਾਂ ਨੇ ਗੁਰਦੁਆਰਾ ਛੋਟਾ ਘੱਲੂਘਾਰਾ ਕਾਹਨੂੰਵਾਨ ਦੇ ਮਾਮਲੇ ਵਿੱਚ ਪ੍ਰਬੰਧਕੀ ਕਮੇਟੀ ਦੇ ਆਗੂ ਮਾਸਟਰ ਜੌਹਰ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਉਸ ਨੂੰ ਗੁਰਦੁਆਰਾ ਛੋਟਾ ਘੱਲੂਘਾਰਾ ਟਰਸੱਟ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਸੇਵਾਮੁਕਤ ਕਰਨ ਦਾ ਆਦੇਸ਼ ਦਿੱਤਾ ਹੈ। ਉਸ ਨੂੰ ਸੱਤ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਕੀਰਤਨ ਸੁਣਨ, ਜੋੜੇ ਝਾੜਨ ਅਤੇ ਭਾਂਡੇ ਮਾਂਜਣ ਦੀ ਸੇਵਾ ਲਾਈ ਗਈ ਹੈ। ਭਾਈ ਧਿਆਨ ਸਿੰਘ ਮੰਡ, ਭਾਈ ਅਮਰੀਕ ਸਿੰਘ ਅਜਨਾਲਾ, ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਸੂਬਾ ਸਿੰਘ ਅਤੇ ਭਾਈ ਮੇਜਰ ਸਿੰਘ ਨੇ ਗੁਰਦੁਆਰੇ ਵਿੱਚ ਮਰਿਆਦਾ ਦੇ ਉਲਟ ਵਾਪਰੀ ਘਟਨਾ ਲਈ ਮਾਸਟਰ ਜੌਹਰ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸੱਤ ਦਿਨ ਦੀ ਸੇਵਾ ਮਗਰੋਂ ਗੁਰਦੁਆਰਾ ਛੋਟਾ ਘੱਲੂਘਾਰਾ ਵਿਖੇ ਅਖੰਡ ਪਾਠ ਕਰਾਉਣ ਅਤੇ 5100 ਰੁਪਏ ਗੁਰੂ ਦੀ ਗੋਲਕ ਵਿੱਚ ਖਿਮਾ ਯਾਚਨਾ ਦੀ ਅਰਦਾਸ ਕਰਾਉਣ ਦੇ ਆਦੇਸ਼ ਦਿੱਤੇ ਹਨ। ਮਾਸਟਰ ਜੌਹਰ ਸਿੰਘ ਨੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਲਾਈ ਗਈ ਤਨਖ਼ਾਹ ਨੂੰ ਕਬੂਲ ਕਰ ਲਿਆ। ਉਸ ਨੇ ਅਸਿੱਧੇ ਢੰਗ ਨਾਲ ਆਖਿਆ ਕਿ ਉਹ ਅਕਾਲ ਤਖ਼ਤ ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਹਾਜ਼ਰ ਨਹੀਂ ਹੋਵੇਗਾ ਕਿਉਂਕਿ ਉਸ ਨਾਲ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਬਦਸਲੂਕੀ ਕੀਤੀ ਹੈ।

## ਮੁਤਵਾਜ਼ੀ ਜਥੇਦਾਰਾਂ ਵੱਲੋਂ ਬੀਬੀ ਜਗੀਰ ਕੌਰ ਤਲਬ

ਮੁਤਵਾਜ਼ੀ ਜਥੇਦਾਰਾਂ ਨੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਗੀਰ ਕੌਰ ਨੂੰ 7 ਨਵੰਬਰ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਤਲਬ ਕੀਤਾ ਹੈ। ਭਾਈ ਧਿਆਨ ਸਿੰਘ ਮੰਡ ਨੇ ਆਖਿਆ ਕਿ ਉਸ ਉਪਰ ਆਪਣੀ ਧੀ ਅਤੇ ਉਸ ਦੇ ਗਰਭ ਵਿੱਚ ਪਲ ਰਹੇ ਬੱਚੇ ਨੂੰ ਮਾਰਨ ਦਾ ਦੋਸ਼ ਹੈ। ਇਸ ਮਾਮਲੇ ਵਿੱਚ ਉਸ ਨੂੰ ਅਦਾਲਤ ਵੱਲੋਂ ਸਜ਼ਾ ਵੀ ਸੁਣਾਈ ਗਈ ਹੈ ਪਰ ਇਸ ਦੇ ਬਾਵਜੂਦ ਉਹ ਧਾਰਮਿਕ ਅਹੁਦਿਆਂ 'ਤੇ ਬਣੀ ਹੋਈ ਹੈ, ਜਿਸ ਕਾਰਨ ਸੰਗਤਾਂ ਵਿੱਚ ਰੋਸ ਹੈ। ਸੰਗਤ ਵੱਲੋਂ ਇਸ ਸਬੰਧੀ ਸ਼ਿਕਾਇਤਾਂ ਭੇਜੀਆਂ ਗਈਆਂ ਹਨ। ਬੀਬੀ ਜਗੀਰ ਕੌਰ ਨੂੰ 7 ਨਵੰਬਰ ਨੂੰ ਇਸੇ ਮਾਮਲੇ ਵਿੱਚ ਆਪਣਾ ਪੱਖ ਪੇਸ਼ ਕਰਨ ਲਈ ਤਲਬ ਕੀਤਾ ਗਿਆ ਹੈ।

# ਮੁਤਵਾਜ਼ੀ ਜਥੇਦਾਰਾਂ ਵਲੋਂ ਲਾਈ ਸਜ਼ਾ ਤਹਿਤ ਜੌਹਰ ਸਿੰਘ ਨੇ ਪਲਾਜ਼ਾ 'ਚ ਝਾੜੂ ਮਾਰ ਕੇ ਸੇਵਾ ਕੀਤੀ ਸ਼ੁਰੂ

## ਸ੍ਰੀ ਹਰਿਮੰਦਰ ਸਾਹਿਬ ਵਿੱਚ ਸੇਵਾ ਕਰਨ ਤੋਂ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਰੋਕਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਮੁਤਵਾਜ਼ੀ ਜਥੇਦਾਰਾਂ ਵੱਲੋਂ ਲਾਈ ਤਨਖ਼ਾਹ ਪੂਰੀ ਕਰਨ ਲਈ ਗੁਰਦੁਆਰਾ ਛੋਟਾ ਘੱਲੂਘਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਾਸਟਰ ਜੌਹਰ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਬਾਹਰ ਪ੍ਰਵੇਸ਼ ਦੁਆਰ ਪਲਾਜ਼ਾ ਵਿੱਚ ਝਾੜੂ ਮਾਰ ਕੇ ਅਤੇ ਕੀਰਤਨ ਸੁਣ ਕੇ ਸੇਵਾ ਦੀ ਸ਼ੁਰੂਆਤ ਕੀਤੀ। ਇਸ ਤੋਂ ਪਹਿਲਾਂ ਮੁੜ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੇਵਾ ਸ਼ੁਰੂ ਕਰਨੀ ਚਾਹੀ ਪਰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਰੋਕ ਦਿੱਤਾ।

ਬੀਤੇ ਦਿਨੀਂ ਮਾਸਟਰ ਜੌਹਰ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਸੇਵਾ ਕਰਨੋਂ ਰੋਕਿਆ ਗਿਆ ਸੀ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਉਸ ਨੂੰ ਆਖਿਆ ਸੀ ਕਿ ਸ਼੍ਰੋਮਣੀ ਕਮੇਟੀ ਮੁਤਵਾਜ਼ੀ ਜਥੇਦਾਰਾਂ ਨੂੰ ਕੋਈ ਮਾਨਤਾ ਨਹੀਂ ਦਿੰਦੀ ਅਤੇ ਉਨ੍ਹਾਂ ਵੱਲੋਂ ਕੀਤੇ ਫੈਸਲੇ ਨੂੰ ਵੀ ਨਹੀਂ ਮੰਨਦੀ। ਪ੍ਰਵੇਸ਼ ਦੁਆਰ ਪਲਾਜ਼ਾ



ਵਿੱਚ ਲਗਪਗ ਦੋ ਘੰਟੇ ਸੇਵਾ ਕਰਨ ਮਗਰੋਂ ਉਸ ਨੇ ਗੱਲਬਾਤ ਕਰਦਿਆਂ ਆਖਿਆ ਕਿ ਮੁਤਵਾਜ਼ੀ ਜਥੇਦਾਰਾਂ ਵੱਲੋਂ ਲਾਈ ਸੱਤ ਦਿਨ ਦੀ ਤਨਖਾਹ ਤਹਿਤ ਉਸ ਨੇ ਇੱਥੇ ਪ੍ਰਵੇਸ਼ ਦੁਆਰ ਪਲਾਜ਼ਾ ਵਿੱਚ ਇਕ ਘੰਟਾ ਝਾੜੂ ਮਾਰਨ ਦੀ ਸੇਵਾ ਕੀਤੀ ਅਤੇ ਇਕ ਘੰਟਾ ਕੀਰਤਨ ਸੁਣਿਆ। ਉਹ ਇਸੇ ਤਰ੍ਹਾਂ ਆਪਣੀ ਸੇਵਾ ਪੂਰੀ ਕਰੇਗਾ। ਉਸ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਸੇਵਾ ਸ਼ੁਰੂ ਕਰਨ ਦਾ ਯਤਨ ਕੀਤਾ ਸੀ ਪਰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਅੰਦਰ ਜਾਣ ਤੋਂ ਰੋਕ ਦਿੱਤਾ। ਇਸ ਲਈ ਉਸ ਨੇ ਪਲਾਜ਼ਾ ਵਿੱਚ ਝਾੜੂ ਮਾਰ ਕੇ ਸਫ਼ਾਈ ਦੀ ਸੇਵਾ ਕੀਤੀ ਅਤੇ ਬਾਹਰ ਬੈਠ ਕੇ ਹੀ ਗੁਰਬਾਣੀ ਦਾ ਕੀਰਤਨ ਸੁਣਿਆ। ਉਸ ਨੇ ਸਪਸ਼ਟ ਕੀਤਾ ਕਿ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਹੀ ਉਸ ਨੇ ਸੇਵਾ ਸ਼ੁਰੂ ਕੀਤੀ ਹੈ।

ਦੱਸਣਯੋਗ ਹੈ ਕਿ ਮੁਤਵਾਜ਼ੀ ਜਥੇਦਾਰਾਂ ਨੇ ਉਸ ਨੂੰ 7 ਦਿਨ ਸ੍ਰੀ ਹਰਿਮੰਦਰ ਸਾਹਿਬ ਵਿੱਚ ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨ, ਇਕ ਘੰਟਾ ਜੂਠੇ ਭਾਂਡੇ ਮਾਂਜਣ ਅਤੇ ਇਕ ਘੰਟਾ ਜੋੜੇ ਝਾੜਨ ਦੀ ਸੇਵਾ ਲਾਈ ਸੀ। ਇਸ ਤੋਂ ਬਾਅਦ ਗੁਰਦੁਆਰਾ ਛੋਟਾ ਘੱਲੂਘਾਰਾ ਵਿੱਚ ਅਖੰਡ ਪਾਠ ਕਰਾਉਣ ਅਤੇ 5100 ਰੁਪਏ ਗੋਲਕ ਵਿੱਚ ਪਾਉਣ ਦੇ ਆਦੇਸ਼ ਦਿੱਤੇ ਸਨ। ਦੂਜੇ ਪਾਸੇ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਨਾ ਹੋਣ ਦੀ ਸੂਰਤ ਵਿੱਚ ਪੰਜ ਸਿੰਘ ਸਾਹਿਬਾਨ ਨੇ ਉਸ ਨੂੰ ਤਨਖਾਹੀਆ ਕਰਾਰ ਦਿੱਤਾ ਹੈ ਅਤੇ ਸਿੱਖ ਸੰਗਤ ਨੂੰ ਉਸ ਨਾਲ ਕੋਈ ਸਾਂਝ ਨਾ ਰੱਖਣ ਦੀ ਹਦਾਇਤ ਕੀਤੀ ਹੈ।

# ਜਗੀਰ ਕੌਰ ਸਮੇਤ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਮੁਤਵਾਜ਼ੀ ਜਥੇਦਾਰਾਂ ਖ਼ਿਲਾਫ਼ ਕਾਰਵਾਈ ਦੀ ਕੀਤੀ ਮੰਗ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਮੁਤਵਾਜ਼ੀ ਜਥੇਦਾਰਾਂ ਵੱਲੋਂ 7 ਨਵੰਬਰ ਨੂੰ ਤਲਬ ਕੀਤੇ ਜਾਣ ਬਾਅਦ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਕੁੱਝ ਮੈਂਬਰਾਂ ਸਮੇਤ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਇਕ ਪੱਤਰ ਸੌਂਪ ਕੇ ਅਪੀਲ ਕੀਤੀ ਹੈ ਕਿ ਅਕਾਲ ਤਖ਼ਤ ਦੀ ਮਾਣ ਮਰਿਆਦਾ ਨੂੰ ਢਾਹ ਲਾਉਣ ਦੇ ਦੋਸ਼ ਹੇਠ ਮੁਤਵਾਜ਼ੀ ਜਥੇਦਾਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਜਥੇਦਾਰ ਨੇ ਭਰੋਸਾ ਦਿੱਤਾ ਹੈ ਕਿ ਇਸ ਮਾਮਲੇ ਨੂੰ ਜਲਦੀ ਧਾਰਮਿਕ ਸਲਾਹਕਾਰ ਕਮੇਟੀ ਦੇ ਮੈਂਬਰਾਂ ਨਾਲ ਵਿਚਾਰਿਆ ਜਾਵੇਗਾ ਅਤੇ ਦੀਵਾਲੀ ਮਗਰੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਇਸ 'ਤੇ ਚਰਚਾ ਕੀਤੀ ਜਾਵੇਗੀ। ਜਥੇਦਾਰ ਕੋਲ ਜਾਣ ਤੋਂ ਪਹਿਲਾਂ ਇਥੇ ਗੁਰਦਾਸ ਹਾਲ ਵਿੱਚ ਇਕੱਠੇ ਹੋਏ ਸ਼੍ਰੋਮਣੀ ਕਮੇਟੀ ਦੇ ਲਗਭਗ 60 ਮੈਂਬਰਾਂ ਨੇ ਇਕ ਮਤਾ ਪਾਸ ਕੀਤਾ। ਇਹ ਮਤਾ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਿਆਮਪੁਰਾ ਨੇ ਪੜ੍ਹਿਆ। ਮਤੇ ਵਿੱਚ ਦੋਸ਼ ਲਾਇਆ ਗਿਆ ਕਿ ਮੁਤਵਾਜ਼ੀ ਜਥੇਦਾਰਾਂ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਬਰਾਬਰ ਕਾਰਵਾਈ ਕਰਨ, ਪ੍ਰਵੇਸ਼ ਦੁਆਰ ਪਲਾਜ਼ਾ ਵਿੱਚ ਖੜ੍ਹੇ ਹੋ ਕੇ ਹੁਕਮਨਾਮੇ ਜਾਰੀ ਕਰਨ ਨਾਲ



ਮੁਤਵਾਜ਼ੀ ਜਥੇਦਾਰਾਂ ਖ਼ਿਲਾਫ਼ ਕਾਰਵਾਈ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੱਤਰ ਸੌਂਪਦੇ ਹੋਏ ਜਗੀਰ ਕੌਰ।

ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਨੂੰ ਢਾਹ ਲੱਗ ਰਹੀ ਹੈ ਅਤੇ ਕੌਮ ਵਿੱਚ ਦੁਬਿਧਾ ਪੈਦਾ ਕੀਤੀ ਜਾ ਰਹੀ ਹੈ। ਇਸ ਲਈ ਮੁਤਵਾਜ਼ੀ ਜਥੇਦਾਰਾਂ ਖ਼ਿਲਾਫ਼ ਪੰਥਕ ਮਰਿਆਦਾ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ। ਜਗੀਰ ਕੌਰ ਨੇ ਦੋਸ਼ ਲਾਇਆ ਕਿ ਮੁਤਵਾਜ਼ੀ ਜਥੇਦਾਰ ਕਾਂਗਰਸ ਦੇ ਹੱਥ ਠੋਕੇ ਹਨ ਅਤੇ ਉਸ ਦੇ ਇਸ਼ਾਰੇ 'ਤੇ ਸਾਜ਼ਿਸ਼ ਤਹਿਤ ਅਕਾਲ ਤਖ਼ਤ ਦੀ ਮਾਣ ਮਰਿਆਦਾ ਨੂੰ ਢਾਹ ਲਗਾ ਰਹੇ ਹਨ।

ਜਗੀਰ ਕੌਰ ਨੇ ਕਿਹਾ ਕਿ ਇਹ ਮਾਮਲਾ ਇਕੱਲਾ ਉਸ ਨਾਲ ਨਹੀਂ ਬਲਕਿ ਸਮੁੱਚੇ ਪੰਥ ਨਾਲ ਜੁੜਿਆ ਹੈ। ਉਨ੍ਹਾਂ ਕਿਹਾ ਕਿ ਮੁਤਵਾਜ਼ੀ ਜਥੇਦਾਰਾਂ ਦੀ ਕਾਰਵਾਈ ਸ਼ਾਂਤੀ ਭੰਗ ਕਰਨ ਵਾਲੀ ਅਤੇ ਮਰਿਆਦਾ ਨੂੰ ਚੁਣੌਤੀ ਦੇਣ ਵਾਲੀ ਹੈ। ਇਸ ਦੌਰਾਨ ਪੱਤਰਕਾਰਾਂ ਵੱਲੋਂ ਪੁੱਛਿਆ ਜਾ ਰਿਹਾ ਸੀ ਕਿ ਮੀਟਿੰਗ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਬਚਾਉਣ ਲਈ ਹੈ ਜਾਂ ਜਗੀਰ ਕੌਰ ਨੂੰ ਬਚਾਉਣ ਵਾਸਤੇ ? ਮੁਤਵਾਜ਼ੀ ਜਥੇਦਾਰਾਂ ਵੱਲੋਂ ਲਾਏ ਦੋਸ਼ਾਂ ਬਾਰੇ ਸਵਾਲ ਪੁੱਛੇ ਗਏ। ਇਨ੍ਹਾਂ ਸਵਾਲਾਂ ਦਾ ਕੋਈ ਢੁਕਵਾਂ ਉੱਤਰ ਦੇਣ ਬਜਾਏ ਜਗੀਰ ਕੌਰ ਨੇ ਜੈਕਾਰਾ ਬੁਲਾ ਕੇ ਖਹਿੜਾ ਛੁਡਾਉਣ ਦਾ ਯਤਨ ਕੀਤਾ।

## ਸਿੰਘ ਸਾਹਿਬਾਨ ਨੇ ਬੂਟਾ ਸਿੰਘ ਨੂੰ ਪੰਥ 'ਚੋਂ ਛੇਕਿਆ, ਮਾਸਟਰ ਜੌਹਰ ਸਿੰਘ ਤਨਖਾਹੀਆ ਕਰਾਰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਨੇ ਗੁਰਦਾਸਪੁਰ ਦੇ ਕਾਹਨੂੰਵਾਨ ਸਥਿਤ ਗੁਰਦੁਆਰਾ ਛੋਟਾ ਘੱਲੂਘਾਰਾ ਦੀ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬੂਟਾ ਸਿੰਘ ਨੂੰ ਬਦਇਖਲਾਕੀ ਦੇ ਦੋਸ਼ ਹੇਠ ਪੰਥ ਵਿੱਚੋਂ ਛੇਕਣ ਅਤੇ ਪ੍ਰਧਾਨ ਮਾਸਟਰ ਜੌਹਰ ਸਿੰਘ ਨੂੰ ਤਨਖਾਹੀਆ ਕਰਾਰ ਦੇਣ ਦਾ ਹੁਕਮ ਸੁਣਾਇਆ ਹੈ। ਇਸ ਤੋਂ ਇਲਾਵਾ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਨੂੰ ਭੰਗ ਕਰਦਿਆਂ ਇਸ ਦਾ ਪ੍ਰਬੰਧ ਕਾਹਨੂੰਵਾਨ ਦੀ ਨਗਰ ਪੰਚਾਇਤ ਨੂੰ ਸੌਂਪਣ ਦਾ ਐਲਾਨ ਕੀਤਾ ਹੈ। ਇਕੱਤਰਤਾ ਵਿੱਚ ਬੀਬੀ ਜਗੀਰ ਕੌਰ



ਅਤੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਖ਼ਿਲਾਫ਼ ਆਈਆਂ ਸ਼ਿਕਾਇਤਾਂ ਬਾਰੇ ਫਿਲਹਾਲ ਕੋਈ ਕਾਰਵਾਈ ਨਹੀਂ ਹੋਈ ਜਦਕਿ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਅਤੇ ਅਰਜੁਨ ਸਿੰਘ ਬਾਦਲ ਨੂੰ ਡੇਰਾ ਸਿਰਸਾ ਜਾ ਕੇ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਪੇਸ਼ ਹੋਣ ਲਈ ਹੋਰ ਮੌਕਾ ਦੇਣ ਦਾ ਫ਼ੈਸਲਾ ਕੀਤਾ ਗਿਆ। ਅਕਾਲ ਤਖ਼ਤ ਦੇ ਸਕੱਤਰੇਤ ਵਿਚ ਹੋਈ ਇਕੱਤਰਤਾ ਵਿੱਚ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਸ਼ਾਮਲ ਸਨ। ਇਕੱਤਰਤਾ ਮਗਰੋਂ ਜਾਰੀ ਗੁਰਮਤਾ ਅਕਾਲ ਤਖ਼ਤ ਦੀ ਫਸੀਲ ਤੋਂ ਸੁਣਾਇਆ ਗਿਆ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਗੁਰਦੁਆਰਾ ਛੋਟਾ ਘੱਲੂਘਾਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਜੌਹਰ ਸਿੰਘ ਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਚਾਰ ਵਾਰ ਮੌਕਾ ਦਿੱਤਾ ਗਿਆ, ਪਰ ਉਹ ਆਪਣੀ ਸਪਸ਼ਟੀਕਰਨ ਦੇਣ ਲਈ ਹਾਜ਼ਰ ਨਹੀਂ ਹੋਇਆ। ਉਸ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਅਤੇ ਸਾਰੀਆਂ ਪੰਥਕ ਸੇਵਾਵਾਂ ਤੋਂ ਖਾਰਜ ਕਰ ਦਿੱਤਾ ਗਿਆ। ਇਸੇ ਤਰ੍ਹਾਂ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬੂਟਾ ਸਿੰਘ, ਜਿਸ 'ਤੇ ਆਚਰਨਹੀਣਤਾ ਦੇ ਦੋਸ਼ ਲੱਗੇ ਸਨ, ਨੂੰ ਪੰਥ ਵਿਚੋਂ ਛੇਕਣ ਦਾ ਐਲਾਨ ਕੀਤਾ ਗਿਆ ਹੈ।

ਬਾਕੀ ਸਫ਼ਾ 35 'ਤੇ

# ਗੁਰਦੁਆਰਾ ਪ੍ਰਬੰਧਕ ਕਮੇਟੀਆਂ ਮੁੜ ਮਹੰਤਾਂ-ਮਸੰਦਾਂ ਦੇ ਰਾਹ ਪਈਆਂ

**ਐਡਵੋਕੇਟ ਜਸਪਾਲ ਸਿੰਘ ਮੰਝਪੁਰ**
(ਫੋਨ : 98554-01843)

ਗੁਰੂ ਘਰਾਂ ਤੇ ਗੁਰ ਸੰਗਤ ਵਲੋਂ ਭੇਟਾਵਾਂ ਦੀ ਸਾਂਭ ਸੰਭਾਲ ਤੇ ਪ੍ਰਬੰਧ ਲਈ ਚੌਥੇ ਨਾਨਕ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਸਥਾਪਤ ਕੀਤੀ ਸੀ ਜੋ ਕਿ ਦੁਨਿਆਵੀ ਪ੍ਰਬੰਧ ਕਰਨ ਦੀ ਇਕ ਪ੍ਰਣਾਲੀ ਸੀ ਅਤੇ ਸਮਾਂ ਪੈ ਕੇ ਇਸ ਵਿਚ ਭ੍ਰਿਸ਼ਟਾਚਾਰ ਭਾਰੂ ਹੋ ਗਿਆ ਤਾਂ ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਇਸ ਪ੍ਰਥਾ ਦਾ ਅੰਤ ਕਰ ਦਿੱਤਾ ਅਤੇ ਭ੍ਰਿਸ਼ਟ ਤੇ ਵਿਭਚਾਰੀ ਮਸੰਦਾਂ ਨੂੰ ਤੇਲ ਵਿਚ ਪਾ ਕੇ ਸਾੜਿਆ ਗਿਆ। 18ਵੀਂ ਸਦੀ ਵਿਚ ਸਿੰਘ ਜੰਗਲਾਂ ਵਿਚ ਚਲੇ ਗਏ ਤਾਂ ਗੁਰੂ ਘਰਾਂ ਦਾ ਪ੍ਰਬੰਧ ਨਿਰਮਲੇ ਤੇ ਉਦਾਸੀ ਸੰਪਰਦਾਵਾਂ ਕੋਲ ਚਲਾ ਗਿਆ ਪਰ ਸਮਾਂ ਪੈਂਦਿਆਂ ਉਹਨਾਂ ਵਿਚ ਵੀ ਭ੍ਰਿਸ਼ਟਾਚਾਰ ਪੈਦਾ ਹੋ ਗਿਆ ਅਤੇ 20ਵੀਂ ਸਦੀ ਦੇ ਸ਼ੁਰੂ ਵਿਚ ਇਕ ਵਾਰ ਫਿਰ ਪ੍ਰਬੰਧਕਾਂ (ਮਹੰਤਾਂ) ਨੂੰ ਮੂੰਹ ਦੀ ਖਾਣੀ ਪਈ ਅਤੇ ਇਸ ਵਾਰ ਪ੍ਰਬੰਧ ਅੰਗਰੇਜ਼ੀ ਸਿਸਟਮ ਮੁਤਾਬਕ ਪ੍ਰਧਾਨ, ਸਕੱਤਰ, ਖਜ਼ਾਨਚੀ ਵਾਲਾ ਬਣ ਗਿਆ ਤੇ ਕੁਝ ਚਿਰ ਤਾਂ ਇਹ ਠੀਕ ਚੱਲਿਆ ਪਰ ਹੌਲੀ-ਹੌਲੀ ਇਸ ਵਿਚ ਵੀ ਭ੍ਰਿਸ਼ਟਾਚਾਰ ਤੇ ਹੁਣ ਹੱਦ ਦਰਜੇ ਤੱਕ ਵਿਭਚਾਰਤਾ ਆ ਚੁੱਕੀ ਹੈ। ਗੁਰੂ ਦਾ ਭੈਅ-ਸਤਿਕਾਰ ਖਤਮ ਹੋ ਗਿਆ ਤੇ ਦੁਨਿਆਵੀ ਕਾਨੂੰਨੀ ਲੜਾਈਆਂ ਤੇ ਇਕ ਧੜਾ ਦੂਜੇ ਧੜੇ ਦੀ ਅਜਾਰੇਦਾਰੀ ਖਤਮ ਕਰਕੇ ਆਪਣੀ ਅਜਾਰੇਦਾਰੀ ਕਾਇਮ ਕਰਨ ਲਈ ਜਾਂ ਸਥਾਪਤ ਧੜਾ ਆਪਣੀ ਅਜਾਰੇਦਾਰੀ ਜਾਰੀ ਰੱਖਣ ਲਈ ਮਨ ਆਏ ਫੈਸਲੇ ਕਰ ਰਹੇ ਹਨ। ਕਿਸੇ ਪਾਠੀ-ਗ੍ਰੰਥੀ-ਅਰਸਾਈਏ ਜਾਂ ਕੀਰਤਨੀਏ ਸਿੰਘ ਦੀ ਕੋਈ ਇੱਜ਼ਤ ਨਹੀ, ਜਦੋਂ ਮਰਜ਼ੀ ਬਦਲ ਦਿਓ, ਹਟਾ ਦਿਓ ਜਾਂ ਮਾਨਸਿਕ ਜ਼ਲੀਲ ਕਰ ਦਿਓ, ਚਪੜਾਸੀ ਤੋਂ ਵੱਧ ਕੇ ਕਿਸੇ ਦੀ ਔਕਾਤ ਨਹੀਂ ਸਮਝੀ ਜਾਂਦੀ। ਅਜਿਹਾ ਪੰਥ ਦੇ ਸਿਰਮੌਰ ਗੁਰੂ-ਘਰਾਂ ਤੋਂ ਲੈ ਕੇ ਪਿੰਡ-ਮਹੱਲਾ ਪੱਧਰ ਉਪਰ ਸਥਾਪਤ ਗੁਰੂ-ਘਰਾਂ ਵਿਚ ਹੋ ਰਿਹਾ ਹੈ। ਪੰਥ ਦਰਦੀਆਂ ਦਾ ਮਨ ਭਾਰੀ ਪੀੜਾ ਵਿਚੋਂ ਗੁਜ਼ਰ ਰਿਹਾ ਹੈ।



ਜੂਨ 1984 ਵਿਚ ਭਾਰਤੀ ਫੌਜ ਵਲੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਅਮੁੱਲਾ ਖਜ਼ਾਨਾ ਕੁਝ ਸਾੜ ਦਿੱਤਾ ਗਿਆ ਤੇ ਕੁਝ ਜਬਤ ਕਰ ਲਿਆ ਗਿਆ। ਆਮ ਵਰਤਾਰਾ ਹੈ ਕਿ ਸਾਲ ਵਿਚ ਇਕ-ਦੋ ਵਾਰ ਸਿੱਖ ਆਗੂ ਕਹਿੰਦੇ ਹਨ ਕਿ ਸਾਡਾ ਚੁੱਕਿਆ ਖਜ਼ਾਨਾ ਵਾਪਸ ਕਰੋ, ਇਹ ਬਸ ਅਖਬਾਰੀ ਬਿਆਨਾਂ ਤੱਕ ਸਿੱਖ ਜਜ਼ਬਾਤਾਂ ਨੂੰ ਟੁੰਬਣ ਲਈ ਹੀ ਕਿਹਾ ਜਾਂਦਾ ਹੈ ਜਦ ਕਿ ਅਸਲ ਸੱਚਾਈ ਹੈ ਕਿ ਵੱਖ-ਵੱਖ ਸਮੇਂ 'ਤੇ ਭਾਰਤ ਸਰਕਾਰ ਵਲੋਂ ਕਈ ਹਿੱਸਿਆਂ ਵਿਚ ਕਈ ਕੁਝ ਵਾਪਸੀ ਵੀ ਕੀਤੀ ਗਈ ਹੈ ਜਿਸਨੂੰ ਪ੍ਰਬੰਧਕਾਂ ਨੇ ਸੰਗਤਾਂ ਸਾਹਮਣੇ ਨਹੀਂ ਆਉਣ ਦਿੱਤਾ ਅਤੇ ਗੁਰ-ਸੰਗਤਾਂ ਨਾਲ ਧ੍ਰੋਹ ਕਮਾ ਕੇ ਮਾਇਆ ਦੀ ਖਾਤਰ ਦੁਰਲੱਭ ਵਸਤਾਂ ਵੇਚੀਆਂ ਵੀ ਗਈਆਂ ਅਤੇ ਗੁਰੂ ਨਿਸ਼ਾਨੀਆਂ ਵਿਚ ਹੇਰ-ਫੇਰ ਵੀ ਕੀਤਾ ਗਿਆ ਤੇ ਮੌਜੂਦਾ ਨਿਸ਼ਾਨੀਆਂ ਦੀ ਸਾਂਭ-ਸੰਭਾਲ ਵਿਚ ਵੀ ਹੱਦ ਦਰਜ਼ੇ ਦੀ ਲਾਪ੍ਰਵਾਹੀ ਵਰਤੀ ਜਾ ਰਹੀ ਹੈ। ਇਹ ਸਾਰਾ ਕੁਝ ਮੌਜੂਦਾ ਪ੍ਰਬੰਧਕਾਂ ਦੇ ਭ੍ਰਿਸ਼ਟ ਤੇ ਵਿਭਚਾਰੀ ਹੋਣ ਦੇ ਕਾਰਨ ਹੀ ਹੋ ਰਿਹਾ ਹੈ। ਲੋਕਲ ਕਮੇਟੀਆਂ ਦੀ ਜੇ ਹਾਲਤ ਦੇਖੀਏ ਤਾਂ ਪਿਛਲੇ ਦਿਨੀਂ ਲੁਧਿਆਣਾ ਦੀ ਕਲੋਨੀ ਪਾਲਮ ਵਿਹਾਰ, ਪਿੰਡ ਦਾਦ ਦੀ ਕਮੇਟੀ ਵਲੋਂ ਗੁਰੂ-ਘਰ ਦੇ ਭਾਈ ਸਾਹਿਬ ਨੂੰ ਸੇਵਾ ਤੋਂ ਜਵਾਬ ਦੇ ਦਿੱਤਾ ਅਤੇ ਤੁਰੰਤ ਗੁਰਦੁਆਰਾ ਸਾਹਿਬ ਛੱਡ ਜਾਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ। ਭਾਈ ਸੁਰਿੰਦਰ ਸਿੰਘ ਪਿਛਲੇ ਲੰਮੇਂ ਸਮੇਂ ਤੋਂ ਬੜੀ ਇਮਾਨਦਾਰੀ ਤੇ ਗੁਰਮਤਿ ਸਿਧਾਤਾਂ ਨਾਲ ਗੁਰੂ ਘਰ ਦੀ ਸੇਵਾ ਨਿਭਾ ਰਹੇ ਸਨ। ਉਹਨਾਂ ਦਾ ਕਸੂਰ ਇਹੀ ਸੀ ਕਿ ਉਹ ਕਮੇਟੀ ਮੈਂਬਰਾਂ ਦੀ ਹਉਮੈਂ ਨੂੰ ਪੱਠੇ ਨਹੀਂ ਸਨ ਪਾਉਂਦੇ। ਪਿਛਲੇ ਕਈ ਮਹੀਨਿਆਂ ਤੋਂ ਉਹਨਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ ਅਤੇ ਅਜਿਹੀਆਂ ਹੰਕਾਰੀਆਂ ਕਮੇਟੀਆਂ ਸਾਡੇ ਧੁਰਿਆਂ ਤੋਂ ਲੈ ਕੇ ਹੇਠਲੇ ਪੱਧਰ ਤੱਕ ਕਾਬਜ਼ ਹਨ ਅਤੇ ਸਭ ਗੁਰੂ-ਘਰਾਂ ਵਿਚ ਅਜਿਹੇ ਹੀ ਹਾਲਾਤ ਹਨ। ਕਿਸੀ ਭਲੀ ਗੁਰਮੁਖ ਰੂਹ ਨਾਲ, ਕਿਸੇ ਸੰਤ ਆਤਮਾ ਨਾਲ ਵੈਰ ਕਮਾ ਕੇ, ਆਪਣੇ ਹੰਕਾਰ ਕਰਕੇ ਗੁਰੂ-ਘਰ ਦੀ ਸੇਵਾ ਤੋਂ ਜਬਰੀ ਹਟਾ ਦੇਣਾ ਠੀਕ ਨਹੀਂ ਹੈ। ਭਾਈ ਸੁਰਿੰਦਰ ਸਿੰਘ ਨੂੰ ਸਤਿਗੁਰੂ-ਪਤਾਸ਼ਾਹ ਕਿਤੇ ਸੇਵਾ ਦੇ ਹੀ ਦੇਣਗੇ ਪਰ ਇਹਨਾਂ ਹੰਕਾਰੀਆਂ ਪ੍ਰਬੰਧਕ ਕਮੇਟੀਆਂ ਨੂੰ ਕਿੱਥੇ ਢੋਈ ਮਿਲੇਗੀ? ਮੌਜੂਦਾ ਪ੍ਰਬੰਧ ਵਿਚ ਇਕ ਗੱਲ ਹੋਰ ਖਾਸ ਹੈ ਕਿ ਦਿਸਦੇ ਪ੍ਰਬੰਧਕ ਆਪ ਆਪਣੀ ਅਕਲ ਮੁਤਾਬਕ ਫੈਸਲੇ ਨਹੀਂ ਲੈਂਦੇ ਸਗੋਂ ਇਹਨਾਂ ਪਿੱਛੇ ਮਾਇਆਧਾਰੀ, ਸਮਾਜਿਕ ਜਾਂ ਰਾਜਸੀ ਸ਼ਕਤੀ ਵਾਲੇ ਲੋਕ ਹੁੰਦੇ ਹਨ ਜੋ ਧਰਮ ਨੂੰ ਆਪਣੀ ਰਾਜਨੀਤੀ, ਆਰਥਿਕਤਾ ਜਾਂ ਚੌਧਰ ਵਧਾਉਣ ਲਈ ਵਰਤਦੇ ਹਨ ਅਤੇ ਇਸ ਲਈ ਉਹ ਗੁਰੂ-ਘਰਾਂ ਦੇ ਪ੍ਰਬੰਧ ਵਿਚ ਵੀ ਆਪਣੀਆਂ ਦੁਕਾਨਾਂ ਜਾਂ ਧੰਦਿਆਂ ਵਾਂਗ ਨਫਾ ਹੀ ਲੋਚਦੇ ਹਨ ਉਹਨਾਂ ਵਲੋਂ ਬਾਹਰੀ ਵਿਖਾਵੇ ਲਈ ਬਹੁਤ ਕੁਝ ਕੀਤਾ ਜਾਂਦਾ ਹੈ ਪਰ ਗੁਰੂ ਦਾ ਭੈਅ ਤੇ ਭਾਓ ਉਹਨਾਂ ਵਿਚੋਂ ਲਗਭਗ ਖਤਮ ਹੀ ਹੋ ਚੁੱਕਾ ਹੈ। ਉਹਨਾਂ ਦੀ ਕਹਿਣੀ ਤੇ ਕਰਣੀ ਵਿਚ ਢੇਰ ਅੰਤਰ ਆ ਚੁੱਕਾ ਹੈ। ਜਦੋਂ ਉਹ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ ਤਾਂ ਉਹਨਾਂ ਦੀਆਂ ਅੱਖਾਂ ਉਹਨਾਂ ਦਾ ਸਾਥ ਨਹੀਂ ਦਿੰਦੀਆਂ ਸਪੱਸ਼ਟ ਨਜ਼ਰ ਆਉਂਦੀਆਂ ਹਨ। ਵੇਖਿਆ ਜਾਵੇ ਤਾਂ ਅਜਿਹੇ ਪ੍ਰਬੰਧਕਾਂ ਨੇ ਇਤਿਹਾਸ ਤਾਂ ਜ਼ਰੂਰ ਪੜ੍ਹਿਆ ਹੋਵੇਗਾ ਕਿ ਸੱਚ ਦੀ ਹੀ ਹਮੇਸ਼ਾ ਜਿੱਤ ਹੁੰਦੀ ਆਈ ਹੈ ਪਰ ਬਿੱਖ ਖਾ-ਖਾ ਕੇ ਇਹਨਾਂ ਦੀਆਂ ਅੱਖਾਂ ਅੱਗੇ ਅਜਿਹਾ ਪਰਦਾ ਪੈ ਚੁੱਕਿਆ ਹੈ ਕਿ ਇਹਨਾਂ ਨੂੰ ਭਵਿੱਖ ਨਜ਼ਰੀਂ ਨਹੀਂ ਪੈਂਦਾ।

ਪੰਥ ਨੇ ਆਪਣੇ ਇਤਿਹਾਸਕ ਗੁਰਧਾਮਾਂ ਨੂੰ ਮਸੰਦਾਂ-ਮਹੰਤਾਂ ਤੋਂ ਛੁਡਵਾ ਕੇ ਜੋ ਪ੍ਰਬੰਧ ਚਲਾਇਆ ਅੱਜ ਉਹ ਦੁਬਾਰਾ ਗੰਧਲਾ ਹੋ ਗਿਆ ਅਤੇ ਨਾਲ ਹੀ ਲੋਕਲ ਪਿੰਡਾਂ-ਸ਼ਹਿਰਾਂ ਵਿਚ ਵੀ ਕਮੇਟੀਆਂ ਦਾ ਸੁਭਾ ਵੀ ਮਸੰਦਾਂ-ਮਹੰਤਾਂ ਜਿਹਾ ਹੋ ਗਿਆ ਹੈ। ਇਸ ਲਈ ਧੜੇਬੰਦੀਆਂ ਤੋਂ ਉਪਰ ਉੱਠ ਕੇ ਖਾਸ ਕਰ ਸਿੱਖ ਨੌਜਵਾਨਾਂ ਨੂੰ ਗੁਰੂ-ਲਿਵ ਵਿਚ ਜੁੜ ਕੇ ਗੁਰਮਤਿ ਰਾਹ ਮੁਤਾਬਕ ਗੁਰੂ-ਘਰਾਂ ਦੇ ਮੌਜੂਦਾ ਹੰਕਾਰੀ, ਭ੍ਰਿਸ਼ਟ ਤੇ ਵਿਭਚਾਰੀ ਮਹੰਤਾਂ-ਮਸੰਦਾਂ ਨੂੰ ਬਦਲਣ ਦਾ ਸੰਘਰਸ਼ ਵਿੱਢਣਾ ਚਾਹੀਦਾ ਹੈ। ਨੀਲੇ ਦਾ ਸ਼ਾਹ ਅਸਵਾਰ ਆਪ ਸਹਾਈ ਹੋਵੇਗਾ।

# ਮੁੰਬਈ ਨਿਵਾਸੀ ਬੀਬੀ ਸੁਰਜੀਤ ਕੌਰ ਵਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ 41 ਲੱਖ ਦਾ ਸੋਨੇ ਦਾ ਹਾਰ ਭੇਟ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੰਬਈ ਨਿਵਾਸੀ ਗੁਰੂ ਘਰ ਦੀ ਸ਼ਰਧਾਲੂ ਬੀਬੀ ਸੁਰਜੀਤ ਕੌਰ ਵਲੋਂ ਸ੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਬਾਰ੍ਹਾਂ ਸੌ ਬਾਰ੍ਹਾਂ ਗ੍ਰਾਮ ਸੋਨੇ ਦਾ ਹਾਰ ਭੇਟ ਕਰਕੇ ਆਪਣੀ ਸ਼ਰਧਾ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸ ਹਾਰ ਦੀ ਕੀਮਤ ਲਗਭਗ 41 ਲੱਖ ਰੁਪਏ ਹੈ। ਬੀਬੀ ਸੁਰਜੀਤ ਕੌਰ ਨੇ ਕਿਹਾ ਕਿ ਇਸ ਪਾਵਨ ਅਸਥਾਨ ਦੀ ਸ਼ੋਭਾ ਤੇ ਮਹੱਤਤਾ ਬਹੁਤ ਵੱਡੀ ਹੈ ਅਤੇ ਇਥੋਂ ਸਮੁੱਚੀ ਮਾਨਵਤਾ ਨੂੰ ਅਨੰਤ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਮਿਹਰ ਸਦਕਾ ਉਨ੍ਹਾਂ ਬਹੁਤ ਕੁਝ ਇਥੋਂ ਹਾਸਲ ਕੀਤਾ ਹੈ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਹੀ ਇਥੇ ਪੁੱਜੇ ਹਾਂ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਬੀਬੀ ਸੁਰਜੀਤ ਕੌਰ ਅਰੋੜਾ ਨੇ ਪ੍ਰਕਾਸ਼ ਪੁਰਬ ਸੋਨੇ ਦਾ ਹਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕਰਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਬੀਬੀ ਸੁਰਜੀਤ ਕੌਰ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਸਕੱਤਰ ਡਾ. ਰੂਪ ਸਿੰਘ, ਮੈਨੇਜਰ ਸੁਲੱਖਣ ਸਿੰਘ ਭੰਗਾਲੀ ਤੇ ਬੀਬੀ ਰਮਨਦੀਪ ਕੌਰ ਹਾਜ਼ਰ ਸਨ।



# ਅਮਰੀਕੀ ਸੰਸਥਾ ਵਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਪੁਰਬ ਸਮਾਗਮ ਅਗਲੇ ਮਹੀਨੇ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਸੰਸਥਾ ਵਲੋਂ ਅਗਲੇ ਮਹੀਨੇ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਕਰਵਾਇਆ ਜਾਵੇਗਾ। ਗੁਰੂ ਗੋਬਿੰਦ ਸਿੰਘ ਜੀ ਦੀ ਵਿਰਾਸਤ ਦੇ 350 ਸਾਲ ਮਨਾਉਣ ਲਈ ਸਮਿਥਸੋਨੀਅਨ ਇੰਸਟੀਚਿਊਟ ਨੇ ਭਾਰਤੀ ਦੂਤਘਰ ਨਾਲ ਮਿਲ ਕੇ ਅਗਲੇ ਮਹੀਨੇ ਇਕ ਕਾਨਫਰੰਸ ਤੇ ਸੰਗੀਤ ਸਮਾਰੋਹ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੀ ਵਿਰਾਸਤ 'ਤੇ ਕਾਨਫਰੰਸ ਨੂੰ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਨਵਤੇਜ ਸਰਨਾ ਸਮੇਤ ਚੋਟੀ ਦੇ ਮਾਹਰ ਸੰਬੋਧਨ ਕਰਨਗੇ। ਵਕਾਰੀ ਰੋਨਾਲਡ ਰੀਗਨ ਇਮਾਰਤ ਵਿਚ ਹੋ ਰਹੀ ਕਾਫਰੰਸ ਨੂੰ ਸੰਬੋਧਨ ਕਰਨ ਵਾਲੇ ਦੂਸਰੇ ਬੁਲਾਰਿਆਂ ਵਿਚ ਲੇਖਕ ਨਿੱਕੀ-ਗੁਰਿੰਦਰ ਕੌਰ ਸਿੰਘ, ਸਿੱਖ ਸੰਗੀਤ ਵਿਰਾਸਤ ਦੀ ਪ੍ਰੋਡਿਊਸਰ ਜਸਵੀਰ ਕੌਰ ਰਬਾਬਣ ਅਤੇ ਸਿੱਖ ਫਾਊਂਡੇਸ਼ਨ ਦੀ ਅਗਜ਼ੈਕਟਿਵ ਡਾਇਰੈਕਟਰ ਸੋਨੀਆ ਧਾਮੀ ਸ਼ਾਮਲ ਹਨ।

# ਕਾਹਲੋਂ ਪਰਿਵਾਰ ਨੂੰ ਸਦਮਾ, ਬੀਬੀ ਬਲਰਾਜ ਕੌਰ ਦਾ ਦੇਹਾਂਤ

### *ਸਸਕਾਰ ਤੇ ਅੰਤਿਮ ਅਰਦਾਸ 21 ਅਕਤੂਬਰ, ਸ਼ਨਿਚਰਵਾਰ ਨੂੰ*

**ਸੈਕਰਾਮੈਂਟੋ/ਬਿਊਰੋ ਨਿਊਜ਼ :** ਕਾਲਾ ਅਫਗਾਨਾ ਦੇ ਕਾਹਲੋਂ ਪਰਿਵਾਰ ਤੇ ਦੁੱਖਾਂ ਦਾ ਪਹਾੜ ਟੁੱਟਾ ਹੈ। ਹਾਲੇ ਦੋ ਹਫਤੇ ਪਹਿਲਾਂ ਰਾਣਾ ਕਾਹਲੋਂ ਦੇ ਵੱਡੇ ਭਰਾ ਸਵਰਗਵਾਸ ਹੋ ਗਏ ਸਨ। ਹੁਣ 15 ਅਕਤੂਬਰ ਨੂੰ ਉਨ੍ਹਾਂ ਦੇ ਵੱਡੇ ਭਰਾ ਦਰਸ਼ਨ ਸਿੰਘ ਕਾਹਲੋਂ ਦੀ ਸੁਪਤਨੀ ਬੀਬੀ ਬਲਰਾਜ ਕੌਰ ਵੀ ਸਵਰਗਵਾਸ ਹੋ ਗਏ ਹਨ। ਉਹ ਆਪਣੇ ਪਿੱਛੇ ਇਕ ਪੁੱਤਰ ਰੁਪਿੰਦਰ ਸਿੰਘ ਤੇ ਦੋ ਧੀਆਂ ਸਨੀ ਕੌਰ ਤੇ ਜਵਾਈ ਦਲਵਿੰਦਰ ਸਿੰਘ ਪੱਡਾ ਅਤੇ ਦੂਜੀ ਲੜਕੀ ਸਿਮਰਨ ਕੌਰ ਤੇ ਜਵਾਈ ਰਣਵੀਰ ਸਿੰਘ ਸੰਧੂ ਤੇ ਪੋਤਾ, ਪੋਤੀਆਂ ਛੱਡ ਗਏ ਹਨ। ਬੀਬੀ ਬਲਰਾਜ ਕੌਰ ਦਾ ਸਸਕਾਰ 21 ਅਕਤੂਬਰ, ਸ਼ਨਿੱਚਰਵਾਰ ਸਵੇਰੇ 10.00 ਵਜੇ North Sacramento Funeral Home, 725 EL Camino Ave ਵਿਖੇ ਕੀਤਾ ਜਾਵੇਗਾ ਤੇ ਅੰਤਿਮ ਅਰਦਾਸ ਗੁਰੂ ਘਰ ਦਸਮੇਸ਼ ਦਰਬਾਰ 7733 ELK Grove, Florin Road Sacramento, CA 85829 ਵਿਖੇ ਕੀਤੀ ਜਾਵੇਗੀ। ਦੁੱਖ ਸਾਂਝਾ ਕਰਨ ਲਈ ਕਾਹਲੋਂ ਪਰਿਵਾਰ ਨੂੰ 510-378-8560, 916-420-0642 ਅਤੇ 408-531-7043 ਜਾਂ ਸੰਧੂ ਪਰਿਵਾਰ ਨਾਲ 916-370-1554 ਅਤੇ 408-313-9670 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਡੀ ਐਫ ਡਬਲਿਓ ਸਪੋਰਟਸ ਕਲੱਬ ਦੇ ਵਿਰਾਸਤੀ ਖੇਡ ਮੇਲੇ 'ਚ ਕਬੱਡੀ ਤੇ ਵਾਲੀਬਾਲ ਦੇ ਦਿਲਚਸਪ ਮੁਕਾਬਲੇ

### *ਡੈਲਸ ਦੀ ਟੀਮ ਨੇ ਸਿਆਟਲ ਨੂੰ ਹਰਾ ਕੇ ਜਿੱਤਿਆ ਪਹਿਲਾ ਇਨਾਮ • ਦੁੱਲਾ ਬੱਗਾ ਪਿੰਡ ਬੈਸਟ ਰੇਡਰ ਅਤੇ ਚੰਨਾ ਭੇਟਾਂ ਬੈਸਟ ਸਟਾਪਰ ਐਲਾਨੇ*

## ਦੂਰ ਦੁਰਾਡੀਆਂ ਥਾਂਵਾਂ ਤੋਂ ਪੁੱਜੇ ਖੇਡ ਪ੍ਰੇਮੀਆਂ ਨੇ ਖਿਡਾਰੀਆਂ ਤੇ ਪ੍ਰਬੰਧਕਾਂ ਦੇ ਹੌਂਸਲੇ ਵਧਾਏ

**ਡੈਲਸ ਟੈਕਸਸ/ਹਰਜੀਤ ਸਿੰਘ ਢੇਸੀ:** ਸਥਾਨਕ ਡੀ ਐਫ ਡਬਲਿਓ ਇੰਟਰਨੈਸ਼ਨਲ ਸਪੋਰਟਸ ਕਲੱਬ ਵੱਲੋਂ ਤੀਸਰਾ ਪੰਜਾਬੀ ਖੇਡਾਂ ਦਾ ਵਿਰਾਸਤੀ ਖੇਡ ਮੇਲਾ ਲੰਘੇ ਸ਼ਨਿਚਰਵਾਰ ਸਿੱਖ ਟੈਂਪਲ ਆਫ਼ ਨੌਰਥ ਟੈਕਸਸ ਦੀਆਂ ਗਰਾਊਂਡਾਂ ਵਿਚ ਸ਼ਾਨਦਾਰ ਢੰਗ ਨਾਲ ਕਰਵਾਇਆ ਗਿਆ ਜਿਸ ਵਿਚ ਭਾਰੀ ਗਿਣਤੀ ਖੇਡ ਪ੍ਰੇਮੀਆਂ ਨੇ ਪਹੁੰਚ ਕੇ ਪੂਰਾ ਦਿਨ ਇਸ ਦਾ ਆਨੰਦ ਮਾਣਿਆ। ਇਸ ਮੇਲੇ ਦਾ ਆਨੰਦ ਮਾਨਣ ਲਈ ਟੈਕਸਸ ਸਟੇਟ ਤੋਂ ਇਲਾਵਾ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਖੇਡ ਪ੍ਰੇਮੀ ਡੈਲਸ ਵਿਖੇ ਪਧਾਰੇ। ਇਸ ਮੇਲੇ ਵਿਚ ਭਾਗ ਲੈਣ ਵਾਲੀਆਂ ਕੌਮਾਂਤਰੀ ਪੱਧਰ ਦੀਆਂ ਟੀਮਾਂ ਨੇ ਆਪਣੀ ਖੇਡ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਮੇਲੇ ਵਿਚ ਖਿਡਾਰੀਆਂ ਨੂੰ ਹਜ਼ਾਰਾਂ ਡਾਲਰਾਂ ਨਕਦ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ ਗਈ.

ਮੁੱਖ ਮੁਕਾਬਲੇ ਕਬੱਡੀ ਤੇ ਵਾਲੀਵਾਲ ਦੀਆਂ ਟੀਮਾਂ ਵਿਚਕਾਰ ਹੋਏ. ਕਬੱਡੀ ਵਿਚ ਡੈਲਸ ਦੀ ਟੀਮ ਨੇ ਸਿਆਟਲ ਨੂੰ ਹਰਾ ਕੇ ਪਹਿਲਾ ਇਨਾਮ ਆਪਣੀ ਟੀਮ ਦੇ ਨਾਮ ਕੀਤਾ. ਰਨਰਅੱਪ ਰੋਇਲ ਕਿੰਗ ਕੈਲੀਫੋਰਨੀਆ ਦੀ ਟੀਮ ਰਹੀ. ਬੈਸਟ ਰੇਡਰ ਦੁੱਲਾ ਬੱਗਾ ਪਿੰਡ, ਬੈਸਟ ਸਟਾਪਰ ਚੰਨਾ ਭੇਟਾਂ। ਇਸ ਮੌਕੇ ਕਬੱਡੀ ਪ੍ਰਮੋਟਰ ਬਰੈਟੀ ਗਿੱਲ, ਮੋਹਨਾ ਸਿਆਟਲ, ਛੱਬਾ ਥਿਆੜਾ, ਕਾਬਲ ਗਿੱਲ, ਰੈਫਰੀ ਰਾਣਾ ਭੰਡਾਲ ਅਤੇ ਕੋਚ ਪਰਮਜੀਤ ਸਿੰਘ ਨੂੰ ਮਾਂ ਖੇਡ ਕਬੱਡੀ ਨੂੰ ਪਰਮੋਟ ਕਰਨ ਦੇ ਬਦਲੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਰੈਫਰੀ ਰਾਣਾ ਭੰਡਾਲ ਨੂੰ ਗੋਲਡ ਮੈਡਲ ਨਾਲ ਨਿਵਾਜਿਆ ਗਿਆ। ਕਬੱਡੀ ਤੋਂ ਇਲਾਵਾ ਰੱਸਾ ਕੱਸ਼ੀ, ਮਿਊਜੀਕਲ ਚੇਅਰ ਅਤੇ ਦੌੜਾਂ ਦੇ ਮੁਕਾਬਲੇ ਕਰਵਾਏ ਗਏ ਜਿਸ ਵਿਚ ਪ੍ਰਤੀਯੋਗੀਆਂ ਨੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਇਸ ਮੇਲੇ ਨੂੰ ਸਫਲ ਬਨਾਉਣ ਵਿਚ ਜਿਨ੍ਹਾਂ ਸ਼ਖ਼ਸੀਅਤਾਂ ਨੇ ਕਾਬਿਲੇ ਏ, ਤਾਰੀਫ਼ ਯੋਗਦਾਨ ਪਾਇਆ ਉਨ੍ਹਾਂ ਵਿਚ ਸਰਦਾਰ ਅਜਮੇਰ ਸਿੰਘ ਅਤੇ ਜਗਰਾਜ ਸਿੰਘ ਸੂਪਰ ਸਪਾਨਸਰ ਨੇ ਪਹਿਲਾਂ ਇਨਾਮ ਕਬੱਡੀ ਦਾ ਦਿੱਤਾ। ਹਿਊਸਟਨ ਬ੍ਰਾਦਰਜ਼ ਵੱਲੋਂ ਕਬੱਡੀ ਦਾ ਦੂਜਾ ਇਨਾਮ ਦਿੱਤਾ ਗਿਆ। ਮੈਨਜ਼ਫੀਲਡ ਗਰੁੱਪ ਵੱਲੋਂ ਕਬੱਡੀ ਫਸਟ ਐਂਟਰੀ ਅਤੇ ਸ਼ੂਗਰਲੈਂਡ ਬ੍ਰਾਦਰਜ਼ ਹਿਊਸਟਨ ਵੱਲੋਂ ਸੈਕਿੰਡ ਐਂਟਰੀ। ਇਸ ਮੇਲੇ ਦੇ ਚੀਫ਼ ਗੈਸਟ ਮਨਪ੍ਰੀਤ ਵਾਲੀਆ ਸਨ।

ਸੰਬੰਧਤ ਰੰਗਦਾਰ ਤਸਵੀਰਾਂ
ਸਫ਼ਾ 24 'ਤੇ ਦੇਖੋ



ਗਰੈਂਡ ਸਪਾਂਸਰ: ਪਟਿਆਲਾ ਗਰੁੱਪ, ਜਗਜੀਤ ਮਾਂਗਟ, ਬੌਬੀ ਸੰਧੂ, ਗੋਲਡੀ ਕਾਲੀਕੇ, ਲਾਡਾ ਮਾਨ, ਰੂਪੀ ਭਾਈ, ਪਰਾਊਡ ਸਪਾਂਸਰ ਗੁਰਦੇਵ ਹੇਅਰ ਆਨਰੇਬਲ ਗੈਸਟ ਸਰਦਾਰ ਸ਼ਰੀਫ ਆਨਰੇਬਲ ਸਪਾਂਸਰ ਕਰਨੈਲ ਸਿੰਘ ਅਤੇ ਕੰਵਲਜੀਤ ਸਿੰਘ, ਪਰਾਊਡ ਕਬੱਡੀ ਸਪਾਂਸਰ ਰੰਧਾਵਾ ਬ੍ਰਾਦਰਜ਼ Proud Media & ਕਬੱਡੀ ਸਪਾਂਸਰ ਢੇਸੀ ਬ੍ਰਾਦਰਜ਼, ਪ੍ਰਮਿੰਦਰ ਸੰਘੇੜਾ ਪਲਾਟੀਨਮ ਸਪਾਂਸਰ ਪੰਜਾਬ ਹੈਰੀਟੇਜ ਗਰੁੱਪ Wylie ਜਗਤਾਰ ਵਿਰਕ ਹੈਪੀ ਬਰਾੜ, ਰਣਬੀਰ ਗਿੱਲ, ਵਿੱਕੀ ਸਹੋਤਾ, ਰਵੀ ਚੀਮਾ, ਗੁਰਮਿੰਦਰ ਪੱਡਾ ਹਿਊਸਟਨ ਬੁੱਟਰ ਬ੍ਰਾਦਰਜ਼ ਹਿਊਸਟਨ, ਯੂਨਾਇਡ ਗਰੁੱਪ ਗੁਰਸ਼ਰਨ ਬਗਲੀ, ਹਰਦੀਪ ਗੁਰਨਾ, ਦਲਵਿੰਦਰ ਖਟੜਾ, ਗੁਰਚਰਨ ਬਗਲੀ, ਹਰਜੀਤ ਬਗਲੀ, ਬਿੰਦ ਬ੍ਰਾਦਰਜ਼ ਸੁਰਿੰਦਰ ਬਿੰਦ, ਰਾਜੂ ਬਿੰਦ, ਬੌਬੀ ਬਰਾੜ ਹੈਸਟਲ ਬ੍ਰਾਦਰਜ਼, ਪੈਨੀ ਸਿੱਧੂ, ਰਾਜਾ ਸੰਧੂ, ਬੌਬੀ ਭੰਗੂ, ਕੁਲਦੀਪ ਮੱਟੂ, ਰਤਨ ਸਿੱਧੂ ਸੰਨੀ, ਈਸਟ ਡੈਲਸ ਗਰੁੱਪ ਗੁਰਪ੍ਰੀਤ ਬਢਿਆਲ, ਪਰਦੀਪ ਗਰਚਾ, ਲਾਲੀ ਸੰਧੂ ਜੱਸੀ ਖੰਗੂੜਾ।

ਡਾਇਮੰਡ ਸਪਾਂਸਰ: ਹਰਦਮ ਸਿੰਘ ਆਜ਼ਾਦ, ਗੁਰਮੇਲ ਸਿੰਘ ਸੂਚ, ਬੱਬੂ ਡੁਮਛੇੜੀ, ਸੁਰਜੀਤ ਸਿੰਘ, ਕੁਲਜੀਤ ਚੀਮਾ ਮਹਿੰਦਰ ਸਿੰਘ ਮਛਿਆਨਾ, ਮਨੋਹਰ ਮਾਨ ਆਰ ਬੀ ਸਿੰਘ, ਨਰਿੰਦਰ ਨਾਗਰਾ, ਅਮਨ ਸਿੱਧੂ ਹਿਊਸਟਨ ਹਿੱਤਪਾਲ ਸੰਧਾਰ, ਪਾਲ ਸੰਧੂ, ਗੁਰਬੀਰ ਥੋਪਾਰਾਏ, ਪੀ ਪੀ ਸਿੰਘ, ਦਲਜੀਤ ਸਿੰਘ, ਭੁਪਿੰਦਰ ਸਿੰਘ, ਅਰੁਣ ਪਟੇਲ, ਬੱਚਾ ਤਿਵਾੜੀ, ਜਸਵੰਤ ਔਲਖ, ਜਗਦੀਸ਼ ਭਿੰਡਰ, ਅਮਨ ਚਾਹਲ, ਨਾਜਰ ਸਿੰਘ, ਵਰਣ ਕੁਮਾਰ, ਵਿਵੇਕ ਦੁੱਗਲ, ਸਰਬਜੀਤ ਗਿੱਲ, ਸਨਦੀਪ ਕੰਗ ਮਾਨ ਬ੍ਰਾਦਰਜ਼, ਲੱਕੀ ਪੰਨੂ, ਰਾਜੂ ਹੀਰ, ਸੁਨੀਲ ਕੁਮਾਰ, ਹਰਭਜਨ ਸਿੰਘ ਨਿੱਝਰ, ਅਵਤਾਰ ਬੈਂਸ।

**ਵਾਲੀਵਾਲ ਦਾ ਪਹਿਲਾ ਇਨਾਮ ਗਿੱਲ ਬ੍ਰਾਦਰਜ਼ ਵੱਲੋਂ ਦੂਸਰਾ ਹਰਇੰਦਰਪਾਲ ਸਿੰਘ**

ਗੋਲਡ ਸਪਾਂਸਰ: ਮੰਡਾਰਾ ਬ੍ਰਾਦਰਜ਼, ਮੱਖਣ ਸਿੰਘ, ਸੋਡੀ, ਜੀਤ, ਜੱਸੀ ਮੰਡਾਰਾ, ਸਿੱਖ ਯੂਥ ਆਫ ਮਰਫੀ ਨਿਰਭੈ ਸਿੰਘ ਸੰਧੂ, ਲਾਡੀ ਜੱਜ, ਮੋਹਣ ਸਿੰਘ, ਰਾਜ ਸਿੰਘ। ਡੀ ਐਫ ਡਬਲਿਓ ਇੰਟਰਨੈਸ਼ਨਲ ਸਪੋਰਟਸ ਕਲੱਬ ਦੇ ਪ੍ਰਬੰਧਕੀ ਬੋਰਡ, ਗੁਰਮੇਲ ਸਿੰਘ ਸੂਚ, ਰਜਿੰਦਰ ਸਿੱਧੂ, ਅਜਮੇਰ ਸਿੰਘ, ਗੁਰਮੇਲ ਸਿੰਘ ਢੇਸੀ, ਮਹਿੰਦਰ ਮਛਿਆਨਾ, ਸੋਨੂੰ ਢਿੱਲੋਂ, ਪੈਨੀ ਸਿੱਧੂ, ਸਰਬਜੀਤ ਗਿੱਲ, ਸਨਦੀਪ ਕੰਗ, ਜਗਰਾਜ ਸਿੰਘ, ਸੁਨੀਲ ਕੁਮਾਰ, ਰਾਜੂ ਹੀਰ, ਤਜਿੰਦਰ ਸਿੰਘ ਮਾਨ, ਗੁਰਿੰਦਰ ਸਿੰਘ, ਜਗਤਾਰ ਸਿੰਘ ਬੱਬੀ, ਸੋਹਣ ਪਾਬਲਾ, ਜੋਗਾ ਸੰਧੂ, ਜੱਸੀ ਚਾਹਲ, ਅਤੇ ਕੋਚ ਸ਼ੇਰ ਏ ਪੰਜਾਬ ਸਿੰਘ ਰੰਧਾਵਾ ਵੱਲੋਂ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਹ ਸਪਾਂਸਰਜ਼ ਸਾਹਿਬਾਨ ਸਹਿਯੋਗੀਆਂ ਅਤੇ ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਸਭ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਦੇ ਸਹਿਯੋਗੀ ਤੋਂ ਬਗੈਰ ਇਹ ਖੇਡ ਮੇਲਾ ਮੁਮਕਿਨ ਨਹੀਂ ਸੀ।

# ਸ੍ਰੀ ਅੰਮ੍ਰਿਤਸਰ ਸਾਹਿਬ, ਦੀਵਾਲੀ ਅਤੇ ਬੰਦੀ ਛੋੜ ਦਿਵਸ

ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿਚ ਦੀਵਾਲੀ ਦੀਪ-ਪੂਜਾ ਤੇ ਲੱਛਮੀ-ਪੂਜਾ ਦੇ ਰੂਪ ਵਿਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਦੀਵਾਲੀ ਨਹੀਂ ਮਨਾਉਂਦੇ, ਸਿੱਖ ਤਾਂ ਬੰਦੀ-ਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ੍ਰੀ ਅੰਮ੍ਰਿਤਸਰ ਆਗਮਨ ਦੀ ਖੁਸ਼ੀ ਵਿਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰ ਕੇ, ਆਤਿਸ਼ਬਾਜੀ ਚਲਾ ਕੇ ਆਪਣੇ ਪਿਆਰੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ, ਇਸ ਤਰਘਾਂ ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ ਬੰਦੀ-ਛੋੜ ਦਿਵਸ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ।

**ਰੂਪ ਸਿੰਘ**



ਅੰਮ੍ਰਿਤਸਰ ਕੇਵਲ ਸਿੱਖ ਧਰਮ ਦੇ ਲੋਕਾਂ ਲਈ ਹੀ ਨਹੀਂ, ਸਗੋਂ ਵਿਸ਼ਵ ਭਰ ਦੇ ਲੋਕਾਂ ਲਈ, ਵਿਸ਼ਵ-ਧਰਮ ਸਥਾਨ ਸ੍ਰੀ ਹਰਿਮੰਦਰ ਸਾਹਿਬ ਕਰਕੇ ਖਿੱਚ ਦਾ ਕੇਂਦਰ ਹੈ। ਸੰਸਾਰ ਦੇ ਕਿਸੇ ਵੀ ਕੋਨੇ ਵਿਚੋਂ ਕੋਈ ਵੀ ਕਿਸੇ ਸਮੇਂ ਬਿਨਾਂ ਕਿਸੇ ਰੋਕ-ਟੋਕ ਦੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਕਰ ਸਕਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਪਾਵਨ ਅੰਮ੍ਰਿਤ ਸਰੋਵਰ ਦੀ ਆਰੰਭਤਾ ਕਰਵਾਈ ਤੇ ਫਿਰ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਸੰਪੂਰਨ ਤੇ ਪੱਕਿਆਂ ਕਰ, ਵਿਚਕਾਰ 'ਹਰਿਮੰਦਰ' ਦਾ ਨਿਰਮਾਣ ਕਰਵਾਇਆ। ਅੰਮ੍ਰਿਤ-ਸਰੋਵਰ ਤੇ ਹਰਿਮੰਦਰ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਨਾਂ ਨੂੰ ਸਾਂਝੀਵਾਲਤਾ ਉਪਦੇਸ਼ ਦੇਣਾ ਸੀ। ਹਰਿਮੰਦਰ ਦੀ ਸਿਰਜਣਾ ਤੇ ਇਮਾਰਤ-ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ। ਇਸੇ ਲਈ ਤਾਂ ਸ਼ਹੀਦਾਂ ਦੇ ਸਿਰਤਾਜ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਦੇ ਅਦੁੱਤੀ ਹੋਣ ਬਾਰੇ ਫੁਰਮਾਨ ਕਰਦੇ ਹਨ :

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ (ਪੰਨਾ 1362)

1604 ਈਸਵੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰ ਬਾਬਾ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਬਖਸ਼ਿਆ। ਇਸ ਤਰਘਾਂ ਗੁਰੂ ਅਰਜਨ ਦੇਵ ਜੀ ਨੇ ਸਿੱਖ-ਧਰਮ ਦੇ ਕੇਂਦਰੀ ਅਸਥਾਨ ਦਾ ਨਿਰਮਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ ਕੇ ਸਿੱਖ ਧਰਮ ਨੂੰ ਪੱਕੇ ਪੈਰੀਂ ਖੜਖ਼ਾ ਕਰ ਦਿੱਤਾ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿਚ ਦੀਵਾਲੀ ਦੀਪ-ਪੂਜਾ ਤੇ ਲੱਛਮੀ-ਪੂਜਾ ਦੇ ਰੂਪ ਵਿਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਦੀਵਾਲੀ ਨਹੀਂ ਮਨਾਉਂਦੇ, ਸਿੱਖ ਤਾਂ ਬੰਦੀ-ਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ੍ਰੀ ਅੰਮ੍ਰਿਤਸਰ ਆਗਮਨ ਦੀ ਖੁਸ਼ੀ ਵਿਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰ ਕੇ, ਆਤਿਸ਼ਬਾਜੀ ਚਲਾ ਕੇ ਆਪਣੇ ਪਿਆਰੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ, ਇਸ ਤਰਘਾਂ ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ ਬੰਦੀ-ਛੋੜ ਦਿਵਸ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਇਹ ਲੋਕ-ਉਕਤੀ ਪ੍ਰਚੱਲਤ ਹੋ ਗਈ:

ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।

ਇਤਿਹਾਸ ਪੜ੍ਹਿਆਂ ਪਤਾ ਲੱਗਦਾ ਹੈ ਕਿ ਮੁਗਲ ਸਰਕਾਰ ਆਰੰਭ ਤੋਂ ਹੀ ਸਿੱਖ-ਪੰਥ ਦੇ ਵਿਰੁੱਧ ਰਹੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਕਿਸੇ ਤਰਘਾਂ ਦੀ ਸੁਖਾਵੀਂ ਨਹੀਂ ਸੀ ਲੱਗਦੀ। ਇਹੀ ਕਾਰਨ ਸੀ ਕਿ ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹਾਦਤ ਦੇਣੀ ਪਈ। ਬਾਦਸ਼ਾਹ ਜਹਾਂਗੀਰ ਨੂੰ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੂਲੋਂ ਹੀ ਦਬ ਜਾਏਗੀ ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ "ਦਲਿ ਭੰਜਨ ਗੁਰ ਸੂਰਮਾ" ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰ-ਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰ, ਚੰਗੇ ਘੋੜੇ ਤੇ ਸ਼ਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦ੍ਰਮਾ ਜਬਰ-ਜ਼ੁਲਮ ਦੀ ਸ਼ਕਤੀ ਨਾਲ ਢੱਕਿਆ ਨਹੀਂ ਗਿਆ ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ। ਜਹਾਂਗੀਰ ਪਾਸ ਇਹ ਖ਼ਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰ ਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਹੈ ਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਦੇਖ ਹੈਰਾਨ-ਪ੍ਰੇਸ਼ਾਨ ਹੋਇਆ। ਉਹ ਤਾਂ ਪਹਿਲਾਂ ਹੀ ਨਾਨਕ ਨਿਰਮਲ ਪੰਥ ਨੂੰ ਬੰਦ ਕਰਨ ਬਾਰੇ ਸੋਚ ਰਿਹਾ ਸੀ, ਜਿਹੜਾ ਕਿ ਉਸ ਲਈ ਇਕ ਵੰਗਾਰ ਬਣ ਕੇ ਪ੍ਰਗਟ ਹੋ ਰਿਹਾ ਸੀ।

ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਹੱਕ-ਸੱਚ ਦੀ ਆਵਾਜ਼ ਤੋਂ ਵਿਸ਼ੇਸ਼ ਖ਼ਤਰਾ ਮਹਿਸੂਸ ਕਰਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲਖ਼ੇ ਵਿਚ ਬੰਦੀ ਬਣਾ ਲਿਆ, ਜਿੱਥੇ ਕਿ ਪਹਿਲਾਂ ਹੀ ਬਾਈਧਾਰ ਦੇ ਹਿੰਦੂ ਰਾਜੇ ਬੰਦੀ (ਕੈਦੀ) ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫਤਾਰੀ ਨਾਲ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਵਿਚ ਇਹ ਤੌਖਲਾ ਤੇ ਬੇਚੈਨੀ ਵਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿਚ ਸੰਗਤਾਂ ਮਸ਼ਾਲਾਂ ਜਗਾ ਕੇ, ਗੁਰਬਾਣੀ ਪੜਖ਼ਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਕਦੇ-ਕਦੇ ਗਵਾਲੀਅਰ ਪਹੁੰਚ ਸੰਗਤਾਂ ਕਿਲਖ਼ੇ ਦੀ ਪ੍ਰਕਰਮਾ ਕਰ, ਆਪਣੇ ਪਿਆਰੇ ਗੁਰੂ ਪ੍ਰਤੀ ਸਤਿਕਾਰ ਪ੍ਰਗਟ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਂਈ ਮੀਆਂ ਮੀਰ ਵਰਗੇ ਇਨਸਾਫ-ਪਸੰਦ ਮੁਸਲਮਾਨਾਂ ਦੇ ਦਖਲ ਨਾਲ ਗੁਰੂ ਸਾਹਿਬ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ 52 ਹਿੰਦੂ ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ-ਛੋੜ' ਕਿਹਾ ਜਾਣ ਲੱਗਾ। ਭਾਵੇਂ ਕਿ ਭਾਈ ਮਨੀ ਸਿੰਘ ਦੀ ਸ਼ਹਾਦਤ ਦੀਵਾਲੇ ਵਾਲੇ ਦਿਨ ਨਹੀਂ ਹੋਈ ਪਰ ਕਿਉਂਕਿ ਉਨਖ਼ਾਂ ਦੀ ਸ਼ਹਾਦਤ ਦਾ ਕਾਰਨ ਦੀਵਾਲੀ ਮਨਾਉਣਾ ਹੀ ਸੀ, ਇਸ ਕਰਕੇ ਸਿੱਖ ਜਿੱਥੇ ਦੀਵਾਲੀ ਦੇ ਸਮੇਂ ਬੰਦੀ-ਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਰਧਾ-ਸਤਿਕਾਰ ਭੇਟ ਕਰਦੇ ਹਨ, ਉਥੇ ਭਾਈ ਮਨੀ ਸਿੰਘ ਦੀ ਸ਼ਹਾਦਤ ਨੂੰ ਵੀ ਯਾਦ ਕਰ ਸਤਿਕਾਰ ਦਿੰਦੇ ਹਨ।

ਦੀਵਾਲੀ ਵਾਲੇ ਦਿਨ ਸ਼ਾਮ ਨੂੰ ਰਹਿਰਾਸ ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਹੀ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓੜਖ਼ੀ ਤੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮ ਦੇ ਨਾਂ ਸੰਦੇਸ਼ ਸ੍ਰਵਣ ਕਰਨ ਲਈ ਜੁੜ ਬੈਠਦੀਆਂ ਹਨ। ਰਹਿਰਾਸ ਦੇ ਪਾਠ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼, ਆਤਿਸ਼ਬਾਜ਼ੀ ਚਲਾਉਂਦੇ ਹਨ। ਇਹ ਨਜ਼ਾਰਾ ਦੇਖਿਆ ਹੀ ਬਣਦਾ ਹੈ। ਸਿੱਖ ਸ੍ਰੀ ਅੰਮ੍ਰਿਤਸਰ ਤੋਂ ਜੀਵਨ ਦੀ ਰੌਅ ਪ੍ਰਾਪਤ ਕਰਦਾ ਹੈ। ਅੰਮ੍ਰਿਤਸਰ ਤੋਂ ਜੀਵਨ ਦੀ ਰੋਸ਼ਨੀ ਪ੍ਰਾਪਤ ਕਰ ਆਪਣੇ ਜੀਵਨ 'ਚੋਂ ਹਨੇਰਾ ਦੂਰ ਕਰਦਾ ਹੈ। ਮੱਸਿਆ ਦੀ ਕਾਲੀ ਬੋਲ਼ੀ ਅੰਧੇਰੀ ਰਾਤ ਵਿਚ ਜਗ ਰਹੇ ਦੀਵੇ ਸਾਨੂੰ ਜੀਵਨ ਦਾ ਰਾਹ ਦਰਸਾਉਂਦੇ ਹਨ।

ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪੱਸਰੇ ਖ਼ੁਦਗਰਜ਼ੀ, ਹਾਉਮੈ, ਨਿੰਦਾ, ਚੁਗਲੀ, ਮਿਲਾਵਟ, ਰਿਸ਼ਵਤਖੋਰੀ ਆਦਿ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੋਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਆਪਣੀ ਜੀਵਨ ਯਾਤਰਾ ਸਫ਼ਲੀ ਕਰ ਸਕਦੇ ਹਾਂ।

## ਸ੍ਰੀ ਦਰਬਾਰ ਸਹਿਬ ਕੰਪਲੈਕਸ ਨੂੰ ਧੂੰਆਂ ਰਹਿਤ ਰੱਖਣ ਲਈ ਦੀਵਾਲੀ ਮੌਕੇ ਰਵਾਇਤੀ ਦੀਵਿਆਂ ਦੀ ਥਾਂ ਐਲਈਡੀ ਲਾਈਟਾਂ



**ਅੰਮ੍ਰਿਤਸਰ/ਜਗਤਾਰ ਸਿੰਘ ਲਾਂਬਾ:** ਹਰਿਮੰਦਰ ਸਾਹਿਬ ਵਿੱਚ ਆਤਿਸ਼ਬਾਜ਼ੀ ਦੀ ਰੀਤ ਸ਼ੁਰੂ ਹੋਣ ਬਾਰੇ ਭਾਵੇਂ ਕੋਈ ਦਸਤਾਵੇਜ਼ੀ ਰਿਕਾਰਡ ਨਹੀਂ ਹੈ ਪਰ ਮੰਨਿਆ ਜਾਂਦਾ ਹੈ ਕਿ ਇਹ ਰਵਾਇਤ ਸਦੀ ਤੋਂ ਵੱਧ ਪੁਰਾਣੀ ਹੈ। ਇਸ ਰੂਹਾਨੀ ਅਸਥਾਨ ਦੇ ਆਲੇ-ਦੁਆਲੇ ਵਧ ਰਹੇ ਪ੍ਰਦੂਸ਼ਣ ਦੇ ਮੱਦੇਨਜ਼ਰ ਇਸ ਰਵਾਇਤ ਨੂੰ ਬਦਲਣ ਦੇ ਢੰਗ-ਤਰੀਕੇ ਲੱਭੇ ਜਾ ਰਹੇ ਹਨ ਪਰ ਅਜੇ ਤੱਕ ਸਫ਼ਲਤਾ ਨਹੀਂ ਮਿਲੀ ਹੈ। ਇੱਥੇ ਦੀਪਮਾਲਾ ਦੀ ਰਵਾਇਤ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਅੰਮ੍ਰਿਤਸਰ ਪੁੱਜਣ 'ਤੇ ਸ਼ੁਰੂ ਹੋਈ ਸੀ, ਜੋ ਅੱਜ ਵੀ ਬਰਕਰਾਰ ਹੈ। ਉਸ ਵੇਲੇ ਤਾਂ ਘਿਓ ਦੇ ਦੀਵੇ ਬਾਲੇ ਗਏ ਸਨ ਪਰ ਸਮੇਂ ਦੇ ਨਾਲ ਨਾਲ ਇਸ ਰਵਾਇਤ ਵਿੱਚ ਬਦਲਾਅ ਆ ਗਿਆ। ਹੁਣ ਦੀਵਿਆਂ ਦੀ ਥਾਂ ਐਲਈਡੀ ਲਾਈਟਾਂ ਨੇ ਲੈ ਲਈ ਹੈ। ਆਤਿਸ਼ਬਾਜ਼ੀ ਵੀ ਸਦੀ ਪੁਰਾਣੀ ਰਵਾਇਤ ਹੈ। ਇਸ ਸਬੰਧੀ ਕੋਈ ਦਸਤਾਵੇਜ਼ੀ ਪ੍ਰਮਾਣ ਨਹੀਂ ਹੈ ਕਿ ਇਹ ਕਦੋਂ ਸ਼ੁਰੂ ਹੋਈ ਪਰ ਵਿਦਵਾਨਾਂ ਦੇ ਦੱਸਣ ਮੁਤਾਬਕ ਇਹ ਰਵਾਇਤ ਅੰਗਰੇਜ਼ਾਂ ਦੇ ਆਉਣ ਨਾਲ ਸ਼ੁਰੂ ਹੋਈ ਸੀ। ਆਤਿਸ਼ਬਾਜ਼ੀ ਦੀ ਖੋਜ ਚੀਨ ਵਿੱਚ ਹੋਈ ਸੀ। ਹਰਿਮੰਦਰ ਸਾਹਿਬ ਵਿੱਚ ਪਹਿਲਾਂ-ਪਹਿਲ ਆਤਿਸ਼ਬਾਜ਼ੀ ਬੰਦੀ ਛੋੜ ਦਿਵਸ ਮੌਕੇ ਹੀ ਹੁੰਦੀ ਸੀ ਪਰ ਮਗਰੋਂ ਗੁਰਪੁਰਬ 'ਤੇ ਵੀ ਆਤਿਸ਼ਬਾਜ਼ੀ ਕਰਨ ਦੀ ਰਵਾਇਤ ਬਣ ਗਈ। ਕੁਝ ਦਹਾਕੇ ਪਹਿਲਾਂ ਇਸ ਰਵਾਇਤ ਨੇ ਉਦੋਂ ਹੋਰ ਜ਼ੋਰ ਫੜ ਲਿਆ, ਜਦੋਂ ਇੱਥੇ ਬੰਦੀ ਛੋੜ ਦਿਵਸ ਮੌਕੇ ਆਤਿਸ਼ਬਾਜ਼ੀ ਮੁਕਾਬਲੇ ਸ਼ੁਰੂ ਹੋ ਗਏ। ਇਹੀ ਆਤਿਸ਼ਬਾਜ਼ੀ ਹੁਣ ਪ੍ਰਦੂਸ਼ਣ ਦਾ ਕਾਰਨ ਬਣ ਗਈ ਹੈ। ਹੁਣ ਬੰਦੀ ਛੋੜ ਦਿਵਸ (ਦੀਵਾਲੀ) ਮੌਕੇ ਸਿਰਫ਼ ਹਰਿਮੰਦਰ ਸਾਹਿਬ ਵਿੱਚ ਹੀ ਆਤਿਸ਼ਬਾਜ਼ੀ ਨਹੀਂ ਹੁੰਦੀ, ਸਗੋਂ ਸਾਰੇ ਸ਼ਹਿਰ ਵਿੱਚ ਆਤਿਸ਼ਬਾਜ਼ੀ ਹੁੰਦੀ ਹੈ।

ਕੁਝ ਦਹਾਕੇ ਪਹਿਲਾਂ ਜਦੋਂ ਇੱਥੇ ਆਤਿਸ਼ਬਾਜ਼ਾਂ ਦੇ ਮੁਕਾਬਲੇ ਹੁੰਦੇ ਸਨ ਤਾਂ ਵਧੇਰੇ ਜ਼ਮੀਨ 'ਤੇ ਚੱਲਣ ਵਾਲੇ ਪਟਾਕੇ ਹੀ ਵਰਤੇ ਜਾਂਦੇ ਸਨ। ਹਵਾ ਵਿੱਚ ਉਚਾਈ 'ਤੇ ਜਾ ਕੇ ਫਟਣ ਵਾਲੇ ਪਟਾਕਿਆਂ ਵਿੱਚ ਸਿਰਫ਼ ਹਵਾਈ ਹੀ ਸ਼ਾਮਲ ਸੀ। ਉਸ ਵੇਲੇ ਵਧੇਰੇ ਚਰਖੜੀ, ਅਨਾਰ ਤੇ ਧਰਾਤਲ ਵਾਲੇ ਹੋਰ ਪਟਾਕੇ ਹੀ ਵਰਤੇ ਜਾਂਦੇ ਸਨ, ਜੋ ਹੇਠਲੇ ਪੱਧਰ 'ਤੇ ਵਧੇਰੇ ਧੂੰਆਂ ਛੱਡਣ ਅਤੇ ਪ੍ਰਦੂਸ਼ਣ ਦਾ ਕਾਰਨ ਬਣਦੇ ਸਨ। ਕੁਝ ਸਾਲ ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਨੋਟਿਸ ਲਏ ਜਾਣ ਕਾਰਨ ਪ੍ਰਬੰਧਕਾਂ ਵੱਲੋਂ ਘੱਟ ਪ੍ਰਦੂਸ਼ਣ ਅਤੇ ਧੂੰਆਂ ਰਹਿਤ ਆਤਿਸ਼ਬਾਜ਼ੀ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। ਸੰਨ 1999 ਵਿੱਚ ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਮੌਕੇ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਲੇਜ਼ਰ ਸ਼ੋਅ ਕੀਤਾ ਗਿਆ ਸੀ। ਪ੍ਰਦੂਸ਼ਣ ਵਧਣ ਤੋਂ ਰੋਕਣ ਲਈ ਹਰਿਮੰਦਰ ਸਾਹਿਬ ਵਿਖੇ ਵੀ ਆਤਿਸ਼ਬਾਜ਼ੀ ਦੀ ਥਾਂ ਲੇਜ਼ਰ ਸ਼ੋਅ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਇਸ ਯੋਜਨਾ ਨੂੰ ਅਮਲ ਵਿੱਚ ਨਹੀਂ ਲਿਆਂਦਾ ਗਿਆ। ਹੁਣ ਜਦੋਂ ਸੁਪਰੀਮ ਕੋਰਟ ਵੱਲੋਂ ਦਿੱਲੀ ਵਿੱਚ ਪਟਾਕਿਆਂ ਦੀ ਵਿਕਰੀ 'ਤੇ ਰੋਕ ਲਾਈ ਗਈ ਹੈ ਤੇ ਹਾਈ ਕੋਰਟ ਵੱਲੋਂ ਪੰਜਾਬ ਵਿੱਚ ਰਾਤ ਨੂੰ ਸਿਰਫ਼ 3 ਘੰਟੇ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਤ ਹੈ ਤਾਂ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਇਸ ਮਾਮਲੇ ਵਿੱਚ ਮੁੜ ਵਿਚਾਰ-ਚਰਚਾ ਸ਼ੁਰੂ ਕੀਤੀ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਸੰਗਤ ਦੀ ਰਾਇ ਨਾਲ ਕੋਈ ਸਾਰਥਕ ਹੱਲ ਲੱਭਣ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਪ੍ਰਦੂਸ਼ਣ ਵਿਰੁੱਧ ਉਪਰਾਲੇ ਕਰਨਾ ਹਰੇਕ ਵਿਅਕਤੀ ਦਾ ਮੁੱਢਲਾ ਫ਼ਰਜ਼ ਹੈ, ਇਸ ਲਈ ਹਰਿਮੰਦਰ ਸਾਹਿਬ ਹੀ ਨਹੀਂ, ਸਮੁੱਚੇ ਸੂਬੇ ਵਿੱਚ ਹੀ ਪਟਾਕੇ ਘੱਟ ਚਲਾਏ ਜਾਣ ਅਤੇ ਧੂੰਆਂ ਰਹਿਤ ਆਤਿਸ਼ਬਾਜ਼ੀ ਵਰਤੀ ਜਾਵੇ।

ਇਸ ਵਾਰ ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਸ਼ਟਰ ਤੇ ਅਹਿਮਦ ਨਗਰ ਦੇ ਕੁਝ ਆਤਿਸ਼ਬਾਜ਼ਾਂ ਨੂੰ ਅਜ਼ਮਾਇਆ ਜਾ ਰਿਹਾ ਹੈ, ਜਿਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਉਹ ਧੂੰਆਂ ਰਹਿਤ ਆਤਿਸ਼ਬਾਜ਼ੀ ਕਰਨਗੇ। ਤਜਰਬੇ ਵਜੋਂ ਇਨ੍ਹਾਂ ਆਤਿਸ਼ਬਾਜ਼ਾਂ ਨੇ 7 ਅਕਤੂਬਰ ਨੂੰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਇੱਥੇ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਕੀਤਾ ਸੀ।

ਪ੍ਰਬੰਧਕਾਂ ਦਾ ਦਾਅਵਾ ਹੈ ਕਿ ਇਸ ਧੂੰਆਂ ਰਹਿਤ ਆਤਿਸ਼ਬਾਜ਼ੀ ਨਾਲ ਪ੍ਰਦੂਸ਼ਣ ਘਟੇਗਾ। ਇਸ ਤੋਂ ਇਲਾਵਾ ਵੀ ਇੱਥੇ ਪ੍ਰਦੂਸ਼ਣ ਘਟਾਉਣ ਦੇ ਯਤਨਾਂ ਤਹਿਤ ਆਲੇ-ਦੁਆਲੇ ਨੂੰ ਹਰਿਆ-ਭਰਿਆ ਕੀਤਾ ਗਿਆ ਹੈ। ਗੁਰੂ ਰਾਮਦਾਸ ਲੰਗਰ ਘਰ ਵਿੱਚੋਂ ਲੱਕੜ ਦੇ ਬਾਲਣ ਦੀ ਵਰਤੋਂ ਬੰਦ ਕਰਨ ਦੇ ਯਤਨ ਜਾਰੀ ਹਨ। ਬਿਜਲੀ ਦੀ 24 ਘੰਟੇ ਸਪਲਾਈ ਬਣਾਉਣ ਦਾ ਯਤਨ ਜਾਰੀ ਹੈ ਤਾਂ ਜੋ ਆਲੇ-ਦੁਆਲੇ ਹੋਟਲਾਂ ਦੇ ਜੈਨਰੇਟਰਾਂ ਨਾਲ ਪ੍ਰਦੂਸ਼ਣ ਨਾ ਹੋਵੇ।

ਅੰਮ੍ਰਿਤਸਰ ਟਾਈਮਜ਼ AMRITSAR TIMES

18 ਅਕਤੂਬਰ 2017 ਤੋਂ 24 ਅਕਤੂਬਰ 2017

## ਪਾਰਟੀਆਂ ਦੀ ਜਿੱਤ, ਲੋਕਾਂ ਦੀ ਹਾਰ

ਪੰਜਾਬ ਦੇ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿੱਚ ਪੰਜਾਬ ਕਾਂਗਰਸ ਦੇ ਉਮੀਦਵਾਰ ਸੁਨੀਲ ਜਾਖੜ ਦੀ ਜਿੱਤ ਕੋਈ ਹੈਰਾਨੀ ਪੈਦਾ ਨਹੀਂ ਕਰਦੀ। ਇਹ ਹੀ ਹੋਣਾ ਸੀ। ਹੈਰਾਨੀ ਸਿਰਫ਼ ਇਸ ਗੱਲ ਦੀ ਹੈ ਕਿ ਸੁਨੀਲ ਜਾਖੜ ਨੇ ਬਹੁਤ ਵੱਡੀ ਜਿੱਤ ਦਰਜ ਕੀਤੀ ਹੈ। ਪਿਛਲੇ ਚਾਰ ਦਹਾਕਿਆਂ ਵਿੱਚ ਪੰਜਾਬ ਵਿੱਚ 193000 ਵੋਟਾਂ ਨਾਲ ਹੋਈ ਜਿੱਤ ਕਿਸੇ ਵੀ ਉਮੀਦਵਾਰ ਦੀ ਸਭ ਤੋਂ ਵੱਡੀ ਜਿੱਤ ਹੈ। ਦੂਸਰੀ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੀ ਵਿਰੋਧੀ ਧਿਰ ਆਮ ਆਦਮੀ ਪਾਰਟੀ ਦਾ ਗ੍ਰਾਫ਼ ਬਹੁਤ ਤੇਜ਼ੀ ਨਾਲ ਹੇਠਾਂ ਡਿੱਗਿਆ ਹੈ। ਐਨਾ ਹੇਠਾਂ ਕਿ ਵਿਧਾਨ ਸਭਾ ਚੋਣਾਂ ਵਿੱਚ ਗੁਰਦਾਸਪੁਰ ਲੋਕ ਸਭਾ ਹਲਕੇ ਤਹਿਤ ਆਉਂਦੀਆਂ ਵਿਧਾਨ ਸਭਾ ਸੀਟਾਂ ਤੋਂ ਕੁਲ ਮਿਲਾ ਕੇ ਹਾਸਲ ਕੀਤੀ 95 ਹਜ਼ਾਰ ਵੋਟ ਵੀ ਇਹ ਪਾਰਟੀ ਬਚਾਅ ਨਹੀਂ ਸਕੀ। ਜੇ ਆਮ ਆਦਮੀ ਪਾਰਟੀ 95 ਹਜ਼ਾਰ ਵੋਟਾਂ ਵੀ ਲੈ ਜਾਂਦੀ ਤਾਂ ਵੀ ਜ਼ਮਾਨਤ ਤਾਂ ਜ਼ਬਤ ਹੋਣੀ ਹੀ ਸੀ ਪਰ ਇੱਜ਼ਤ ਬਚੀ ਰਹਿ ਜਾਣੀ ਸੀ ਕਿ ਉਸ ਨੇ ਆਪਣਾ ਵੋਟ ਬੈਂਕ ਬਚਾਇਆ ਹੋਇਆ ਹੈ। ਪਰ ਇਸ ਨੂੰ ਸਿਰਫ਼ 23 ਹਜ਼ਾਰ ਵੋਟਾਂ ਹੀ ਮਿਲਣਾ ਇਹ ਸਾਬਤ ਕਰਦਾ ਹੈ ਕਿ ਪੰਜਾਬ ਦਾ ਆਮ ਵੋਟਰ ਇਸ ਪਾਰਟੀ ਦੀ ਕਾਰਜਸ਼ੈਲੀ ਦਾ ਮੁਰੀਦ ਨਹੀਂ ਹੋ ਸਕਿਆ।

ਜੇਕਰ ਹੁਣ ਗੁਰਦਾਸਪੁਰ ਜਿਮਨੀ ਚੋਣ ਦੇ ਨਤੀਜੇ ਮੁਤਾਬਕ ਇਸ ਦਾ ਵਿਸ਼ਲੇਸ਼ਣ ਕਰੀਏ ਤਾਂ ਕੀ ਇਹ ਕਹਿਣਾ ਪਵੇਗਾ ਕਿ ਪੰਜਾਬ ਦੇ ਲੋਕਾਂ ਦੀ 7 ਮਹੀਨੇ ਪੁਰਾਣੀ ਕਾਂਗਰਸ ਪਾਰਟੀ ਦੀ ਕੈਪਟਨ ਸਰਕਾਰ ਵਿੱਚ ਪੂਰੀ ਤਰ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਹੈ? ਦਰਅਸਲ ਇਸ ਚੋਣ ਦਾ ਵਿਸ਼ਲੇਸ਼ਣ ਕਰਦਿਆਂ ਐਨਾ ਸਰਲੀਕਰਨ ਨਹੀਂ ਕੀਤਾ ਜਾਣਾ ਚਾਹੀਦਾ। ਕੁਝ ਤੱਥਾਂ ਦੇ ਆਰ-ਪਾਰ ਦੇਖਣ ਦੀ ਜ਼ਰੂਰਤ ਹੈ। ਪਹਿਲੀ ਗੱਲ, ਆਮ ਤੌਰ ’ਤੇ ਜ਼ਿਮਨੀ ਚੋਣ ਸੱਤਾਧਾਰੀ ਪਾਰਟੀ ਨੇ ਹੀ ਜਿੱਤਣੀ ਹੁੰਦੀ ਹੈ। ਇਸ ਦੇ ਕਾਰਨ ਹਨ। ਪਹਿਲਾ ਕਾਰਨ ਇਹ ਕਿ ਆਮ ਲੋਕ ਆਪਣੀਆਂ ਨਿੱਕੀਆਂ ਨਿੱਕੀਆਂ ਗਰਜ਼ਾਂ ਨਾਲ ਜੁੜੇ ਹੁੰਦੇ ਹਨ ਤੇ ਸੱਤਾ ’ਚ ਬੈਠੇ ਲੋਕਾਂ ਕੋਲੋਂ ਉਨ੍ਹਾਂ ਦੀਆਂ ਇਹ ਗਰਜ਼ਾਂ ਪੂਰੀਆਂ ਹੋਣ ਦੀ ਉਮੀਦ ਬਣੀ ਰਹਿੰਦੀ ਹੈ। ਦੂਜਾ ਕਾਰਨ ਇਹ ਕਿ ਸੱਤਾਧਾਰੀਆਂ ਨੇ ਸਰਕਾਰੀ ਮਸ਼ੀਨੀਰੀ ਦੀ ਚੋਣਾਂ ਵਿੱਚ ਆਪਣੇ ਢੰਗ ਨਾਲ ਵਰਤੋਂ-ਦੁਰਵਰਤੋਂ ਵੀ ਕਰਨੀ ਹੁੰਦੀ ਹੈ। ਇੱਕ ਗੱਲ ਇਹ ਵੀ ਹੈ ਕਿ ਕੈਪਟਨ ਅਮਰਿੰਦਰ ਦੀ ਸਰਕਾਰ ਨੂੰ ਬਣਿਆਂ ਹਾਲੇ ਸਿਰਫ਼ 7 ਮਹੀਨੇ ਹੋਏ ਹਨ, ਇਸ ਲਈ ਚਾਰ ਜਾਂ ਪੰਜ ਸਾਲਾਂ ਵਿੱਚ ਜਿਹੜੀ ਸਰਕਾਰ ਵਿਰੋਧੀ ਹਵਾ ਹੁੰਦੀ ਹੈ, ਉਹ ਇਸ ਸਰਕਾਰ ਵਲੋਂ ਸੱਤਾਂ ਮਹੀਨਿਆਂ ਵਿੱਚ ਕੁਝ ਵੀ ਨਾ ਕੀਤੇ ਜਾਣ ਦੇ ਬਾਵਜੂਦ ਹਾਲੇ ਤਕ ਨਹੀਂ ਬਣ ਸਕੀ। ਇਹ ਜ਼ਰੂਰ ਹੈ ਕਿ ਇਸ ਚੋਣ ਵਿੱਚ ਜ਼ਬਰਦਸਤ ਜਿੱਤ ਹਾਸਲ ਕਰ ਕੇ ਕਾਂਗਰਸ ਪਾਰਟੀ ਅੰਦਰ ਭਰੋਸੇ ਦੀ ਆਮਦ ਜ਼ਰੂਰ ਹੋਈ ਹੈ। ਭਰੋਸਾ ਐਨਾ ਵਧ ਗਿਆ ਹੈ ਕਿ ਜਿੱਤ ਵਾਲੇ ਕਾਂਗਰਸੀ ਉਮੀਦਵਾਰ ਸੁਨੀਲ ਜਾਖੜ ਨੇ ਆਪਣੀ ਇਸ ਜਿੱਤ ਦੀ ਤੁਲਨਾ 1978 ਦੀ ਉਸ ਇਤਿਹਾਸਕ ਚਿੱਕ ਮੰਗਲੂਰ ਲੋਕ ਸਭਾ ਜ਼ਿਮਨੀ ਚੋਣ ਨਾਲ ਕੀਤੀ ਹੈ, ਜਿਸ ਵਿੱਚ ਜਿੱਤ ਕੇ ਸ੍ਰੀਮਤੀ ਇੰਦਰਾ ਗਾਂਧੀ ਨੇ ਕਾਂਗਰਸ ਪਾਰਟੀ ਨੂੰ ਸਿਫ਼ਰ ਤੋਂ ਸੱਤਾ ਵਿੱਚ ਲੈ ਆਂਦਾ ਸੀ। ਇਸ ਲੋਕ ਸਭਾ ਹਲਕੇ ਤਹਿਤ ਆਉਂਦੀਆਂ 9 ਦੀਆਂ 9 ਵਿਧਾਨ ਸਭਾ ਸੀਟਾਂ ਤੋਂ ਕਾਂਗਰਸੀ ਉਮੀਦਵਾਰਾਂ ਦੀ ਜਿੱਤ ਇਹ ਵੀ ਸਾਬਤ ਕਰਦੀ ਕਿ ਦੇਸ਼ ਪੱਧਰ ’ਤੇ ਪਿਛਲੇ ਪੌਣੇ ਚਾਰ ਸਾਲ ਦਾ ਨਰਿੰਦਰ ਮੋਦੀ ਦੀ ਅਗਵਾਈ ’ਚ ਐਨ.ਡੀ.ਏ. ਦਾ ਰਾਜ ਭਾਗ ਲੋਕਾਂ ਦੇ ਮਨਾਂ ਤੋਂ ਉਤਰਨ ਲੱਗਾ ਹੈ।

ਗੁਰਦਾਸਪੁਰ ਹੀ ਨਹੀਂ ਦੇਸ਼ ਭਰ ਵਿੱਚ ਵੀ ਹਾਲਾਤ ਕੁਝ ਬਦਲ ਰਹੇ ਹਨ। ਹੁਣੇ ਜਹੇ ਮਹਾਰਾਸ਼ਟਰ ਦੀਆਂ ਲੋਕਲ ਬਾਡੀਜ਼ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਵਿਰੋਧ ਵਿੱਚ ਆਏ ਨਤੀਜਿਆਂ ਤੋਂ ਵੀ ਕਾਂਗਰਸ ਪਾਰਟੀ ਖ਼ੁਸ਼ ਹੈ। ਨਾਲ ਦੀ ਨਾਲ ਇਲਾਹਾਬਾਦ, ਹੈਦਰਾਬਾਦ, ਦਿੱਲੀ ਯੂਨੀਵਰਸਿਟੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਅਤੇ ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਵਿਦਿਆਰਥੀ ਵਿੰਗ ਏ.ਬੀ.ਪੀ. ਦੀ ਹਾਰ ਵੀ ਕਾਂਗਰਸ ਪਾਰਟੀ ਵਿੱਚ ਨਵਾਂ ਸੰਚਾਰ ਕਰ ਰਹੀ ਹੈ। ਇਨ੍ਹੀਂ ਦਿਨੀਂ ਗੁਜਰਾਤ ਵਿੱਚ ਜਿਵੇਂ ਰਾਹੁਲ ਗਾਂਧੀ ਪ੍ਰਚਾਰ ਵਿੱਚ ਜੁਟੇ ਹੋਏ ਨੇ, ਉਸ ਤੋਂ ਵੀ ਕਾਂਗਰਸ ਨੇ ਉਮੀਦ ਲਾ ਲਈ ਹੈ ਕਿ ਦੇਸ਼ ਪੱਧਰ ’ਤੇ 2019 ਦੀਆਂ ਚੋਣਾਂ ਵਿੱਚ ਸ਼ਾਇਦ ਸੱਤਾ ਕਾਂਗਰਸ ਪਾਰਟੀ ਦੀ ਅਗਵਾਈ ਵਾਲੇ ਬਣਨ ਵਾਲੇ ਕਿਸੇ ਗਠਜੋੜ ਵੱਲ ਝੁਕ ਜਾਵੇ। ਪਰ ਇਹ ਸਿਰਫ਼ ਖ਼ਾਮ-ਖ਼ਿਆਲੀ ਹੀ ਹੈ। ਇਸੇ ਖ਼ਾਮ-ਖ਼ਿਆਲੀ ਦੇ ਚਲਦਿਆਂ ਇਨ੍ਹੀਂ ਦਿਨੀਂ ਰਾਹੁਲ ਗਾਂਧੀ ਨੂੰ ਕਾਂਗਰਸ ਪਾਰਟੀ ਦਾ ਪ੍ਰਧਾਨ ਬਣਾਉਣ ਦੀ ਮੁਹਿੰਮ ਚਲਾ ਦਿੱਤੀ ਗਈ ਹੈ।

ਦਰਅਸਲ, ਗੁਰਦਾਸਪੁਰ ਹੋਵੇ ਜਾਂ ਦੇਸ਼ ਦਾ ਕੋਈ ਵੀ ਹਿੱਸਾ। ਕੋਈ ਵੀ ਜ਼ਿਮਨੀ ਚੋਣ ਇਹ ਤੈਅ ਨਹੀਂ ਕਰਦੀ ਕਿ ਦੇਸ਼ ਪੱਧਰ ’ਤੇ ਆਉਣ ਵਾਲੇ ਨਤੀਜੇ ਇਸੇ ਮੁਤਾਬਕ ਆਉਣਗੇ। ਗੁਰਦਾਸਪੁਰ ਦੀ ਜਿੱਤ ਇਕ ਵੱਖਰੇ ਤਰ੍ਹਾਂ ਦੇ ਸਮੀਕਰਨ ਦੀ ਜਿੱਤ ਹੈ ਜਦਕਿ 2019 ਦੀਆਂ ਲੋਕ ਸਭਾ ਚੋਣਾਂ ’ਚ ਜਾਂਦਿਆਂ ਕਾਂਗਰਸ ਪਾਰਟੀ ਨੂੰ ਆਪਣੇ ਸਮੁੱਚੇ ਸੰਗਠਨ ਵਿੱਚ ਜ਼ਬਰਦਸਤ ਤਬਦੀਲੀਆਂ ਕਰਨ ਦੇ ਨਾਲ-ਨਾਲ ਆਪਣੇ ਸਿਆਸੀ ਦ੍ਰਿਸ਼ਟੀਕੋਣ ਵਿੱਚ ਵੀ ਲੋਕ ਵਿਰੋਧੀ ਭੈਂਗੇਪਣ ਨੂੰ ਮਨਫ਼ੀ ਕਰਨਾ ਹੋਵੇਗਾ। ਜਿਸ ਦੀ ਸੰਭਾਵਨਾ ਬਹੁਤ ਹੀ ਘੱਟ ਹੈ। ਕਿਉਂਕਿ ਭਾਰਤ ਦੀਆਂ ਭਾਜਪਾ ਜਾਂ ਕਾਂਰਗਸ ਵਰਗੀਆਂ ਮੁੱਖ ਧਾਰਾ ਦੀਆਂ ਪਾਰਟੀਆਂ ਦੇ ਰਾਜਸੀ ਕਿਰਦਾਰ ਅਤੇ ਵਿਹਾਰ ਵਿੱਚ ਕੋਈ ਫ਼ਰਕ ਨਹੀਂ ਹੈ। ਭਾਜਪਾ ਸਰਕਾਰ ਦਾ ਵਿਕਾਸ ਦਾ ਏਜੰਡਾ ਹੁਣ ਹਵਾ ਹੋ ਚੁੱਕਾ ਹੈ, ਇਸੇ ਲਈ ਉਹ ਹੁਣ ਵਿਕਾਸ ਛੱਡ ਕੇ ਖੁਲ੍ਹੇ ਰੂਪ ਵਿੱਚ ਹਿੰਦੂਤਵ ਦੇ ਏਜੰਡੇ ’ਤੇ ਆ ਗਈ ਹੈ। ਇਸੇ ਤਰ੍ਹਾਂ ਅੱਜਕਲ੍ਹ ਰਾਹੁਲ ਗਾਂਧੀ ਵੀ ਆਪਣੇ ਆਪ ਨੂੰ ਹਿੰਦੂ ਲੀਡਰ ਪੇਸ਼ ਕਰਨ ਦੀ ਕੋਸ਼ਿਸ਼ ਵਿੱਚ ਨਰਿੰਦਰ ਮੋਦੀ ਤੋਂ ਵੀ ਜ਼ਿਆਦਾ ਕਾਹਲੀ ਨਾਲ ਮੰਦਰਾਂ ਵਿੱਚ ਪੂਜਾ ਅਰਚਨਾ ਕਰਨ ਵਿੱਚ ਮਸ਼ਗੂਲ ਹਨ। ਇਨ੍ਹਾਂ ਪ੍ਰਸਥਿਤੀਆਂ ਦੇ ਚਲਦਿਆਂ ਗੁਰਦਾਸਪੁਰ ਲੋਕ ਸਭਾ ਸੀਟ ਤੋਂ ਲੈ ਕੇ ਗੁਜਰਾਤ ਦੇ ਕਿਸੇ ਦੂਰ-ਦੁਰਾਡੇ ਵਿਧਾਨ ਸਭਾ ਹਲਕੇ ਤੋਂ ਜਿੱਤ ਕਿਸੇ ਦੀ ਵੀ ਹੋਵੇ, ਹਾਰ ਲੋਕਾਂ ਦੀ ਹੀ ਹੋ ਰਹੀ ਹੈ।

## ਸਿੱਖੀ ਸ਼ਾਨ ਦੇ ਜਗਮਗ ਕਰਦੇ ਪਲ

# ਬੰਦੀ-ਛੋੜ ਦਿਵਸ



ਗਿਆਨ ਦੇ ਦੀਪਕ ਜਲਾਉਣ ਦਾ ਗੁਰੂ ਸੰਦੇਸ਼ ਸਿੱਖ ਜਗਤ ਵਿਚ ਗੁਰਪੁਰਬਾਂ, ਸ਼ਹੀਦੀ ਦਿਹਾੜਿਆਂ ਅਤੇ ਹੋਰ ਤਿਓਹਾਰਾਂ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਨ੍ਹਾਂ ਤਿਓਹਾਰਾਂ ਵਿਚੋਂ ਬੰਦੀ-ਛੋੜ ਦਿਵਸ, ਵਿਸਾਖੀ, ਮਾਘੀ ਸਮੇਤ ਕਈ ਦਿਹਾੜੇ ਸਿੱਖ ਮਾਨਸਿਕਤਾ ਨਾਲ ਜੁੜੇ ਹੋਏ ਹਨ। ਦੀਵਾਲੀ ਦਾ ਤਿਓਹਾਰ ਭਾਵੇਂ ਸਾਰੇ ਭਾਰਤ ਵਿਚ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਪਰ ਸਿੱਖ ਧਰਮ ਵਿਚ ਇਸ ਦਾ ਇਤਿਹਾਸਕ ਪਿਛੋਕੜ ਵਿਲੱਖਣ ਹੈ। ਇਸ ਦਿਨ ਨਾਲ ਸਿੱਖ ਇਤਿਹਾਸ ਦੀਆਂ ਕਈ ਪ੍ਰਮੁੱਖ ਘਟਨਾਵਾਂ ਜੁੜੀਆਂ ਹੋਈਆਂ ਹਨ।

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬੇਮਿਸਾਲ ਤੇ ਸ਼ਾਂਤਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਮੋੜ ਲੈਆਂਦਾ। ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਜਿਥੇ ਆਪਣੀ ਸ਼ਾਂਤਮਈ ਸ਼ਹਾਦਤ ਦੇ ਕੇ ਭਾਣਾ ਮੰਨਣ ਦੀ ਮਿਸਾਲ ਕਾਇਮ ਕੀਤੀ ਤੇ ਜ਼ਾਲਮਾਂ ਨੂੰ ਜ਼ੁਲਮ ਦੀ ਸਿਖਰ ਤੱਕ ਪਰਖਿਆ ਕਿ ਸ਼ਾਇਦ ਉਹ ਜ਼ੁਲਮ ਕਰਨੋਂ ਰੁਕ ਜਾਣ। ਸਤਿਗੁਰੂਆਂ ਦੀ ਸ਼ਹਾਦਤ ਤੋਂ ਬਾਅਦ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਜ਼ਾਲਮ ਹੁਣ ਹਥਿਆਰਾਂ ਤੋਂ ਬਿਨਾਂ ਜ਼ੁਲਮ ਕਰਨੋਂ ਮੁੜਨ ਵਾਲੇ ਨਹੀਂ। ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਦੀ ਪ੍ਰੰਪਰਾਗਤ ਰਸਮ ਨੂੰ ਸਮੇਂ ਦੀ ਲੋੜ ਮੁਤਾਬਕ ਬਦਲਿਆ ਅਤੇ ਤਖ਼ਤ ’ਤੇ ਬਿਰਾਜਮਾਨ ਹੋ ਕੇ ਗੁਰਿਆਈ ਧਾਰਨ ਕਰਦਿਆਂ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ।

ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕੀਤੀ, ਜਿਥੇ ਦੀਵਾਨ ਸਜਦੇ ਅਤੇ ਗੁਰਬਾਦੀ ਕੀਰਤਨ ਦੇ ਨਾਲ ਨਾਲ ਬੀਰਰਸੀ ਵਾਰਾਂ ਗਾਈਆਂ ਜਾਂਦੀਆਂ। ਗੁਰਗੱਦੀ ਉੱਤੇ ਬੈਠਣ ਦੇ ਪਹਿਲੇ ਪੰਜ ਵਰ੍ਹਿਆਂ ਵਿਚ ਹੀ ਆਪ ਦੀ ਮਹਿਮਾ ਦੀ ਦੂਰ ਦੂਰ ਤੱਕ ਉਪਮਾ ਹੋਣ ਲੱਗੀ। ਲੋਹਗੜ੍ਹ ਕਿਲ੍ਹੇ ਦੀ ਸਥਾਪਨਾ ਨਾਲ ਗੁਰੂ ਸਾਹਿਬ ਵਿਰੋਧੀਆਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਏ। ਗੁਰੂ ਘਰ ਦੇ ਵਿਰੋਧੀਆਂ ਨੇ ਹੌਲੀ ਹੌਲੀ ਮੁਗਲ ਜਰਨੈਲ ਮੁਰਤਜ਼ਾ ਖਾਨ ਦੇ ਨੇੜੇ ਹੋਣਾ ਸ਼ੁਰੂ ਕੀਤਾ ਅਤੇ ਉਸ ਨੂੰ ਇਹ ਯਕੀਨ ਦਿਵਾਉਣ ਵਿਚ ਕਾਮਯਾਬ ਹੋ ਗਏ ਕਿ ਗੁਰੂ ਹਰਿਗੋਬਿੰਦ ਸਾਹਿਬ ਪੰਜਾਬ ਵਿਚ ਬਗਾਵਤ ਨੂੰ ਸ਼ਹਿ ਦੇ ਰਿਹਾ ਹੈ ਤੇ ਜਹਾਂਗੀਰ ਕੋਲੋਂ ਮੁਰਤਜ਼ਾ ਖਾਨ ਨੇ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਲੈ ਹੀ ਲਿਆ, ਵਜ਼ੀਰ ਖਾਨ ਅਤੇ ਗੁੰਚਾ ਬੇਗ ਨੂੰ ਗੁਰੂ ਜੀ ਪਾਸ ਭੇਜਿਆ ਕਿ ਉਹ ਆਗਰੇ ਪੇਸ਼ ਹੋਣ। ਗੁਰੂ ਸਾਹਿਬ ਨੇ ਵਜ਼ੀਰ ਖਾਨ ਨੂੰ ਕਿਹਾ ਕਿ ਜੇਕਰ ਬਾਦਸ਼ਾਹ ਨੇ ਯਾਦ ਕੀਤਾ ਹੈ ਤਾਂ ਅਸੀਂ ਉਸ ਨੂੰ ਮਿਲਣ ਜ਼ਰੂਰ ਜਾਵਾਂਗੇ। ਗੱਲਬਾਤ ਕਰਕੇ ਉਸ ਦੀਆਂ ਅੱਖਾਂ ਤੋਂ ਭਰਮ, ਅਗਿਆਨ, ਹੰਕਾਰ, ਈਰਖਾ ਅਤੇ ਤੁਅੱਸਬ ਦਾ ਪਰਦਾ ਦੂਰ ਕਰਨ ਲਈ ਇੰਜ ਕਰਨਾ ਜ਼ਰੂਰੀ ਹੈ।

ਦਿੱਲੀ ਦਰਬਾਰ ਦੇ ਹੁਕਮ ’ਤੇ ਗੁਰੂ ਸਾਹਿਬ ਦੇ ਦਿੱਲੀ ਜਾਣ ਦੇ ਨਿਰਣੇ ਦੀ ਖ਼ਬਰ ਅੰਮ੍ਰਿਤਸਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਗੁਰੂ ਜੀ ਸਿੱਖੀ ਦੇ ਪ੍ਰਚਾਰ ਦਾ ਕੰਮ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੂੰ ਸੰਭਾਲ ਦਿੱਲੀ ਰਵਾਨਾ ਹੋ ਗਏ। ਗੁਰੂ ਸਾਹਿਬਾਨ ਦੀ ਨਿਡਰਤਾ, ਹਿੰਮਤ, ਸ਼ਕਤੀ ਤੇ ਹਿੰਦੂ ਮੁਸਲਮਾਨਾਂ ਵਿਚ ਉਨ੍ਹਾਂ ਦਾ ਪ੍ਰਭਾਵ ਬਾਦਸ਼ਾਹ ਨੇ ਅੱਖੀਂ ਦੇਖ ਲਿਆ ਸੀ। ਉਸ ਨੂੰ ਕਦੇ ਕਦੇ ਇਸ ਤੋਂ ਭੈਅ ਵੀ ਆਉਂਦਾ ਸੀ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਵਿਚ ਨਜ਼ਰਬੰਦ ਕਰਨ ਦਾ ਹੁਕਮ ਦੇ ਦਿਤਾ। ਗੁਰੂ ਸਾਹਿਬ ਦੀ ਨਜ਼ਰਬੰਦੀ ਕੋਈ ਸਾਧਾਰਨ ਗੱਲ ਨਹੀਂ ਸੀ ਪਰ ਗੁਰੂ ਸਾਹਿਬ ਦੇ ਪਹੁੰਚਣ ਨਾਲ ਗਵਾਲੀਅਰ ਦੇ ਕਿਲ੍ਹੇ ਦਾ ਮਾਹੌਲ ਹੀ ਬਦਲ ਗਿਆ, ਦੋਵੇਂ ਵੇਲੇ ਕੀਰਤਨ ਅਤੇ ਸਤਿਸੰਗ ਹੁੰਦਾ। ਕਾਲ ਕੋਠੜੀਆਂ ਵਿਚੋਂ ਪ੍ਰਭੂ ਸਿਮਰਨ ਦੀਆਂ ਮਿੱਠੀਆਂ ਧੁਨਾਂ ਉੱਠਦੀਆਂ। ਗੁਰੂ ਸਾਹਿਬ ਜੀ ਦੀ ਸੰਗਤ ਅਤੇ ਉਪਦੇਸ਼ਾਂ ਨੇ ਸਭ ਨੂੰ ਚੜ੍ਹਦੀ ਕਲਾ ਵਿਚ ਲੈ ਆਂਦਾ।

ਗੁਰੂ ਸਾਹਿਬ ਜੀ ਦੀ ਨਜ਼ਰਬੰਦੀ ਲੰਬੀ ਹੋ ਜਾਣ ਕਾਰਨ ਸਿੱਖਾਂ ਵਿਚ ਬੇਚੈਨੀ ਵਧਦੀ ਗਈ ਅਤੇ ਸੰਗਤਾਂ ਦੇ ਜਥੇ ਬਣ ਕੇ ਗਵਾਲੀਅਰ ਆਉਂਦੇ ਅਤੇ ਕਿਲ੍ਹੇ ਦੀਆਂ ਉੱਚੀਆਂ ਦੀਵਾਰਾਂ ਦੇ ਬਾਹਰੋਂ ਹੀ ਗੁਰੂ ਸਾਹਿਬ ਨੂੰ ਨਤਮਸਤਕ ਹੋ ਮੁੜ ਜਾਂਦੇ। ਇਸੇ ਦੌਰਾਨ ਬਾਦਸ਼ਾਹ ਜਹਾਂਗੀਰ ਬਿਮਾਰ ਹੋ ਮਾਨਸਿਕ ਪ੍ਰੇਸ਼ਾਨੀ, ਤਣਾਓ ਅਤੇ ਬੇਚੈਨੀ ਕਾਰਨ ਰਾਤ ਨੂੰ ਡਰ ਡਰ ਕੇ ਉਠਦਾ। ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਨੇ ਜਹਾਂਗੀਰ ਨੂੰ ਕਿਹਾ ਕਿ ਇਹ ਖ਼ੁਦਾਈ ਕਹਿਰ ਹੈ, ਤੁਸੀਂ ਖ਼ੁਦਾ ਦੇ ਨੇਕ ਬੰਦੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਿਨਾਂ ਕਾਰਨ ਜੇਲ੍ਹ ਵਿਚ ਬੰਦ ਕੀਤਾ ਹੈ। ਵਜ਼ੀਰ ਖਾਨ ਤੇ ਜਹਾਂਗੀਰ ਦੀ ਪਤਨੀ ਨੇ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਰਿਹਾਅ ਕੀਤੇ ਜਾਣ ਲਈ ਕਿਹਾ। ਸਿੱਟੇ ਵਜੋਂ ਜਹਾਂਗੀਰ ਨੇ ਹੁਕਮ ਕੀਤਾ ਕਿ ਗੁਰੂ ਸਾਹਿਬ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰਕੇ ਅਦਬ ਨਾਲ ਵਾਪਸ ਲਿਆਂਦਾ ਜਾਵੇ। ਬਾਕੀ ਕੈਦੀ ਰਾਜਿਆਂ ਨੇ ਆਪਣੀ ਰਿਹਾਈ ਲਈ ਵੀ ਗੁਰੂ ਜੀ ਪਾਸ ਬੇਨਤੀ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵਜ਼ੀਰ ਖਾਨ ਨੂੰ ਆਖ ਭੇਜਿਆ ਕਿ ਇਹ ਬੇਦੋਸ਼ੇ ਰਾਜੇ ਵੀ ਰਿਹਾਅ ਕੀਤੇ ਜਾਣ।

ਜਹਾਂਗੀਰ ਨੇ ਕਿਹਾ ਕਿ ਜਿੰਨੇ ਕੈਦੀ ਗੁਰੂ ਜੀ ਦਾ ਪੱਲਾ ਫੜ ਕੇ ਬਾਹਰ ਨਿਕਲ ਜਾਣਗੇ, ਰਿਹਾਅ ਸਮਝੇ ਜਾਣਗੇ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚੋਲੇ ਨੂੰ ਫੜ ਕੇ ਬਵੰਜਾ ਪਹਾੜੀ ਰਾਜੇ ਵੀ ਕੈਦ ਤੋਂ ਮੁਕਤ ਹੋ ਗਏ। ਇਸ ਦਿਨ ਤੋਂ ਗੁਰੂ ਸਾਹਿਬ ਬੰਦੀ-ਛੋੜ ਸਤਿਗੁਰੂ’ ਦੇ ਨਾਂਅ ਨਾਲ ਪ੍ਰਸਿੱਧ ਹੋਏ। ਰਿਹਾਈ ਉਪਰੰਤ ਗੁਰੂ ਜੀ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਗੁਰੂ ਜੀ ਦੇ ਆਗਮਨ ’ਤੇ ਦਰਸ਼ਨਾਂ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਦੇ ਹੁਕਮਾਂ ’ਤੇ ਸ਼ਹਿਰ ਵਿਚ ਦੇਸੀ ਘਿਓ ਦੇ ਦੀਵੇ ਜਗਾ ਕੇ ਦੀਪਮਾਲਾ ਕੀਤੀ। ਇਸ ਪ੍ਰਕਾਰ ਪ੍ਰਕਾਰ ਇਹ ਦਿਨ ਸਿੱਖਾਂ ਵਿਚ ਬੰਦੀ-ਛੋੜ ਦਿਵਸ ਦੇ ਨਾਂ ਨਾਲ ਪ੍ਰਚਲਿਤ ਹੋਇਆ। ਇਸ ਦਿਨ ਤੋਂ ਹੀ ਦੀਵਾਲੀ ਦਾ ਸਬੰਧ ਸਿੱਖ ਇਤਿਹਾਸ ਨਾਲ ਜੁੜਿਆ।

ਇਸ ਉਪਰੰਤ ਖਾਲਸੇ ਦੀ ਸਾਜਨਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਸਾਹਿਬ ਦੇ ਨਿਸ਼ਾਨਿਆਂ ਦੀ ਪੂਰਤੀ ਦੀ ਜ਼ਿੰਮੇਵਾਰੀ ਖਾਲਸਾ ਪੰਥ ਦੇ ਮੋਢਿਆਂ ’ਤੇ ਆ ਪਈ। ਬੰਦੀ ਛੋੜ ਦਿਵਸ (ਦੀਵਾਲੀ) ਅਤੇ ਵਿਸਾਖੀ ਦੇ ਦਿਨ ਸਰਬੱਤ ਖਾਲਸਾ ਇਕੱਠ ਅੰਮ੍ਰਿਤਸਰ ਹੁੰਦਾ ਤੇ ਪੰਥਕ ਫੈਸਲੇ ਤੇ ਗੁਰਮਤੇ ਕੀਤੇ ਜਾਂਦੇ, ਜਿਸ ਕਰਕੇ ਇਸ ਦਿਹਾੜੇ ਦੀ ਅਹਿਮਤੀਅਤ ਵਿਚ ਭਾਰਾ ਵਾਧਾ ਹੋਇਆ। ਅਠਾਰ੍ਹਵੀਂ ਸਦੀ ਦੇ ਅਤਿ ਮੁਸ਼ਕਲ ਸਮੇਂ ਵਿਚ ਖਾਲਸਾ ਪੰਥ ਦੀਵਾਲੀ ਦੇ ਮੌਕੇ ’ਤੇ ਇਕੱਠਾ ਹੋ ਕੇ ਪਿਛਲੇ ਸਮੇਂ ਦੀਆਂ ਸਰਗਰਮੀਆਂ ਵਿਚਾਰ ਕੇ ਭਵਿੱਖ ਲਈ ਉਸਾਰੂ ਵਿਉਂਤਾਂ ਉਲੀਕਿਆ ਕਰਦਾ ਸੀ। 1738 ਈਸਵੀ ਵਿਚ ਭਾਈ ਮਨੀ ਸਿੰਘ ਨੇ ਦੀਵਾਲੀ ਦੇ ਅਵਸਰ ’ਤੇ ਸੰਗਤਾਂ ਨੂੰ ਸ੍ਰੀ ਅੰਮ੍ਰਿਤਸਰ ਪੁੱਜਣ ਦੇ ਸੱਦੇ ਭੇਜੇ। ਜ਼ਕਰੀਆ ਖਾਨ ਨੇ ਇਸ ਇਕੱਠ ’ਤੇ ਹਮਲਾ ਕਰਨ ਦੀ ਯੋਜਨਾ ਬਣਾਈ, ਜਿਸ ਦੀ ਸੂਹ ਖਾਲਸਾ ਪੰਥ ਨੂੰ ਮਿਲ ਗਈ। ਉਨ੍ਹਾਂ ਨੇ ਸਿੱਖਾਂ ਨੂੰ ਅੰਮ੍ਰਿਤਸਰ ਆਉਣੋਂ ਰੋਕ ਦਿੱਤਾ। ਸੰਗਤਾਂ ਦੇ ਨਾ ਆਉਣ ’ਤੇ ਭੇਟਾ ਨਾ ਹੋਣ ਕਰਕੇ, ਟੈਕਸ ਨਾ ਭਰਨ ਦਾ ਬਹਾਨਾ ਲਗਾ ਕੇ ਜ਼ਾਲਮਾਂ ਨੇ ਭਾਈ ਮਨੀ ਸਿੰਘ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਇਸ ਤਰ੍ਹਾਂ ਦੀਵਾਲੀ ਦੇ ਦਿਨ ਨਾਲ ਸਿੱਖ ਇਤਿਹਾਸ ਦੀਆਂ ਕਈ ਯਾਦਾਂ ਜੁੜ ਗਈਆਂ।

ਦੀਵਾਲੀ ਕਿਉਂਕਿ ਰੋਸ਼ਨੀ ਦਾ ਤਿਓਹਾਰ ਹੈ, ਇਸ ਦਿਨ ਦੀਵੇ ਜਗਾਏ ਜਾਂਦੇ ਹਨ ਪਰ ਗੁਰਬਾਣੀ ਵਿਚ ਗਿਆਨ ਦੇ ਦੀਪਕ ਜਲਾਉਣ ਦਾ ਸੰਦੇਸ਼ ਦਿੱਤਾ ਹੈ। ਜਿਸ ਤਰ੍ਹਾਂ ਦੀਵਾ ਬਲਣ ਦੇ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਉਸੇ ਤਰ੍ਹਾਂ ਹੀ ਗਿਆਨ ਦਾ ਪ੍ਰਕਾਸ਼ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰ ਦਿੰਦਾ ਹੈ। ਸਮਾਜ ਵਿਚ ਜੋ ਅਗਿਆਨਤਾ ਦਾ ਹਨੇਰਾ ਛਾਇਆ ਹੋਇਆ ਹੈ, ਉਸ ਨੂੰ ਗੁਰੂ ਦੇ ਸ਼ਬਦ ਦੀ ਰੋਸ਼ਨੀ ਵਿਚ ਚੱਲ ਕੇ ਹੀ ਦੂਰ ਕੀਤਾ ਜਾ ਸਕਦਾ ਹੈ।

*(ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਬਿਊਰੋ)*

# ਦੀਵਾਲੀ ਅੰਮ੍ਰਿਤਸਰ ਦੀ....



**ਸ੍ਰੀ ਅੰਮ੍ਰਿਤਸਰ ਸਾਹਿਬ ਦੀ ਇਹ ਦੀਵਾਲੀ ਹਰ ਵਰ੍ਹੇ ਜਿਥੇ ਸਿੱਖਾਂ ਲਈ ਖੁਸ਼ੀ ਦਾ ਪੈਗਾਮ ਲੈ ਕੇ ਆਉਂਦੀ ਹੈ, ਉਥੇ ਇਹ ਸਿੱਖਾਂ ਲਈ ਇਕ ਚੈਲਿੰਜ ਜਾਂ ਚੁਣੌਤੀ ਵੀ ਬਣਦੀ ਚਲੀ ਆਈ ਹੈ। ਸਭ ਤੋਂ ਵੱਡਾ ਚੈਲਿੰਜ ਗੁਰੂ ਕੇ ਪੰਥ ਨੂੰ ਇਸ ਮੇਲੇ ਦੇ ਪ੍ਰਸੰਗ ਵਿਚ ਓਦੋਂ ਹੋਇਆ ਜਦੋਂ ਕੈਬੋਵਾਲੀਏ ਭਾਈ ਮਨੀ ਸਿੰਘ ਜੋ ਗੁਰੂ ਤੇਗ ਬਹਾਦਰ ਸਮੇਂ ਹੀ ਪੰਜ ਸਾਲ ਦੀ ਉਮਰ ਵਿਚ ਗੁਰੂਘਰ ਦੇ ਹੋ ਗਏ ਸਨ ਤੇ ਜੋ ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਪਾਨ ਕਰਕੇ ਅੰਤਿਮ ਸਵਾਸਾਂ ਤੱਕ ਗੁਰੂ ਕੇ ਹੀ ਰਹੇ ਅਤੇ ਜਿਨ੍ਹਾਂ ਤੋਂ ਦਸਮ ਪਿਤਾ ਨੇ ਸ੍ਰੀ ਦਮਦਮਾ ਸਾਹਿਬ ਆਦਿ ਗ੍ਰੰਥਾਂ ਦੀ ਬੀੜ ਲਿਖਵਾਈ ਤੇ ਜੋ ਮਗਰੋਂ ਮਾਤਾ ਸੁੰਦਰੀ ਜੀ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਥਾਪੇ ਗਏ, ਨੇ ਸੰਨ 1733 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੀਵਾਲੀ 'ਤੇ ਸਰਬੱਤ-ਖ਼ਾਲਸਾ' ਬੁਲਾਇਆ ਅਤੇ ਨਵਾਬ ਜ਼ਕਰੀਆ ਖਾਨ ਨੇ ਸਾਜਿਸ਼ ਅਧੀਨ ਸ਼ਹਿਰ ਦੀ ਨਾਕਾਬੰਦੀ ਕਰ ਲਈ ਜਿਸ ਦੇ ਫਲਸਰੂਪ ਸੰਗਤਾਂ ਘੱਟ ਪਹੁੰਚੀਆਂ ਅਤੇ ਚੜ੍ਹਾਵਾ ਵੀ ਬਹੁਤ ਘੱਟ ਚੜ੍ਹਿਆ। ਇਸ ਤਰ੍ਹਾਂ ਬਣਦਾ ਪੈਸਾ ਹੀ ਤਾਰਨ ਦੀ ਆੜ ਵਿਚ ਭਾਈ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਭਾਈ ਸਾਹਿਬ ਆਪਣੇ ਮੁੱਖੋਂ ਮੰਗ ਕੇ ਬੰਦ ਬੰਦ ਕਟਵਾ ਕੇ ਲਾਸਾਨੀ ਸ਼ਹਾਦਤ ਦੇ ਕੇ ਸਿੱਖ ਸ਼ਹਾਦਤ ਦੀ ਮਹਾਨ-ਪਰੰਪਰਾ ਦੇ ਉਚ-ਮੀਨਾਰ ਬਣ ਗੁਜ਼ਰੇ।**

**ਸ਼ੇਰ ਸਿੰਘ ਕੰਵਲ**

**ਦਾਲ ਰੋਟੀ ਘਰ ਦੀ !**
**ਦੀਵਾਲੀ ਅੰਬਰਸਰ ਦੀ !!**

ਪੁਰਾਤਨ ਸਮੇਂ ਹਿੰਦੂਆਂ ਵਿਚ ਇਹ ਤਿਓਹਾਰ ਲੱਛਮੀ ਅਥਵਾ ਮਾਇਆ ਦੇ ਪੂਜਨ ਵਜੋਂ ਮਨਾਇਆ ਜਾਂਦਾ ਸੀ। ਤਿਓਹਾਰ ਤੋਂ ਪਹਿਲਾਂ ਘਰ ਗਊ ਦੇ ਗੋਬਰ ਨਾਲ ਲਿੱਪੇ ਅਤੇ ਮਗਰੋਂ ਪਰੋਲੇ ਦਾ ਪੋਚਾ ਫੇਰਿਆ ਜਾਂਦਾ। ਕੁੜੀਆਂ ਸੁਆਣੀਆਂ ਘਰਾਂ ਨੂੰ ਸੁਆਰ-ਬਹਾਰ ਕੇ ਕੰਧਾਂ ਕੰਧੋਲੀਆਂ 'ਤੇ ਵੇਲ ਬੂਟੇ ਪਾਉਂਦੀਆਂ, ਚਿੱਤਰਕਾਰੀ ਕਰਦੀਆਂ ਤੇ ਲੱਛਮੀ ਦੇ ਸੁਆਗਤ ਲਈ ਦੀਵਾਲੀ ਦੀ ਆਥਣ ਨੂੰ ਕੰਧਾਂ ਬਨੇਰਿਆਂ-ਕੌਲਿਆਂ ਤੇ ਦੀਵੇ ਧਰ ਕੇ ਲੋਕ ਚਾਨਣ ਕਰਦੇ ਹਨ। ਸ਼ਾਇਦ ਇਸ ਲਈ ਕਿ ਕਿਤੇ ਲੱਛਮੀ ਮਾਈ ਹਨੇਰੇ ਕਾਰਨ ਘਰ ਵੜਨਾ ਹੀ ਨਾ ਭੁੱਲ ਜਾਵੇ। ਜੁਆਰੀਏ ਓਦੋਂ ਤੋਂ ਹੁਣ ਤੱਕ ਇਸ ਤਿਓਹਾਰ ਦੀ ਰਾਤ ਨੂੰ ਸਾਰੀ ਸਾਰੀ ਰਾਤ ਜੂਆ ਖੇਡਦੇ ਹਨ ਕਿ ਅੱਜ ਲੱਛਮੀ ਮਾਈ ਸਾਡੇ 'ਤੇ ਮਿਹਰਵਾਨ ਹੋ ਜਾਵੇਗੀ। ਸਾਡੇ ਵੱਲ ਮਾਇਆ ਆਵੇਗੀ (ਭਾਵੇਂ ਪਹਿਲੀ ਵੀ ਚਲੀ ਜਾਵੇ)

ਇਹ ਤਿਓਹਾਰ ਕੱਤਕ ਸੁਦੀ 30 ਨੂੰ ਆਉਂਦਾ ਹੈ। ਮਿਥਿਹਾਸਕ ਜਾਂ ਇਤਿਹਾਸਕ ਪੱਖੋਂ ਹਿੰਦੂਆਂ ਦੀ ਮਾਨਤਾ ਹੈ ਕਿ ਇਸ ਦਿਨ ਭਗਵਾਨ ਰਾਮ ਰਾਵਣ 'ਤੇ ਜਿੱਤ ਪ੍ਰਾਪਤ ਕਰਨ ਉਪਰੰਤ ਆਪਣੇ ਭਰਾ ਲਸ਼ਮਣ ਤੇ ਪਤਨੀ ਸੀਤਾ ਸਮੇਤ ਚੌਦਾਂ ਵਰ੍ਹੇ ਦਾ ਬਨਵਾਸ ਕੱਟਣ ਮਗਰੋਂ ਅਯੁੱਧਿਆ ਪਧਾਰੇ ਸਨ ਅਤੇ ਉਨ੍ਹਾਂ ਦੇ ਆਉਣ ਦੀ ਖੁਸ਼ੀ ਤੇ ਸੁਆਗਤ ਵਜੋਂ ਲੋਕਾਂ ਨੇ ਦੀਪ ਮਾਲਾ ਕੀਤੀ ਸੀ। ਫਿਰ ਆਏ ਸਾਲ ਇਹ ਤਿਓਹਾਰ ਹਿੰਦੂਆਂ ਵਲੋਂ ਚਾਓ ਅਤੇ ਹੁਲਾਸ ਨਾਲ ਮਨਾਉਣਾ ਜਾਰੀ ਹੋ ਗਿਆ। ਭਾਰਤ ਦੇ ਹੋਰ ਭਾਗਾਂ ਵਾਂਗ ਪੰਜਾਬ ਵਿਚ ਵੀ ਗੁਰੂ ਕਾਲ ਤੋਂ ਪਹਿਲੋਂ ਇਹ ਤਿਓਹਾਰ ਇਸੇ ਭਾਵਨਾ ਤਹਿਤ ਹੀ ਮਨਾਇਆ ਜਾਂਦਾ ਰਿਹਾ ਹੈ ਅਤੇ ਸਮਝੋ ਹੁਣ ਵੀ ਮਨਾਇਆ ਜਾਂਦਾ ਹੈ।

ਪਰ ਸਿੱਖਾਂ ਵਿਚ ਇਸ ਤਿਓਹਾਰ ਦਾ ਮੰਨਨ ਪ੍ਰੀਚਾਲਨ ਛਨਮ ਪੀਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸੰਨ 1614 ਵਿਚ 52 ਰਾਜਿਆਂ ਨੂੰ ਰਿਹਾਅ ਕਰਵਾਉਣ ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਣ 'ਤੇ ਬੰਦੀ ਛੋੜ ਦਿਵਸ' ਮਨਾਉਣ ਤੋਂ ਹੋਇਆ ਜਦੋਂ ਇਸ ਦਿਨ ਬਾਬਾ ਬੁੱਢਾ ਜੀ ਦੀ ਪ੍ਰੇਰਨਾ 'ਤੇ ਸੰਗਤਾਂ ਨੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਦੀਪਮਾਲਾ ਕੀਤੀ। ਜਿਸ ਪ੍ਰਥਾਏ ਭਾਈ ਗੁਰਦਾਸ ਜੀ (ਪਹਿਲੇ) ਨੇ ਆਪਣੀ ਰਚਨਾ ਵਿਚ ਦੀਵਾਲੀ ਕੀ ਰਾਤ ਦੀਵੇ ਬਾਲੀਅਹਿ' ਦਾ ਸੰਦੇਸ਼ ਦਿੱਤਾ ਹੈ। ਉਸ ਸਮੇਂ ਤੋਂ ਹੀ ਸਿੱਖ ਇਸ ਤਿਓਹਾਰ ਨੂੰ ਬੰਦੀ ਛੋੜ ਦਿਵਸ' ਵਜੋਂ ਮਨਾਉਂਦੇ ਹਨ। ਸਤਿਗੁਰਾਂ ਦੇ ਇਸ ਇਤਿਹਾਸਕ ਕਾਰਜ ਦੀ ਯਾਦ ਗਵਾਲੀਅਰ ਦੇ ਕਿਲ੍ਹੇ ਵਿਚ ਸਥਿਤ ਗੁਰਦੁਆਰਾ ਸਾਹਿਬ ਵਿਚ ਇਕ ਲੋਹੇ ਦੀ ਤਖਤ 'ਤੇ ਬੰਦੀ ਛੋੜ ਦਿਵਸ' ਲਿਖਿਆ ਮਿਲਦਾ ਹੈ। ਉਸ ਸਮੇਂ ਤੋਂ ਹੁਣ ਤੱਕ ਸ੍ਰੀ ਅੰਮ੍ਰਿਤਸਰ ਦੇ ਦੀਵਾਲੀ ਅਥਵਾ ਬੰਦੀ ਛੋੜ ਦਿਵਸ ਦੇ ਮੇਲੇ ਦੀ ਸ਼ਾਨ ਛਵੀ ਵਧਦੀ ਹੀ ਚਲੀ ਜਾ ਰਹੀ ਹੈ। ਇਸ ਰਾਤ ਸ੍ਰੀ ਹਰਿਮੰਦਿਰ ਸਾਹਿਬ ਦਾ ਨਜ਼ਾਰਾ ਅਲੌਕਿਕ ਹੀ ਹੁੰਦਾ ਹੈ। ਦੇਸ਼ਾਂ ਵਿਦੇਸ਼ਾਂ ਤੋਂ ਗੁਰੂ ਚਰਨਾਂ ਦੇ ਭੌਰੇ ਸਿੱਖ ਹਫ਼ਤਾ ਪਹਿਲੋਂ ਤੋਂ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਉਮਡਣੇ-ਪਹੁੰਚਣੇ ਸ਼ੁਰੂ ਹੋ ਜਾਂਦੇ ਹਨ। ਸ਼ਹਿਰ ਵਿਚ ਹੋਟਲ ਸਰਾਵਾਂ ਆਦਿ ਬੁੱਕ ਹੋ ਜਾਂਦੇ ਹਨ। ਸ਼ਹਿਰ ਦੇ ਲਾਗਲੇ ਨਗਰਾਂ ਪਿੰਡਾਂ ਦੇ ਘਰ ਪ੍ਰਾਹੁਣਿਆਂ ਦੀ ਰੌਣਕ ਨਾਲ ਰੌਣਕੀਲੇ ਰੰਗੀਨ ਹੋ ਜਾਂਦੇ ਹਨ। ਦੀਵਾਲੀ ਦੇ ਦਿਨ ਦੁਪਹਿਰ ਤੋਂ ਹੀ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਉਪਰੰਤ ਪ੍ਰਕਰਮਾ ਵਿਚ ਚਾਈਂ ਚਾਈਂ ਹੋਰਾਂ ਤੋਂ ਪਹਿਲਾਂ ਹੀ ਥਾਵਾਂ ਮੱਲ ਬੈਠਦੇ ਹਨ ਤਾਂ ਕਿ ਸੁਨਹਿਰੀ ਪਲਾਂ ਤੋਂ ਕੋਈ ਪਲ ਵੀ ਅਣਡਿੱਠਾ ਨਾ ਨਿਕਲ ਜਾਵੇ। ਇਸ ਸ਼ਾਮ ਪ੍ਰਕਰਮਾ ਵਿਚ ਕਿਧਰੇ ਤਿਲ ਸੁੱਟਣ ਨੂੰ ਥਾਂ ਨਹੀਂ ਹੁੰਦੀ। ਸ਼ਾਮ ਉਤਰਦੇ ਹੀ ਬੇਸ਼ੁਮਾਰ ਲਾਈਟਾਂ, ਬਲਬਾਂ, ਮੋਮਬੱਤੀਆਂ ਨਾਲ ਰੋਸ਼ਨੀ ਦਾ ਮਾਨੋ ਕੋਈ ਹੜ੍ਹ ਹੀ ਆ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਦੀ ਸਜਾਵਟ 'ਤੇ ਝਿਲਮਲਾਹਟ ਕਮਾਲ ਦੀ ਦਿਲਕਸ਼ ਹੁੰਦੀ ਹੈ। ਇਸ ਦੇ ਦਰਸ਼ਨ ਕਰਦਿਆਂ ਤੇ ਗੁਰਬਾਣੀ ਸਰਵਣ ਕਰਦਿਆਂ ਇਹ ਅਨੁਭਵ ਹੁੰਦਾ ਹੈ ਜਿਵੇਂ ਅਸੀਂ ਧਰਤੀ ਤੇ ਨਹੀਂ ਸਤਿਗੁਰਾਂ ਦੀ ਗੋਦ ਵਿਚ ਬਹਿਸ਼ਤ ਵਿਚ ਹੀ ਬੈਠੇ ਹੋਈਏ। ਪ੍ਰਕਰਮਾ ਵਿਚ ਬੈਠੇ ਆਨੰਦਿਤ ਤੇ ਸਰਸ਼ਾਰ ਸ਼ਰਧਾਲੂ ਜਦ ਕੀਰਤਨ ਦੀਆਂ ਧੁਨਾ ਨਾਲ ਰਾਮਦਾਸ ਸਰੋਵਰ ਤੋਂ ਉਠਦੀਆਂ ਰੁਮਕਦੀਆਂ ਲਹਿਰਾਂ ਛੱਲਾਂ ਤਰੰਗਾਂ ਦਾ ਨਜ਼ਾਰਾ ਅੱਖੀਆਂ ਥੀਂ ਚੱਖਦੇ ਅਤੇ ਰੋਸ਼ਨੀ ਦੇ ਹੜ੍ਹ 'ਚ ਹੜ੍ਹਦੇ ਹਨ ਤਾਂ ਇਹ ਛਿਣ ਸਚਮੁਚ ਹੀ ਉਨ੍ਹਾਂ ਲਈ ਜਿੰਦਗੀ ਦੇ ਸੁਨਹਿਰੇ ਪਲ ਹੁੰਦੇ ਹਨ। ਆਤਮਿਕ ਖੁਰਾਕ ਦੇ ਨਾਲ ਨਾਲ ਗੁਰੂ ਕੇ ਅਤੁੱਟ ਲੰਗਰ ਤਾਂ ਚੱਤੋ ਪਹਿਰ ਸੰਗਤਾਂ ਲਈ ਵਰਤਦੇ ਹੀ ਰਹਿੰਦੇ ਹਨ। ਫਿਰ ਪ੍ਰਕਰਮਾ ਵਿਚ ਕਿਸੇ ਸ਼ਾਂਤੀ ਬੂੰਦ ਲਈ ਤਰਸਦੇ ਭੌਰੇ ਵਾਂਗ ਸ਼ਰਧਾਲੂ ਰੀਝਾਵਲੇ ਨੈਣ ਵਿਛਾ ਕੇ ਛੇਵੇਂ ਸਤਿਗੁਰਾਂ ਦੀ ਆਮਦ ਵਿਚ ਚਲਾਈ ਜਾਣ ਵਾਲੀ ਆਤਿਸ਼ਬਾਜ਼ੀ ਦਾ ਇੰਤਜ਼ਾਰ ਬੜੀ ਹੀ ਬਿਹਬਲਤਾ ਤੇ ਬੇਤਾਬੀ ਨਾਲ ਕਰਦੇ ਹਨ ਅਤੇ ਜਦੋਂ ਸਿੱਕਾਂ-ਸਿਕਦਿਆਂ ਉਡੀਕਦਿਆਂ-ਤਾਂਘਦਿਆਂ ਆਤਿਸ਼ਬਾਜ਼ੀ ਚਲਦੀ ਹੈ ਤਾਂ ਇਹ ਗੁਰਾਂ ਦੇ ਸ਼ਰਧਾਲੂ ਸਿੱਖ ਭੌਰੇ ਚਾਅ ਵਿਚ ਇੰਝ ਉਮ੍ਹਲਦੇ-ਚਾਂਵਲਦੇ ਹਨ ਜਿਵੇਂ ਇਨ੍ਹਾਂ ਸਾਹਵੇਂ ਛੇਵੇਂ ਸਤਿਗੁਰੂ ਹੁਣੇ ਹੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਆਏ ਹੋਵਣ।



ਸ੍ਰੀ ਅੰਮ੍ਰਿਤਸਰ ਸਾਹਿਬ ਦੀ ਇਹ ਦੀਵਾਲੀ ਹਰ ਵਰ੍ਹੇ ਜਿਥੇ ਸਿੱਖਾਂ ਲਈ ਖੁਸ਼ੀ ਦਾ ਪੈਗਾਮ ਲੈ ਕੇ ਆਉਂਦੀ ਹੈ, ਉਥੇ ਇਹ ਸਿੱਖਾਂ ਲਈ ਇਕ ਚੈਲਿੰਜ ਜਾਂ ਚੁਣੌਤੀ ਵੀ ਬਣਦੀ ਚਲੀ ਆਈ ਹੈ। ਸਭ ਤੋਂ ਵੱਡਾ ਚੈਲਿੰਜ ਗੁਰੂ ਕੇ ਪੰਥ ਨੂੰ ਇਸ ਮੇਲੇ ਦੇ ਪ੍ਰਸੰਗ ਵਿਚ ਓਦੋਂ ਹੋਇਆ ਜਦੋਂ ਕੈਬੋਵਾਲੀਏ ਭਾਈ ਮਨੀ ਸਿੰਘ ਜੋ ਗੁਰੂ ਤੇਗ ਬਹਾਦਰ ਸਮੇਂ ਹੀ ਪੰਜ ਸਾਲ ਦੀ ਉਮਰ ਵਿਚ ਗੁਰੂਘਰ ਦੇ ਹੋ ਗਏ ਸਨ ਤੇ ਜੋ ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਪਾਨ ਕਰਕੇ ਅੰਤਿਮ ਸਵਾਸਾਂ ਤੱਕ ਗੁਰੂ ਕੇ ਹੀ ਰਹੇ ਅਤੇ ਜਿਨ੍ਹਾਂ ਤੋਂ ਦਸਮ ਪਿਤਾ ਨੇ ਸ੍ਰੀ ਦਮਦਮਾ ਸਾਹਿਬ ਆਦਿ ਗ੍ਰੰਥਾਂ ਦੀ ਬੀੜ ਲਿਖਵਾਈ ਤੇ ਜੋ ਮਗਰੋਂ ਮਾਤਾ ਸੁੰਦਰੀ ਜੀ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਥਾਪੇ ਗਏ, ਨੇ ਸੰਨ 1733 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੀਵਾਲੀ 'ਤੇ ਸਰਬੱਤ-ਖ਼ਾਲਸਾ' ਬੁਲਾਇਆ ਅਤੇ ਨਵਾਬ ਜ਼ਕਰੀਆ ਖਾਨ ਨੇ ਸਾਜਿਸ਼ ਅਧੀਨ ਸ਼ਹਿਰ ਦੀ ਨਾਕਾਬੰਦੀ ਕਰ ਲਈ ਜਿਸ ਦੇ ਫਲਸਰੂਪ ਸੰਗਤਾਂ ਘੱਟ ਪਹੁੰਚੀਆਂ ਅਤੇ ਚੜ੍ਹਾਵਾ ਵੀ ਬਹੁਤ ਘੱਟ ਚੜ੍ਹਿਆ। ਇਸ ਤਰ੍ਹਾਂ ਬਣਦਾ ਪੈਸਾ ਹੀ ਤਾਰਨ ਦੀ ਆੜ ਵਿਚ ਭਾਈ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਭਾਈ ਸਾਹਿਬ ਆਪਣੇ ਮੁੱਖੋਂ ਮੰਗ ਕੇ ਬੰਦ ਬੰਦ ਕਟਵਾ ਕੇ ਲਾਸਾਨੀ ਸ਼ਹਾਦਤ ਦੇ ਕੇ ਸਿੱਖ ਸ਼ਹਾਦਤ ਦੀ ਮਹਾਨ-ਪਰੰਪਰਾ ਦੇ ਉਚ-ਮੀਨਾਰ ਬਣ ਗੁਜ਼ਰੇ।

ਇਸ ਲਾਸਾਨੀ ਸ਼ਹਾਦਤ ਤੋਂ ਉਪਰੰਤ ਸਿੱਖਾਂ ਲਈ ਤਿਓਹਾਰ-ਇਕ ਤਿਓਹਾਰ ਜਾਂ ਮੇਲਾ ਹੀ ਨਹੀਂ ਰਿਹਾ ਸਗੋਂ ਇਕ ਜਗਦਾ ਮੱਘਦਾ ਪ੍ਰਸ਼ਨ ਵੀ ਬਣ ਗਿਆ ਕਿ ਉਨ੍ਹਾਂ ਛੇਵੇਂ ਸਤਿਗੁਰੂ ਹਰਗੋਬਿੰਦ ਸਾਹਿਬ ਵਾਂਗ ਜ਼ੁਲਮ ਵਿਰੁਧ ਜੂਝਦਿਆਂ ਗੁਲਾਮੀ ਦੇ ਬੰਧਨ ਤੋੜਨੇ ਹਨ ਅਤੇ ਭਾਈ ਮਨੀ ਸਿੰਘ ਜੀ ਵਾਂਗ ਸੱਚ ਦੇ ਪਾਸਾਰ ਲਈ ਕੁਰਬਾਨੀ ਦਾ ਅਹਿਦ ਦੁਹਰਾਣਾ ਹੈ ਜਾਂ ਆਪਣੇ ਸ਼ਾਨਾ ਮੱਤੇ ਵਿਰਸੇ ਨੂੰ ਵਿਸਾਰਦੇ ਜਾਣਾ ਹੈ।



# ਦੀਵਾਲੀ ਦੀ ਰਾਤਿ..

**ਰੌਸ਼ਨੀਆਂ ਦਾ ਤਿਓਹਾਰ ਦੀਵਾਲੀ ਭਾਰਤ ਦੇ ਤਿਓਹਾਰਾਂ ਦੀ ਸੁੰਦਰ ਮਾਲਾ ਦਾ ਚਮਕਦਾ ਮੋਤੀ ਹੈ। ਇਹ ਤਿਓਹਾਰ ਨਾ ਸਿਰਫ਼ ਭਾਰਤ ਬਲਕਿ ਦੁਨੀਆਂ ਭਰ ਵਿਚ ਵਸੇ ਭਾਰਤੀ ਮੂਲ ਦੇ ਲੋਕ ਬੜੇ ਚਾਅ ਤੇ ਧਾਰਮਿਕ ਰਵਾਇਤਾਂ ਨਾਲ ਮਨਾਉਂਦੇ ਹਨ। ਸਿੱਖ ਧਰਮ ਵਿਚ ਇਸ ਦਾ ਇਤਿਹਾਸਕ ਪਿਛੋਕੜ ਵਿਲੱਖਣ ਹੈ। ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਸ਼ਾਸ਼ਨ ਦੌਰਾਨ ਗਵਾਲੀਅਰ ਦੇ ਕਿਲ੍ਹੇ 'ਚ ਨਜ਼ਰਬੰਦੀ ਮਗਰੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 52 ਰਾਜਿਆਂ ਨੂੰ ਵੀ ਅਪਣੇ ਨਾਲ ਰਿਹਾਅ ਕਰਵਾ ਕੇ ਲੈ ਆਏ। ਰਿਹਾਈ ਉਪਰੰਤ ਗੁਰੂ ਜੀ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਗੁਰੂ ਜੀ ਦੇ ਆਗਮਨ 'ਤੇ ਦਰਸ਼ਨਾਂ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਦੇ ਹੁਕਮਾਂ 'ਤੇ ਸ਼ਹਿਰ ਵਿਚ ਦੇਸੀ ਘਿਓ ਦੇ ਦੀਵੇ ਜਗਾ ਕੇ ਦੀਪਮਾਲਾ ਕੀਤੀ। ਇਸ ਪ੍ਰਕਾਰ ਪ੍ਰਕਾਰ ਇਹ ਦਿਨ ਸਿੱਖਾਂ ਵਿਚ ਬੰਦੀ-ਛੋੜ ਦਿਵਸ ਦੇ ਨਾਂ ਨਾਲ ਪ੍ਰਚਲਿਤ ਹੋਇਆ। ਇਸ ਦਿਨ ਤੋਂ ਹੀ ਦੀਵਾਲੀ ਦਾ ਸਬੰਧ ਸਿੱਖ ਇਤਿਹਾਸ ਨਾਲ ਜੁੜ ਗਿਆ।**

**ਗੁਰਬਿੰਦਰ ਸਿੰਘ ਮਾਣਕ**

ਵਿਸ਼ਾਲ ਭਾਰਤ ਗੌਰਵਮਈ ਤਿਓਹਾਰਾਂ ਦੀ ਭੂਮੀ ਹੈ। ਵੱਖ ਵੱਖ ਧਰਮਾਂ, ਜਾਤਾਂ, ਬੋਲੀਆਂ ਵਿਸ਼ਵਾਸਾਂ ਅਤੇ ਅਕੀਦਿਆਂ ਦੇ ਬਾਵਜੂਦ ਤਿਓਹਾਰਾਂ ਦੇ ਖਿੜੇ ਹੋਏ ਖ਼ੂਬਸੂਰਤ ਗੁਲਾਬ ਭਾਰਤ ਦੀ ਧਰਤੀ ਨੂੰ ਮਹਿਕਾਈ ਰੱਖਦੇ ਹਨ। ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਅਤੇ ਗੁਜਰਾਤ ਤੋਂ ਲੈ ਕੇ ਧੁਰ ਉੱਤਰ ਪੂਰਬ ਤੱਕ ਵਿਸ਼ਾਲਤਾ ਤੋਂ ਵਿਲੱਖਣਤਾ ਦਾ ਪ੍ਰਤੀਕ ਭਾਰਤ ਅਨੇਕਤਾ ਦੇ ਬਾਵਜੂਦ ਵੱਖ ਵੱਖ ਤਿਓਹਾਰਾਂ ਦੀ ਬਦੌਲਤ ਏਕਤਾ ਦੇ ਸੂਰਤ ਵਿਚ ਬੱਝਾ ਹੋਇਆ ਹੈ।

ਰੌਸ਼ਨੀਆਂ ਦਾ ਤਿਓਹਾਰ ਦੀਵਾਲੀ ਭਾਰਤ ਦੇ ਤਿਓਹਾਰਾਂ ਦੀ ਸੁੰਦਰ ਮਾਲਾ ਦਾ ਚਮਕਦਾ ਮੋਤੀ ਹੈ। ਇਸ ਤਿਓਹਾਰ ਨੂੰ ਕੇਵਲ ਭਾਰਤ ਵਿਚ ਹੀ, ਸਗੋਂ ਸੰਸਾਰ ਦੇ ਜਿਸ ਕੋਨੇ ਵਿਚ ਵੀ ਭਾਰਤੀ ਵਸੇ ਹਨ, ਪੂਰੀਆ ਪ੍ਰੰਪਰਕ ਰਵਾਇਤਾਂ ਤੇ ਸਜ-ਧਜ ਨਾਲ ਮਨਾਇਆ ਜਾਦਾ ਹੈ। ਇਹ ਭਾਰਤ ਦੇ ਧਾਰਮਿਕ ਅਤੇ ਇਤਿਹਾਸਕ ਵਿਰਸੇ ਦਾ ਅਟੁੱਟ ਹਿੱਸਾ ਬਣ ਗਿਆ ਹੈ। ਦੀਵਾ ਰੋਸ਼ਨੀ ਦਾ ਪ੍ਰਤੀਕ ਹੈ ਤੇ ਰੋਸ਼ਨੀ ਜਿੰਦਗੀ ਦੀ। ਜਿਵੇਂ ਹਨੇਰੇ ਨੂੰ ਦੂਰ ਭਜਾਉਣ ਲਈ ਇਕ ਦੀਵਾ ਹੀ ਕਾਫ਼ੀ ਹੈ, ਉਸੇ ਤਰ੍ਹਾਂ ਮਨਾਂ ਵਿਚੋਂ ਹਨੇਰੇ ਤੇ ਬਦੀ ਨੂੰ ਦੂਰ ਕਰਨ ਲਏ ਗਿਆਨ ਰੂਪੀ ਰੋਸ਼ਨੀ ਦਾ ਹੋਣਾ ਬੇਹੱਦ ਜ਼ਰੂਰੀ ਹੈ। ਸਮੇਂ ਦੇ ਬੀਤਣ ਨਾਲ ਤਿਓਹਾਰਾਂ ਦੇ ਅਰਥ ਬਦਲ ਗਏ ਹਨ। ਸਾਡੇ ਮਨਾਂ ਵਿਚੋਂ ਮੋਹ, ਪਿਆ ਅਤੇ ਸਦਭਾਵਨਾ ਕਿਤੇ ਗੁਆਚ ਗਈ ਹੈ। ਮਨੁੱਖ ਦੇ ਲਾਲਚੀ ਤੇ ਸਵਾਰਥੀ ਸੁਭਾਅ ਨੇ ਸਮਾਜ ਨੂੰ ਕਾਲਖਾਂ ਦੀ ਡੂੰਘੀ ਖਾਈ ਵਿਚ ਸੁੱਟ ਦਿੱਤਾ ਹੈ। ਆਲੇ ਦੁਆਲੇ ਪਸਰੀਆਂ ਰੋਸ਼ਨੀਆਂ ਦੀ ਚਕਾਚੌਂਧ ਦੇ ਬਾਵਜੂਦ ਮਨੁੱਖੀ ਮਨਾਂ ਵਿਚ ਹਨੇਰਾ ਵਸਿਆ ਹੋਇਆ ਹੈ।

ਸਮਾਜ ਵਿਚ ਸਾੜਾ, ਨਫ਼ਰਤ ਅਤੇ ਖੁਦਗਰਜ਼ੀ ਦੀਆਂ ਦੀਵਾਰਾਂ ਲਗਾਤਾਰ ਉੱਚੀਆਂ ਹੋ ਰਹੀਆਂ ਹਨ। ਤਿਓਹਾਰਾਂ ਨੂੰ ਉਨ੍ਹਾਂ ਦੇ ਅਸਲੀ ਸੰਦਰਭ ਵਿਚ ਮਨਾਉਣ ਦੀ ਥਾਂ ਅਸੀਂ ਆਪਣੀ ਹਊਮੈ ਨੂੰ ਪੱਠੇ ਪਾ ਰਹੇ ਹਾਂ। ਸਾਡੀ ਜ਼ਿੰਦਗੀ ਵਿਚੋਂ ਸਾਦਗੀ ਤੇ ਸੰਜਮ ਤਾਂ ਕਿਤੇ ਖੰਭ ਲਾ ਕੇ ਉਡ ਗਏ ਹਨ। ਸਮਾਜ ਦੇ ਬਹੁਗਿਣਤੀ ਲੋਕ ਭੇਡ ਚਾਲ ਦੇ ਰਾਹ ਪੈ ਗਏ ਹਨ। ਦੀਵਾਲੀ ਤੋਂ ਕਈ ਦਿਨ ਪਹਿਲਾਂ ਹੀ ਪਟਾਕਿਆਂ ਦਾ ਸ਼ੋਰ ਤੇ ਗੰਧਲਾ ਧੂੰਆਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨਾ ਸ਼ੁਰੂ ਕਰ ਦਿੰਦਾ ਹੈ। ਲੱਖਾਂ ਰੁਪਏ ਪਟਾਕਿਆਂ ਤੇ ਆਤਿਸ਼ਬਾਜ਼ੀ ਦੇ ਨਾਂਅ ਉੱਤੇ ਫੂਕ ਦਿੱਤੇ ਜਾਂਦੇ ਹਨ। ਆਲੇ ਦੁਆਲੇ ਵਿਚ ਕੰਨ ਪਾੜਵਾਂ ਸ਼ੋਰ



ਤੇ ਕਾਲਾ ਸੰਘਣਾ ਧੂੰਆਂ ਫੈਲ ਕੇ ਵਾਤਾਵਰਣ ਨੂੰ ਪਲੀਤ ਕਰਦਾ ਹੈ। ਸਾਡੇ ਮਨਾਂ ਵਿਚ ਸ਼ਾਇਦ ਇਹ ਗੱਲ ਵਸ ਗਈ ਹੈ ਕਿ ਜੇ ਪਟਾਕੇ ਨਾ ਚਲਾਏ ਜਾਂ ਆਤਿਸ਼ਬਾਜੀ ਨਾ ਕੀਤੀ ਤਾਂ ਫਿਰ ਕਾਹਦੀ ਦੀਵਾਲੀ ਮਨਾਈ। ਹਰ ਸਾਲ ਹੀ ਦੀਵਾਲੀ ਦੀ ਰਾਤ ਅਨੇਕਾਂ ਦੁਖਦਾਈ ਹਾਦਸੇ ਵਾਪਰਦੇ ਹਨ। ਅੱਗਾਂ ਲੱਗਦੀਆਂ ਹਨ, ਮਾਸੂਮ ਜ਼ਿੰਦਾਂ ਭੰਗ ਦੇ ਭਾੜੇ ਜਾਨ ਗੁਆ ਬਹਿੰਦੀਆਂ ਹਨ। ਕਿਸੇ ਦਾ ਹੱਥ ਸੜ ਜਾਂਦਾ ਹੈ ਤੇ ਕਿਸੇ ਦੀ ਅੱਖ ਚਲੀ ਜਾਂਦੀ ਹੈ। ਵਿਸ਼ੈਲੇ ਧੂੰਏ ਦੀ ਬਦੌਲਤ ਸਾਹ ਲੈਣਾ ਔਖਾ ਹੋ ਜਾਂਦਾ ਹੈ। ਵਧ ਰਿਹਾ ਸ਼ੋਰ ਪ੍ਰਦੂਸ਼ਣ ਕਈ ਤਰ੍ਹਾਂ ਦੇ ਤਣਾਅ ਤੇ ਮਾਨਸਿਕ ਰੋਗ ਪੈਦਾ ਕਰਦਾ ਹੈ। ਇਸ ਤਰ੍ਹਾਂ ਢੋਲ ਢਮੱਕੇ ਨਾਲ ਮਨਾਈ ਦੀਵਾਲੀ ਦਾ ਲਾਭ ਦੀ ਥਾਂ ਨੁਕਸਾਨ ਵਧੇਰੇ ਹੁੰਦਾ ਹੈ। ਇਸ ਦੇ ਉਲਟ ਜੇਕਰ ਦੀਵਾਲੀ ਸਾਦਗੀ, ਸੰਜਮ, ਪਿਆਰ, ਮੁਹੱਬਤ, ਮਿਲਵਰਤਨ ਤੇ ਭਾਈਚਾਰਕ ਸਾਂਝ ਨਾਲ ਮਨਾਉਣ ਦੀ ਪਿਰਤ ਪਾਈ ਜਾਵੇ ਤਾਂ ਖੁਸ਼ੀ ਦੂਣ ਸਵਾਈ ਹੋ ਸਕਦੀ ਹੈ।

ਦੀਵਾਲੀ ਦੇ ਤਿਓਹਾਰ ਮੌਕੇ ਸੱਜਣਾਂ ਮਿੱਤਰਾਂ, ਪਿਆਰਿਆਂ ਨੂੰ ਤੋਹਫ਼ੇ ਦੇਣੇ ਸਦਭਾਵਨਾ ਦਾ ਪ੍ਰਤੀਕ ਹਨ, ਪਰ ਇਨ੍ਹਾਂ ਤੋਹਫਿਆਂ ਪਿੱਛੇ ਹਾਊਮੈ ਤੇ ਸਵਾਰਥ ਨਹੀਂ ਹੋਣਾ ਚਾਹੀਦਾ। ਜੇ ਤੋਹਫਾ ਦੇਣ ਪਿੱਛੇ ਖੁਦਗਰਜ਼ੀ ਛਿਪੀ ਹੋਵੇ ਤਾਂ ਇਹ ਅਰਥਹੀਣ ਹੋ ਜਾਂਦਾ ਹੈ। ਸਿਆਸੀ ਵਿਅਕਤੀਆਂ, ਵੱਡੇ ਨੌਕਰਸ਼ਾਹਾਂ ਅਤੇ ਕਾਰੋਬਾਰੀ ਅਦਾਰਿਆਂ ਵਿਚ ਵੱਡੇ ਵਿਅਕਤੀਆਂ ਨੂੰ ਮਿਲਦੇ ਮਹਿੰਗੇ ਤੋਹਫਿਆਂ ਪਿੱਛੇ ਕੋਈ ਨਾ ਕੋਈ ਮਕਸਦ ਜ਼ਰੂਰ ਛੁਪਿਆ ਰਹਿੰਦਾ ਹੈ। ਜੇ ਕਾਲੇ ਧੰਦਿਆਂ ਵਿਚੋਂ ਕਮਾਏ ਧਨ ਨਾਲ ਕਿਸੇ ਨੂੰ ਮਹਿੰਗਾ ਤੋਹਫ਼ਾ ਦੇ ਵੀ ਦਿੱਤਾ ਜਾਵੇ ਤਾਂ ਤੋਹਫ਼ੇ ਦੀ ਆਭਾ ਖਤਮ ਹੋ ਜਾਂਦੀ ਹੈ। ਰਾਸ਼ਟਰਪਤੀ ਦੇ ਅਹੁਦੇ ਤੋਂ ਮੁਕਤ ਹੋਏ ਡਾ. ਏ.ਪੀ. ਜੇ ਅਬਦੁਲ ਕਲਾਮ ਸ਼ਾਇਦ ਇਸੇ ਕਾਰਨ ਹੀ ਕਿਸੇ ਤੋਂ ਕੋਈ ਤੋਹਫ਼ਾ ਪ੍ਰਵਾਨ ਨਹੀਂ ਕਰਦੇ ਕਿ ਕਿਤੇ ਤੋਹਫ਼ਾ ਦੇਣ ਵਾਲੇ ਦੇ ਮਨ ਵਿਚ ਕੋਈ ਸਵਾਰਥ ਤੇ ਮੰਦਭਾਵਨਾ ਨਾ ਹੋਵੇ। ਤਿਓਹਾਰ ਸਦਭਾਵਨਾ ਤੇ ਪ੍ਰੇਮ ਦਾ ਸੰਦੇਸ਼ ਦਿੰਦੇ ਹਨ। ਸਮਾਜ ਵਿਚ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਵਿਚ ਦੀਵਾਲੀ ਵਰਗੇ ਤਿਓਹਾਰ ਦੀ ਵਿਸ਼ੇਸ਼ ਮਹੱਤਤਾ ਹੈ। ਦੀਵਾਲੀ ਦੇ ਦੀਵਿਆਂ ਦੀ ਰੋਸ਼ਨੀ ਸਾਨੂੰ ਪਿਆਰ, ਮੁਹੱਬਤ ਤੇ ਸਦਭਾਵਨਾ ਭਰਪੂਰ ਵਤੀਰਾ ਧਾਰਨ ਕਰਕੇ ਸਮਾਜ ਵਿਚ ਵਿਚਰਨ ਦੀ ਪ੍ਰੇਰਨਾ ਦਿੰਦੀ ਹੈ। ਆਪਸੀ ਵੈਰ ਵਿਰੋਧ, ਨਫ਼ਰਤ, ਕੁੜੱਤਣ ਤੇ ਕਮੀਨਗੀ ਨੂੰ ਭੁਲਾ ਕੇ ਦੀਵਿਆਂ ਦੀ ਲੋਅ ਸਾਨੂੰ ਮਾਨਵੀ ਗੁਣ ਅਪਣਾਉਣ ਲਈ ਪ੍ਰੇਰਿਤ ਕਰਦੀ ਹੈ। ਸਮਾਜ ਦੇ ਵੱਖ ਵੱਖ ਵਰਗਾਂ ਵਿਚ ਸਦਭਾਵਨਾ ਤੇ ਭਾਈਚਾਰਕ ਸਾਂਝ ਪੈਦਾ ਕਰਨੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਸਮਾਜ ਵਿਚ ਫੈਲੀਆਂ ਅਨੇਕਾਂ ਬੁਰਾਈਆਂ ਨੂੰ ਆਪਣੇ ਮਨਾਂ ਵਿਚ ਗਿਆਨ ਦੀ ਰੋਸ਼ਨੀ ਕਰਕੇ ਦੂਰ ਕਰਨ ਦੇ ਉਪਰਾਲੇ ਕਰਨੇ ਹੀ ਇਸ ਤਿਓਹਾਰ ਨੂੰ ਮਨਾਉਣ ਦੀ ਸਾਰਥਿਕਤਾ ਹੋ ਸਕਦੀ ਹੈ। ਸਾਦਗੀ ਤੇ ਸੰਜਮ ਸਾਡੇ ਜੀਵਨ ਵਿਚੋਂ ਅਲੋਪ ਹੋ ਰਹੇ ਹਨ। ਅਸੀਂ ਫਜ਼ੂਲ ਗੱਲਾਂ ਉੱਤੇ ਹੀ ਹਜ਼ਾਰਾਂ ਰੁਪਏ ਖਰਚ ਕਰ ਦਿੰਦੇ ਹਾਂ। ਸਾਨੂੰ ਇਸ ਸੋਚ ਤੋਂ ਬਚਣ ਦੀ ਲੋੜ ਹੈ। ਅਸੀਂ ਘਰਾਂ ਦੇ ਬਨੇਰਿਆਂ 'ਤੇ ਦੀਪਮਾਲਾ ਕਰੀਏ ਪਰ ਮਨਾਂ ਦੀਆਂ ਮੰਮਟੀਆਂ 'ਤੇ ਵੀ ਪਿਆਰ, ਮੁਹੱਬਤ ਤੇ ਭਾਈਚਾਰਕ ਸਾਂਝ ਦੇ ਦੀਵੇ ਜ਼ਰੂਰ ਬਾਲੀਏ।



ਸਮੁੱਚੀ ਮਾਨਵਤਾ ਨੂੰ

# ਬੰਦੀ ਛੋੜ ਦਿਵਸ ਦੀਆਂ

# ਲੱਖ ਲੱਖ ਵਧਾਈਆਂ

ਬੰਦੀ ਛੋੜ ਦਿਵਸ ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਦੀ ਰੌਸ਼ਨੀ ਵਿਚ ਰਾਜ ਕਰੇਗਾ ਖਾਲਸਾ, ਅਜ਼ਾਦੀ ਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਜੇ ਸਿੱਖ ਕੌਮ ਲਈ ਤਨ, ਮਨ ਤੇ ਧਨ ਨਾਲ ਆਪਣੀਆਂ ਜਿੰਦੜੀਆਂ ਖਤਰੇ ਵਿਚ ਪਾ ਕੇ ਕੌਮ ਦੀ ਸੇਵਾ ਕਰਨ ਵਾਲੇ ਸੂਰਮੇ ਜੇਲ੍ਹਾਂ ਵਿਚ ਸਜ਼ਾ ਪੂਰੀਆਂ ਕਰਨ ਤੋਂ ਬਾਦ ਵੀ ਸਮੇਂ ਦੀਆ ਹਕੂਮਤਾਂ ਨੇ ਡੱਕੇ ਹੋਏ ਹੋਣ ਤਾਂ ਕੌਮ ਦਾ ਪਹਿਲਾ ਫਰਜ਼ ਉਨ੍ਹਾਂ ਦੀ ਰਿਹਾਈ ਲਈ ਸਿਰਤੋੜ ਯਤਨ ਕਰਨਾ ਬਣਦਾ ਹੈ। ਉਨ੍ਹਾਂ ਦੀ ਬੰਦਖਲਾਸੀ ਕਰਵਾਏ ਬਿਨਾਂ ਕੌਮ ਚੈਨ ਨਾਲ ਨਹੀਂ ਬੈਠ ਸਕਦੀ। ਇਸ ਮਹਾਨ ਦਿਨ 'ਤੇ ਸਾਰੇ ਸੰਸਾਰ ਦੇ ਗੁਰਦੁਆਰਿਆਂ ਵਿਚ ਉਨ੍ਹਾਂ ਦੀ ਰਿਹਾਈ ਲਈ ਸਮੂਹਿਕ ਅਰਦਾਸ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

## ਵਲੋਂ : ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

**ਭਾਈ ਜਸਵੰਤ ਸਿੰਘ ਹੋਠੀ (ਪ੍ਰਧਾਨ) ਫੋਨ : 408.898.7056**

**ਡਾ. ਪ੍ਰਿਤਪਾਲ ਸਿੰਘ (ਕੋਆਰਡੀਨੇਟਰ) ਫੋਨ : 408.422.5600**



ਦੇਸ਼ਾਂ ਵਿਦੇਸ਼ਾਂ 'ਚ ਵਸਦੇ ਸਮੂਹ ਸਿੱਖ ਭਾਈਚਾਰੇ ਅਤੇ ਸਮੁੱਚੀ ਮਾਨਵਤਾ ਨੂੰ

# ਬੰਦੀ ਛੋੜ ਦਿਵਸ ਦੀਆਂ

# ਲੱਖ ਲੱਖ ਵਧਾਈਆਂ

ਬੰਦੀ ਛੋੜ ਦਿਵਸ ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਦੀ ਰੌਸ਼ਨੀ ਵਿਚ ਰਾਜ ਕਰੇਗਾ ਖਾਲਸਾ, ਅਜ਼ਾਦੀ ਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਜੇ ਸਿੱਖ ਕੌਮ ਲਈ ਤਨ, ਮਨ ਤੇ ਧਨ ਨਾਲ ਆਪਣੀਆਂ ਜਿੰਦੜੀਆਂ ਖਤਰੇ ਵਿਚ ਪਾ ਕੇ ਕੌਮ ਦੀ ਸੇਵਾ ਕਰਨ ਵਾਲੇ ਸੂਰਮੇ ਜੇਲ੍ਹਾਂ ਵਿਚ ਸਜ਼ਾ ਪੂਰੀਆਂ ਕਰਨ ਤੋਂ ਬਾਦ ਵੀ ਸਮੇਂ ਦੀਆ ਹਕੂਮਤਾਂ ਨੇ ਡੱਕੇ ਹੋਏ ਹੋਣ ਤਾਂ ਕੌਮ ਦਾ ਪਹਿਲਾ ਫਰਜ਼ ਉਨ੍ਹਾਂ ਦੀ ਰਿਹਾਈ ਲਈ ਸਿਰਤੋੜ ਯਤਨ ਕਰਨ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਬੰਦਖਲਾਸੀ ਕਰਵਾਏ ਬਿਨਾਂ ਕੌਮ ਨੂੰ ਚੈਨ ਨਾਲ ਨਹੀਂ ਬੈਠਣਾ ਚਾਹੀਦਾ। ਇਹ ਮਹਾਨ ਦਿਨ ਸਾਰੇ ਸੰਸਾਰ ਦੇ ਗੁਰਦੁਆਰਿਆਂ ਵਿਚ ਉਨ੍ਹਾਂ ਦੀ ਰਿਹਾਈ ਲਈ ਸਮੂਹਿਕ ਅਰਦਾਸ ਹੋਣੀ ਚਾਹੀਦੀ ਹੈ।

ਵਲੋਂ

## Singh Transport Inc,

Oakland, California

Ph : 510-943-9578, 510-900-9340



Satnam Singh Khehra

ਸਤਨਾਮ ਸਿੰਘ (510) 543-3778, ਜਗਤਾਰ ਸਿੰਘ (510) 918-2439

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

ਧੰਨ ਧੰਨ ਸ੍ਰੀ ਗੁਰ ਰਾਮਦਾਸ ਸਾਹਿਬ ਜੀ






ਦੇ ਪਾਵਨ ਪ੍ਰਕਾਸ਼ ਪੁਰਬ ਅਤੇ

ਬੰਦੀ ਛੋੜ ਦਿਵਸ (ਦੀਵਾਲੀ)

ਦੇ ਉਪਲਕਸ਼ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਸਮਾਗਮ

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB KHALSA CARE FOUNDATION

9989 Laurel Canyon Blvd, Pacoima CA 91331

15 OCTOBER (SUNDAY) & 22 OCTOBER (SUNDAY)

11.30 am to 01.00 pm Kirtan - Bhai Harjinder Singh (Sri Nagar Wale)

16 OCTOBER (MONDAY) TO 21 OCTOBER (SATURDAY)

07.00 pm to 08.30 pm Kirtan - Bhai Harjinder Singh (Sri Nagar Wale)



BHAI KANHAIYA JEE LANGAR SEWA DAL

FOR MORE INFORMATION PLEASE CONTACT:

BALDEV SINGH (818) 468-9595 BALWINDER SINGH (818) 404-0811 MAKHAN SINGH (661) 225-7157 PARAMJIT SINGH (626) 354-6653

Printed by: SS #9873467767



ਸਮੂਹ ਸਿੱਖ ਪੰਥ ਤੇ ਪੰਜਾਬੀ ਭਾਈਚਾਰੇ ਨੂੰ

ਬੰਦੀ ਛੋੜ ਦਿਵਸ

ਦੀਆਂ

ਲੱਖ ਲੱਖ ਵਧਾਈਆਂ

ਪੰਜਾਬੀ ਭਾਈਚਾਰੇ ਦੇ ਨਿਸ਼ਕਾਮ ਸੇਵਕ ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ, ਗੁਰਜੰਟ ਸਿੰਘ ਗਿੱਲ,ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ)ਅਤੇ ਸਮੂਹ ਪਰਿਵਾਰ



ਵਲੋਂ : ਗਿੱਲ ਬ੍ਰਦਰਜ਼, 530-681-3112

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗ ਚਾਨਣੁ ਹੋਆ ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥

# ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**



## ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਪ੍ਰੋਗਰਾਮ

## 3 ਨਵੰਬਰ 2017, ਦਿਨ ਸ਼ੁਕਰਵਾਰ

### 3 ਨਵੰਬਰ, ਸ਼ੁੱਕਰਵਾਰ

ਕੀਰਤਨ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ
ਸਵੇਰੇ 6:30 ਵਜੇ ਤੋਂ 7:15 ਵਜੇ ਤੱਕ

ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ
ਸਵੇਰੇ 7:15 ਵਜੇ ਤੋਂ 9 ਵਜੇ ਤੱਕ

ਅਰੰਭ ਸ੍ਰੀ ਅਖੰਡ ਪਾਠ : ਸਵੇਰੇ 9:00 ਵਜੇ

ਸ਼ਾਮ ਦੇ ਪ੍ਰੋਗਰਾਮ:

ਕੀਰਤਨ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ
ਸ਼ਾਮ 6:30 ਵਜੇ ਤੋਂ 7:15 ਵਜੇ ਤੱਕ

ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ
ਸ਼ਾਮ 7:15 ਵਜੇ ਤੋਂ 8:30 ਵਜੇ ਤੱਕ

*ਐਤਵਾਰ ਨੂੰ ਲੰਗਰ ਦੀ ਸੇਵਾ*
*ਰਾਜਿੰਦਰ ਸਿੰਘ ਬਾਸੀ ਤੇ ਪਰਿਵਾਰ ਵਲੋਂ*

### 4 ਨਵੰਬਰ, ਸਨਿਚਰਵਾਰ

ਆਸਾ ਦੀ ਵਾਰ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ
ਸਵੇਰੇ 6:00 ਵਜੇ ਤੋਂ 7:30 ਵਜੇ ਤੱਕ

ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ
ਸਵੇਰੇ 7:30 ਵਜੇ ਤੋਂ 9:00 ਵਜੇ ਤੱਕ

ਸ਼ਾਮ ਦੇ ਪ੍ਰੋਗਰਾਮ:

ਕੀਰਤਨ ਭਾਈ ਰਾਜਿੰਦਰ ਸਿੰਘ ਜਲੰਧਰ ਵਾਲੇ
ਸ਼ਾਮ 6:00 ਵਜੇ ਤੋਂ 7:00 ਵਜੇ ਤੱਕ

ਕਥਾ ਭਾਈ ਪ੍ਰਮਿੰਦਰਜੀਤ ਸਿੰਘ
ਸ਼ਾਮ 7:00 ਵਜੇ ਤੋਂ 7:30 ਵਜੇ ਤੱਕ

ਕੀਰਤਨ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ
ਸ਼ਾਮ 7:30 ਵਜੇ ਤੋਂ 8:15 ਵਜੇ ਤੱਕ

ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ
ਰਾਤੀਂ 8:15 ਤੋਂ 9:30 ਵਜੇ ਤੱਕ

### 5 ਨਵੰਬਰ, ਐਤਵਾਰ

ਆਸਾ ਦੀ ਵਾਰ ਭਾਈ ਰਾਜਿੰਦਰ ਸਿੰਘ ਜਲੰਧਰ ਵਾਲੇ
ਸਵੇਰੇ 7:30 ਵਜੇ ਤੋਂ 9:15 ਵਜੇ ਤੱਕ

ਭੋਗ ਸ੍ਰੀ ਅਖੰਡ ਪਾਠ ਸਾਹਿਬ
ਸਵੇਰੇ 9:15 ਵਜੇ ਤੋਂ 9:50 ਵਜੇ ਤੱਕ

ਕਥਾ ਭਾਈ ਪ੍ਰਮਿੰਦਰਜੀਤ ਸਿੰਘ
ਸਵੇਰੇ 9:50 ਵਜੇ ਤੋਂ 10:30 ਵਜੇ ਤੱਕ

ਕੀਰਤਨ ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ
ਸਵੇਰੇ 10:30 ਵਜੇ ਤੋਂ 11:30 ਵਜੇ ਤੱਕ

ਕਥਾ ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ
ਸਵੇਰੇ 11:30 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ

ਕੀਰਤਨ ਭਾਈ ਰਾਜਿੰਦਰ ਸਿੰਘ ਜਲੰਧਰ ਵਾਲੇ
ਬਾਅਦ ਦੁਪਹਿਰ 1:00 ਵਜੇ ਤੋਂ 1:30 ਵਜੇ ਤੱਕ
ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 10:00 ਵਜੇ ਹੋਵੇਗੀ।

### ਪਹੁੰਚ ਰਿਹਾ ਰਾਗੀ ਜਥਾ



ਭਾਈ ਗੁਰਦਿਆਲ ਸਿੰਘ ਯੂ.ਕੇ. ਵਾਲੇ

### ਪਹੁੰਚ ਰਹੇ ਕਥਾਵਾਚਕ



ਭਾਈ ਕੁਲਵੰਤ ਸਿੰਘ ਲੁਧਿਆਣੇ ਵਾਲੇ

ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ
ਹਾਜ਼ਰੀ ਭਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

**ਦਾਸਰੇ : ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ**

SIKH Religious Society PALATINE GURDWARA

**1280 Winnetka Street, Palatine, IL 60067 Ph: (847) 358-1117**

Website: www.srschicago.org Email: contactus@srschicago.org



ਪੰਥ ਦਰਦੀ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਨੌਜਵਾਨ ਸਿੱਖ ਆਗੂ

# ਬਲਰਾਜ ਸਿੰਘ ਢਿੱਲੋਂ

ਵਲੋਂ

# ਬੰਦੀ ਛੋੜ ਦਿਵਸ

ਦੀਆਂ

# ਲੱਖ ਲੱਖ ਵਧਾਈਆਂ

ਬੰਦੀ ਛੋੜ ਦਿਵਸ, ਮੀਰੀ-ਪੀਰੀ ਦੇ ਮਹਾਨ ਸਿੱਖ ਸਿਧਾਂਤ ਰਾਜ ਕਰੇਗਾ ਖ਼ਾਲਸਾ ਅਤੇ ਬੰਦ ਖਲਾਸੀ ਦਾ ਪ੍ਰਤੀਕ ਹੈ। ਇਸ ਮਹਾਨ ਦਿਨ 'ਤੇ ਬਹੁਤ ਸਮੇਂ ਤੋਂ ਜੇਲ੍ਹਾਂ 'ਚ ਬੰਦ ਕੀਤੇ ਸਿੰਘਾਂ ਦੀ ਰਿਹਾਈ ਲਈ ਸੰਸਾਰ ਦੇ ਸਾਰੇ ਗੁਰਦੁਆਰਿਆਂ ਵਿਚ ਸਮੂਹਿਕ ਅਰਦਾਸ ਕਰੀਏ



ਬਲਰਾਜ ਸਿੰਘ ਢਿੱਲੋਂ

ਮਨਦੀਪ ਸਿੰਘ ਢਿੱਲੋਂ

ਦੇਸ਼ ਵਿਦੇਸ਼ ਵਿਚ ਵਸਦੇ ਸਮੂਹ ਭਾਈਚਾਰੇ ਨੂੰ

# ਬੰਦੀ ਛੋੜ ਦਿਵਸ ਅਤੇ ਦੀਵਾਲੀ

ਦੀਆਂ

# ਲੱਖ ਲੱਖ ਵਧਾਈਆਂ

# IMPERIAL

Truck & Trailer Repair and Tire Services

## ONE STOP CENTER FOR TRUCKERS

• ਟਰਾਂਸਮਿਸ਼ਨ • ਰੀਅਰ ਐਂਡ • ਕਲੱਚ • ਬਰੇਕਸ ਤੇ ਸਸਪੈਂਸ਼ਨ
• ਆਇਲ ਚੇਂਜ • ਆਲਟਰਨੇਟਰ ਤੇ ਸਟਾਟਰ

We Guarantee the lowest, prices and the highest quality on the market



Ph.: 510.770.0515 • Fax: 510.781.0100
3138 Depot Road • Hayward, CA 94545

ਸਾਬਾ ਕਾਹਲੋਂ 510.938.7479

ਦਵਿੰਦਰ ਗਿੱਲ 510.825.7820

NOW OPEN IN MODESTO/CERES



PANNU'S
LEGAL SERVICES (Regd. & Bonded)
510.677.5200

G.S. Pannu
Immigration Consultant-LDA

IMMIGRATION ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions FREE

DIVORCE
- Petitions
- Child Support
- Child Visitation
- Child Custody
- Modification
...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons
open 6am to midnight
Phone: 765-478-6300



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

Recognize Humanity as One!
"Manas Ki Jaat Sabhe Ekae Pachanabo"

## Consulate General of India, San Francisco; the Ministry of Culture, Government of India & the Sikh & Jain Professorship of Loyola Marymount University Presents



# One-Day Seminar Honoring Guru Gobind Singh's 350th Birthday

*Friday, Nov 10, 2017 10am-5pm*
*Hilton Center 100*
*Loyola Marymount University (near LAX)*
*1 LMU Drive, Los Angeles, California 90045*
*FREE ADMISSION*

Sikh and Interfaith Scholars and Leaders discussing Guru Gobind Singh's Legacy of Truth, Justice, Equality, and Freedom

*Gurbani Kirtan by Raj Academy, UK*

*Supported by Sikh Sangat of Southern California, Ministry of Culture, Government of India and Consulate General of India*

Hollywood Sikh Temple - Baldev Singh Johal - (661) 965-5937
Gurdwara Buena Park Stanton - Amarjit Singh Dhillon - (714) 757-0044
International Institute of Gurmat Studies - Kaviraj Singh - (714) 210-9297
Guru Ram Das Ashram Los Angeles - Kirtan-Singh Khalsa - (310) 990-4573
Siri Guru Singh Sabha Walnut - Saab Singh Bhullar - (626) 893-2314
Sikh Gurdwara of Sadh Sangat Norco - Hari Singh - (951) 372-0788
Guru Nanak Sikh Temple Buena Park - Jagjit Singh - (562) 244-7487
Nanak Sadan Sikh Temple - Gajinder Shah Singh - (818) 830-4647
Sikh Gurdwara of Los Angeles, Lankershim - Ranjit Singh Kamboj - (626) 676-1664

For more information, please contact:
Nirinjan.Khalsa@lmu.edu • Indersingh.usa@gmail.com
Raman Chadha (818-458-5595) • Baljit Toor (909-844-1600)
Kirtan Singh Khalsa (310) 990-4573 • Nirinjan Singh Khalsa (310) 270-5988
Gurinder Singh, San Diego (858) 779-4878 • Navdeep 'Bittu' Singh (818) 943-3570

DESIGNED AND PRINTED BY VE SIGNS INC • 951-789-0843 • VESIGNS.COM

# ਡੀ ਐਫ਼ ਡਬਲਿਓ ਸਪੋਰਟਸ ਕਲੱਬ ਵਲੋਂ ਕਰਵਾਏ ਗਏ ਸ਼ਾਨਦਾਰ ਵਿਰਾਸਤੀ ਖੇਡ ਮੇਲੇ ਦੇ ਯਾਦਗਾਰੀ ਪਲਾਂ ਦੀਆਂ ਰੰਗੀਨ ਝਲਕਾਂ

## ਪ੍ਰਬੰਧਕਾਂ ਵਲੋਂ ਸਭਨਾਂ ਖਿਡਾਰੀਆਂ, ਸਪਾਂਸਰਾਂ, ਸਹਿਯੋਗੀਆਂ ਤੇ ਖੇਡ ਪ੍ਰੇਮੀਆਂ ਦਾ ਧੰਨਵਾਦ






ਪੂਰੀ ਰਿਪੋਰਟ ਸਫ਼ਾ 12 'ਤੇ ਪੜ੍ਹੋ






























ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।।

**ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥**
**ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥**



ਭਾਈ ਚਮਨਜੀਤ ਸਿੰਘ ਲਾਲ

**ਗੁਰੂ ਘਰ ਦੇ ਅਨਿਨ ਸੇਵਕ ਰੇਵਾ ਕੁਮਾਰ ਜੀ ਅਤੇ ਪਰਿਵਾਰ ਵਲੋਂ**

*ਪੰਥ ਪ੍ਰਸਿੱਧ ਰਾਗੀ*

# ਭਾਈ ਚਮਨਜੀਤ ਸਿੰਘ ਲਾਲ ਜੀ ਦੇ

# ਮਹਾਨ ਕੀਰਤਨ ਸਮਾਗਮ

## 18 ਅਤੇ 19 ਨਵੰਬਰ, 2017

### ਪ੍ਰੋਗਰਾਮ

**ਸ੍ਰੀ ਗੁਰਦੁਆਰਾ ਸਾਹਿਬ ਸੈਨਹੋਜ਼ੇ**
**3636 Murillo Ave, San Jose, CA 95148, USA**
18 ਨਵੰਬਰ, 2017 ਸ਼ਨੀਵਾਰ
ਸ਼ਾਮ 7:00 ਵਜੇ ਤੋਂ ਰਾਤ 9:00 ਵਜੇ ਤੱਕ

**ਸ੍ਰੀ ਗੁਰਦੁਆਰਾ ਸਾਹਿਬ ਫਰੀਮਾਂਟ**
**300 Gurdwara Rd, Fremont, CA 94536, USA**
19 ਨਵੰਬਰ, 2017 ਐਤਵਾਰ
ਸ਼ਾਮ 7:00 ਵਜੇ ਤੋਂ ਰਾਤ 9:00 ਵਜੇ ਤੱਕ

*ਲੰਗਰ ਦੀ ਸੇਵਾ ਰਿਤੇਸ਼ ਜੀ ਨਵਾਬ ਕਿਚਨ ਹੱਬ ਵਾਲੇ, ਸੋਢੀ ਸਿੰਘ ਜੀ ਫਰੰਟੀਅਰ ਸਪਾਈਸ ਵਾਲੇ ਅਤੇ ਬੇਅ ਏਰੀਆ ਦੀ ਸਮੂਹ ਸਾਧ ਸੰਗਤ ਵਲੋਂ ਕੀਤੀ ਜਾਵੇਗੀ।*

---

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ**

ਵਰਿੰਦਰਪਾਲ ਸਿੰਘ ਫ਼ੋਨ 570-673-8400 • ਏ.ਪੀ.ਐਸ. ਭਾਟੀਆ ਫੋਨ : 408-509-2223

**ਬੇਨਤੀ ਕਰਤਾ:**

**ਰੇਵਾ ਕੁਮਾਰ ਜੀ ਅਤੇ ਪਰਿਵਾਰ, ਫੋਨ : 510-868-3338**

## ਹਿੰਦ-ਪਾਕਿ ਵੰਡ ਦਾ ਦਰਦ...

**ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ।(ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ 'ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੇਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ।**

# ਸਪੈਸ਼ਲ ਚਾਈਲਡ ਹਨ ਭਾਰਤ ਤੇ ਪਾਕਿਸਤਾਨ

**ਵੁਸਤੁੱਲਾਹ ਖ਼ਾਨ ਪਾਕਿਸਤਾਨ**

ਜਦੋਂ ਵੀ ਵੰਡ ਦਾ ਰਾਊਂਡ ਫਿਗਰ ਆਉਂਦਾ ਹੈ, ਜਿਵੇਂ 40, 50, 60, 70 ਤਾਂ ਸਾਡੇ ਅੰਦਰ ਦਾ ਇਤਿਹਾਸਕਾਰ ਜਾਗ ਉਠਦਾ ਹੈ। ਸਭ ਤੋਂ ਪਹਿਲਾਂ ਉਨ੍ਹਾਂ ਬਜ਼ੁਰਗਾਂ ਨੂੰ ਲੱਭਣ ਦੀ ਦੌੜ ਸ਼ੁਰੂ ਹੋ ਜਾਂਦੀ ਹੈ, ਜਿਨ੍ਹਾਂ ਨੇ ਵੰਡ ਨੂੰ ਵੇਖਿਆ ਜਾਂ ਹੰਡਾਇਆ ਹੋਵੇ ਤਾਂ ਕਿ ਉਨ੍ਹਾਂ ਦੀਆਂ ਯਾਦਾਂ ਰਿਕਾਰਡ ਕਰਕੇ ਤਾਜ਼ੇ, ਹਰੇ ਜਾਂ ਗੂੜੇ ਕੇਸਰੀ ਗਿਫਟ ਪੈਕ 'ਚ ਬੰਨ੍ਹ ਕੇ ਨਵੇਂ ਖੋਜ ਵਾਲੇ ਸੁਨਹਿਰੇ ਫੀਤੇ ਲਪੇਟ ਕੇ ਪੇਸ਼ ਕੀਤੇ ਜਾ ਸਕਣ। ਪਰ ਜਿਵੇਂ-ਜਿਵੇਂ ਸਮਾਂ ਗੁਜ਼ਰਦਾ ਜਾ ਰਿਹਾ ਹੈ, ਅਜਿਹੇ ਬਜ਼ੁਰਗ ਘੱਟ ਹੁੰਦੇ ਜਾ ਰਹੇ ਹਨ ਅਤੇ ਜਿਹੜੇ ਜ਼ਿੰਦਾ ਹਨ ਵੀ, ਉਨ੍ਹਾਂ ਦੀ ਉਮਰ 1947 'ਚ ਵੱਧ ਤੋਂ ਵੱਧ 10-15 ਸਾਲ ਹੋਵੇਗੀ। ਬਹੁਤ ਸਾਰੇ ਲੋਕਾਂ ਨੂੰ ਬੱਸ ਇੰਨਾ ਯਾਦ ਹੈ ਕਿ ਪਿਉ ਜਾਂ ਦਾਦਾ ਨੇ ਇਕ ਦਿਨ ਕਿਹਾ ਕਿ ਚਲੋ ਅਤੇ ਫਿਰ ਅਸੀਂ ਸਾਰੇ ਨਿਕਲ ਪਏ। ਟਰੇਨ 'ਚ ਕਤਲੇਆਮ ਹੋਇਆ ਸੀ ਕਿ ਨਹੀਂ? ਮੈਨੂੰ ਯਾਦ ਨਹੀਂ, ਪਰ ਮਾਂ ਦੱਸਦੀ ਸੀ ਕਿ ਉਨ੍ਹਾਂ ਨੇ ਮੈਨੂੰ ਲਾਸ਼ਾਂ ਵਿਚਕਾਰ ਲੁਕੋ ਲਿਆ ਸੀ। ਹੁਣ ਮੇਰੇ ਜਿਹਾ ਪੱਤਰਕਾਰ ਜ਼ੋਰ ਲਗਾ ਦਿੰਦਾ ਹੈ - ਹੋਰ ਦੱਸੋ, ਹੋਰ ਕੀ ਯਾਦ ਹੈ? ਥੋੜ੍ਹਾ ਹੋਰ ਸੋਚੋ।

ਹਾਂ, ਇਹ ਯਾਦ ਹੈ ਕਿ ਜਿਨਹਾ ਸਾਹਿਬ ਇਕ ਅੱਧੇ ਵਾਰ ਸਾਡੇ ਘਰ ਆਏ ਸਨ ਅਤੇ ਮੇਰੀਆਂ ਗੱਲਾਂ ਖਿੱਚੀਆਂ ਸਨ। ਗਾਂਧੀ ਜੀ ਨੂੰ ਵੀ ਇਕ ਵਾਰ ਦੂਰ ਤੋਂ ਵੇਖਿਆ ਸੀ ਅਤੇ ਹੋਰ... ਹੋਰ ਕੀ ਯਾਦ ਹੈ? ਨਹੀਂ ਹੋਰ ਤਾਂ ਨਹੀਂ ਕੁਝ, ਬੱਸ ਫਿਰ ਅਸੀਂ ਇੱਥੇ ਆ ਗਏ ਅਤੇ ਪਿਤਾ ਜੀ ਨੇ ਸਕੂਲ 'ਚ ਦਾਖਲ ਕਰਵਾ ਦਿੱਤਾ।

ਜਦੋਂ 5 ਸਾਲ ਬਾਅਦ ਵੰਡ ਦੀ 75ਵੀਂ ਵਰ੍ਹੇਗੰਢ ਆਵੇਗੀ ਤਾਂ ਅਜਿਹੇ ਬਜ਼ੁਰਗਾਂ ਦਾ ਮਿਲਣਾ ਹੋਰ ਮੁਸ਼ਕਲ ਹੋ ਜਾਵੇਗੀ। ਫਿਰ ਨਵੇਂ ਪੱਤਰਕਾਰ ਨੂੰ ਇਸ ਤਰ੍ਹਾਂ ਦੇ ਸਵਾਲਾਂ ਤੋਂ ਕੰਮ ਚਲਾਉਣਾ ਪਵੇਗਾ। ਫਿਰ ਪਿਤਾ ਨੇ ਦਿਹਾਂਤ ਤੋਂ ਪਹਿਲਾਂ ਹੋਰ ਕੀ-ਕੀ ਦੱਸਿਆ ਸੀ? ਕੀ-ਕੀ ਹੋਇਆ ਸੀ ਉਸ ਸਮੇਂ?

ਮੈਂ ਵੰਡ ਹੰਡਾਉਣ ਵਾਲੇ ਜਿਹੜੇ ਵਿਅਕਤੀ ਨੂੰ ਜਾਣਦਾ ਹਾਂ, ਉਸ ਦਾ 7 ਸਾਲ ਪਹਿਲਾਂ ਦਿਹਾਂਤ ਹੋ ਗਿਆ। ਉਹ ਮੇਰੇ ਪਿਤਾ ਸਨ। ਪਰ ਉਨ੍ਹਾਂ ਦਾ ਨਾ ਸਿਆਸਤ ਨਾਲ ਕੋਈ ਲੈਣਾ-ਦੇਣਾ ਸੀ ਅਤੇ ਨਾ ਹੀ ਸਮਾਜ ਸੇਵਾ ਤੋਂ। ਬਸ ਉਨ੍ਹਾਂ ਨੇ ਇਹ ਦੱਸਿਆ ਕਿ ਉਹ ਆਪਣੇ ਪਿਤਾ ਯਾਨੀ ਮੇਰੇ ਦਾਦਾ ਜੀ ਦੀਆਂ ਝਿੜਕੀਆਂ ਤੋਂ ਤੰਗ ਆ ਕੇ ਇਕ ਦਿਨ ਟਾਕ ਤੋਂ ਇਕੱਲੇ ਦਿੱਲੀ ਆ ਗਏ।

ਇਕ ਦਿਨ ਇੰਜ ਹੀ ਸੜਕ 'ਤੇ ਲੋਕ ਘੁੰਮ ਰਹੇ ਸਨ ਕਿ ਭਾਜੜ ਮਚ ਗਈ। ਕਿਉਂ ਮਚੀ ਇਹ ਵੀ ਪਤਾ ਨਹੀਂ ਲੱਗਿਆ। ਸ਼ਾਇਦ ਨਿਜ਼ਾਮੁਦੀਨ ਸਟੇਸ਼ਨ ਸੀ। ਉਹ ਇਕ ਟਰੇਨ 'ਚ ਬੈਠ ਗਏ ਅਤੇ ਟਰੇਨ ਚੱਲ ਪਈ। ਟਰੇਨ ਕਿੱਥੇ ਜਾ ਰਹੀ ਸੀ, ਇਹ ਵੀ ਨਹੀਂ ਪਤਾ। ਜਦੋਂ ਬਿਕਾਨੇਰ ਆਇਆ ਤਾਂ ਸਾਰੇ ਉੱਤਰ ਗਏ।

ਮੇਰੇ ਪਿਤਾ ਜੀ ਵੀ ਉੱਤਰ ਗਏ। ਫਿਰ ਸਾਰੇ ਇਕ ਹੋਰ ਟਰੇਨ 'ਚ ਚੜ੍ਹ ਗਏ। ਮੇਰੇ ਪਿਤਾ ਜੀ ਵੀ ਚੜ੍ਹ ਗਏ। ਫਿਰ ਪਤਾ ਲੱਗਿਆ ਕਿ ਪਾਕਿਸਤਾਨ ਆ ਗਿਆ। ਕਰਾਚੀ 'ਚ ਟਰੇਨ ਦੇ ਡੱਬੇ ਖਾਲੀ ਹੋਏ ਤਾਂ ਪਿਤਾ ਜੀ ਵੀ ਉੱਤਰ ਗਏ ਅਤੇ ਕਰਾਚੀ ਦੀਆਂ ਸੜਕਾਂ 'ਤੇ ਘੁੰਮਣ ਲੱਗੇ, ਜਿਵੇਂ ਦਿੱਲੀ 'ਚ ਘੁੰਮ ਰਹੇ ਸਨ। ਮੇਰੇ ਪਿਤਾ ਜੀ ਜਿਹੇ ਲੱਖਾਂ ਲੋਕ ਸਨ, ਜਿਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਹ ਲਾਹੌਰ, ਗੁਜਰਾਂਵਾਲਾ, ਕਰਾਚੀ, ਦਿੱਲੀ, ਜਮਸ਼ੇਦਪੁਰ ਜਾਂ ਭੋਪਾਲ ਕਿਉਂ ਛੱਡ ਰਹੇ ਹਨ। ਬਸ ਬਾਕੀ ਜਾ ਰਹੇ ਸਨ ਤਾਂ ਉਹ ਵੀ ਚਲ ਪਏ। ਅੱਜ ਵੀ ਇਹ ਸਭ ਕੁਝ ਹੋ ਰਿਹਾ ਹੈ। ਕੁਝ ਕੁ ਲੋਕਾਂ ਨੂੰ ਛੱਡ ਕੇ ਹਿੰਦੋਸਤਾਨ ਅਤੇ ਪਾਕਿਸਤਾਨ 'ਚ ਕਰੋੜਾਂ ਲੋਕ ਨਹੀਂ ਜਾਣਦੇ ਕਿ ਦੋਵੇਂ ਦੇਸ਼ 70 ਸਾਲ ਬਾਅਦ ਵੀ ਕਿਉਂ ਲੜ ਰਹੇ ਹਨ। ਬੱਚੇ ਤਾਂ 18 ਸਾਲ ਦੀ ਉਮਰ 'ਚ ਜਵਾਨ ਹੋ ਜਾਂਦੇ ਹਨ, ਪਰ ਦੇਸ਼ ਦੇ ਜਵਾਨ ਹੋਣ ਦੀ ਉਮਰ ਕੀ ਹੈ?

ਮੈਨੂੰ ਲੱਗਦਾ ਹੈ ਕਿ ਅਸੀਂ ਦੋਵੇਂ ਪੀੜ੍ਹੀ ਦਰ ਪੀੜ੍ਹੀ ਆਪਸੀ ਵਿਆਹਾਂ ਅਤੇ ਨਫ਼ਰਤਾਂ ਦੀ ਪਰੰਪਰਾ ਤੇ ਰਾਜਨੀਤਕ ਜਿਨੈਟਿਕ ਗੜਬੜ ਦੇ ਉਸ ਦਰਜੇ 'ਤੇ ਪੁੱਜ ਗਏ ਹਾਂ ਕਿ ਸਪੈਸ਼ਲ ਚਾਈਲਡ ਕਹਾਏ ਜਾਣ ਦੇ ਲਾਇਕ ਹਾਂ। 70 ਸਾਲ ਦੇ ਸਰੀਰ 'ਚ ਚਾਰ ਸਾਲ ਦੇ ਬੱਚੇ ਦਾ ਦਿਮਾਗ, ਇਹੀ ਹੁੰਦਾ ਹੈ ਨਾ ਸਪੈਸ਼ਲ ਚਾਈਲਡ?

1947 'ਚ ਸਥਾਪਨਾ ਤੋਂ 2017 'ਚ 70ਵੀਂ ਵਰ੍ਹੇਗੰਢ ਤਕ ਪਾਕਿਸਤਾਨ 'ਚ ਫ਼ੌਜ ਲਗਭਗ ਸਾਢੇ ਤਿੰਨ ਦਹਾਕਿਆਂ ਤਕ ਸੱਤਾ 'ਚ ਰਹੀ ਹੈ। ਇਸ ਦੌਰਾਨ ਪਾਕਿਸਤਾਨ 'ਚ ਚਾਰ ਫ਼ੌਜੀ ਸਰਕਾਰਾਂ ਸੱਤਾ 'ਚ ਰਹੀਆਂ ਅਤੇ ਸੱਤਾ ਦਾ ਕੰਟਰੋਲ ਜਨਰਲ ਆਯੂਬ, ਜਨਰਲ ਯਾਹਯਾ ਖਾਨ, ਜਨਰਲ ਜ਼ਿਆ ਉਲ ਹੱਕ ਅਤੇ ਜਨਰਲ ਪਰਵੇਜ਼ ਮੁਸ਼ੱਰਫ ਕੋਲ ਸੀ।

ਜਨਰਲ ਆਯੂਬ ਤੋਂ ਲੈ ਕੇ ਜਨਰਲ ਮੁਸ਼ੱਰਫ ਤਕ ਹਰ ਦੌਰ 'ਚ ਇਕ ਹੀ ਸਾਂਝੀ ਗੱਲ ਸੁਣਨ ਨੂੰ ਮਿਲਦੀ ਰਹੀ, ਜਿਸ 'ਚ ਚੁਣੀ ਹੋਈ ਨਾਗਰਿਕ ਸਰਕਾਰ ਦੀ ਅਸਮਰੱਥਾ, ਭ੍ਰਿਸ਼ਟਾਚਾਰ ਅਤੇ ਦੇਸ਼ ਲਈ ਖਤਰੇ ਦੇ ਦਾਅਵੇ ਸਭ ਤੋਂ ਉੱਪਰ ਸਨ। ਰੱਖਿਆ ਮਾਹਰ ਹਸਨ ਅਸਕਰੀ ਦਾ ਕਹਿਣਾ ਹੈ ਕਿ ਦੇਸ਼ 'ਚ ਫ਼ੌਜ ਚਾਹੁੰਦੀ ਹੈ ਕਿ ਸਾਰੇ ਮਾਮਲਿਆਂ 'ਤੇ ਉਸ ਦੀ ਸਲਾਹ ਨਾਲ ਹੀ ਸਰਕਾਰਾਂ ਚਲਾਉਣ। ਉਨ੍ਹਾਂ ਦਾ ਕਹਿਣਾ ਸੀ ਕਿ ਬਾਹਰੀ ਸੁਰੱਖਿਆ ਦਾ ਬੋਝ ਉਨ੍ਹਾਂ 'ਤੇ ਹੈ। ਅੰਦਰੂਨੀ ਸੁਰੱਖਿਆ ਅਤੇ ਅਤਿਵਾਦ ਨਾਲ ਮੁਕਾਬਲਾ ਵੀ ਫ਼ੌਜ ਕਰ ਰਹੀ ਹੈ। ਨਾਗਰਿਕ ਸਰਕਾਰ ਦੀ ਭੂਮਿਕ ਸੀਮਿਤ ਹੈ। ਇਸ ਲਈ ਜਦੋਂ ਤਕ ਸਲਾਹ ਮਸ਼ਵਰੇ ਦੀ ਪ੍ਰਕਿਰਿਆ ਚਲਦੀ ਰਹਿੰਦੀ ਹੈ, ਉਦੋਂ ਤਕ ਹਾਲਾਤ ਠੀਕ ਰਹਿੰਦੇ ਹਨ।

ਹਸਨ ਅਸਕਰੀ ਅਨੁਸਾਰ ਦੂਜਾ ਮਹੱਤਵਪੂਰਨ ਮੁੱਦਾ ਬਜਟ ਮਾਮਲਿਆਂ ਦਾ ਹੈ। ਤੀਜਾ ਅਜਿਹਾ ਹੁੰਦਾ ਹੈ ਕਿ ਖੁਦ ਨੂੰ ਸ਼ਸ਼ਕਤ ਬਣਾਉਣ ਲਈ ਕੁੱਝ ਮੰਤਰੀ ਬੇਲੋੜੀ ਤੌਰ 'ਤੇ ਫ਼ੌਜ ਦੀ ਨਿਖੇਧੀ ਕਰਦੇ ਰਹਿੰਦੇ ਹਨ, ਜਿਸ ਕਾਰਨ ਸਬੰਧਾਂ 'ਚ ਖਟਾਸ ਆ ਜਾਂਦੀ ਹੈ।

ਹਾਲ ਹੀ 'ਚ ਨਵਾਜ਼ ਸ਼ਰੀਫ਼ ਅਦਾਲਤ ਤੋਂ ਪ੍ਰਧਾਨ ਮੰਤਰੀ ਅਹੁਦੇ ਲਈ ਅਯੋਗ ਕਰਾਰ ਦਿਤੇ ਜਾਣ ਤੋਂ ਬਾਅਦ ਜਲੂਸ ਦੀ ਅਗਵਾਈ ਕਰਦੇ ਹੋਏ



ਇਸਲਾਮਾਬਾਦ ਤੋਂ ਲਾਹੌਰ ਪੁੱਜੇ। ਇਸ ਯਾਤਰਾ ਦੌਰਾਨ ਉਨ੍ਹਾਂ ਦੇ ਭਾਸ਼ਣਾਂ 'ਚ ਪ੍ਰਤੱਖ ਅਤੇ ਕਿਤੇ-ਕਿਤੇ ਅਪ੍ਰਤੱਖ ਤੌਰ 'ਤੇ ਵੀ ਫ਼ੌਜ ਅਤੇ ਨਿਆਂਪਾਲਿਕਾ ਨੂੰ ਉਨ੍ਹਾਂ ਦੀ ਬਰਖ਼ਾਸਤਗੀ ਲਈ ਦੋਸ਼ੀ ਠਹਿਰਾਇਆ ਜਾਂਦਾ ਰਿਹਾ। ਅਦਾਲਤ ਰਾਹੀਂ ਨਵਾਜ਼ ਸ਼ਰੀਫ਼ ਨੂੰ ਹਟਾਉਣ ਦੇ ਫ਼ੈਸਲੇ ਨੇ ਦੇਸ਼ 'ਚ ਇਕ ਵਾਰ ਫਿਰ ਨਾਗਰਿਕ ਸਰਕਾਰ ਸਬਰਉੱਚਤਾ ਦੀ ਚਰਚਾ ਨੂੰ ਜਨਮ ਦਿੱਤਾ ਹੈ। ਨਵਾਜ਼ ਸ਼ਰੀਫ਼ ਦੋ ਵਾਰ ਭਾਰੀ ਬਹੁਮਤ ਨਾਲ ਸੱਤਾ 'ਚ ਆਏ। ਇਹ ਤੀਜਾ ਮੌਕਾ ਸੀ, ਜਦੋਂ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣਾ ਪਿਆ, ਪਰ ਇਸ ਵਾਰ ਸਬੰਧ ਵਿਗੜਨ ਦੇ ਕੀ ਕਾਰਨ ਰਹੇ?

ਰੱਖਿਆ ਮਾਰਹ ਡਾ. ਆਇਸ਼ਾ ਸਿੱਦੀਕੀ ਦਾ ਮੰਨਣਾ ਹੈ ਕਿ ਇਸ ਦੀ ਵੱਡੀ ਵਜ੍ਹਾ ਵਿਦੇਸ਼ ਨੀਤੀ ਸੀ। ਉਨ੍ਹਾਂ ਅਨੁਸਾਰ ਨਵਾਜ਼ ਸ਼ਰੀਫ਼ ਵਿਦੇਸ਼ ਨੀਤੀ ਨੂੰ ਹੌਲੀ-ਹੌਲੀ ਬਦਲਣਾ ਚਾਹੁੰਦੇ ਸਨ ਅਤੇ ਕੌਮੀ ਸਰੱਖਿਆ ਦੇ ਸਵਾਲ ਨੂੰ ਨਵੇਂ ਅਰਥ ਦੇਣ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਨਾਲ ਪਾਕਿਸਤਾਨ ਦੀ ਵਿਦੇਸ਼ ਨੀਤੀ ਦੇ ਕੇਂਦਰ 'ਚ ਭਾਰਤ ਨਹੀਂ ਰਹਿੰਦਾ। ਇਹ ਫ਼ੌਜ ਦੀ ਦੁਖਦੀ ਨਬਜ਼ ਸੀ ਅਤੇ ਇਸੇ ਲਈ ਮੀਡੀਆ ਟ੍ਰਾਇਲ ਸ਼ੁਰੂ ਕੀਤਾ ਗਿਆ, ਤਾਂ ਕਿ ਮਿਆਂ ਸਾਹਿਬ ਨੂੰ ਹਟਾਇਆ ਜਾ ਸਕੇ।

**ਫ਼ੌਜ ਅਤੇ ਸਰਕਾਰ ਦੇ ਸਬੰਧ :**

ਨਵਾਜ਼ ਸ਼ਰੀਫ਼ ਨੂੰ ਹਟਾਉਣ ਤੋਂ ਬਾਅਦ ਕੁਝ ਮਾਹਰ ਇਹ ਗੱਲ ਵੀ ਕਹਿੰਦੇ ਹਨ ਕਿ ਉਨ੍ਹਾਂ ਨੇ ਆਪਣੇ ਪਿਛੋਕੜ ਤੋਂ ਕੁੱਝ ਵੀ ਨਹੀਂ ਸਿੱਖਿਆ। ਰੱਖਿਆ ਮਾਹਰਾਂ ਸ਼ੁਜਾ ਨਵਾਜ਼ ਦਾ ਕਹਿਣਾ ਹੈ ਕਿ ਫ਼ੌਜ ਅਤੇ ਨਾਗਰਿਕ ਸਰਕਾਰ ਵਿਚਕਾਰ ਵਿਰੋਧ ਦਾ ਮੁੱਖ ਕਾਰਨ ਕਥਨੀ ਅਤੇ ਕਰਨੀ 'ਚ ਅੰਦਰ ਵੀ ਹੈ। ਉਹ ਕਹਿੰਦੇ ਹਨ ਸਿਸਟਮ ਸਿਰਫ ਗੱਲਾਂ ਨਾਲ ਨਹੀਂ, ਸਗੋਂ ਕਿਵੇਂ ਚਲਾਉਂਦੇ ਹਨ, ਇਸ ਨਾਲ ਸਥਾਪਤ ਹੁੰਦਾ ਹੈ। ਇਸ 'ਚ ਸਿਰਫ ਨਾਗਰਿਕ ਸਰਕਾਰ ਜਾਂ ਫ਼ੌਜ ਦੀ ਗਲਤੀ ਨਹੀਂ, ਸਗੋਂ ਪੂਰੇ ਸਮਾਜ ਦੀ ਜ਼ਿੰਮੇਵਾਰੀ ਹੈ। ਪਾਕਿਸਤਾਨ ਦੀ ਬੁਨਿਆਦੀ ਲੋੜ ਗੁਡ ਗਵਰਨੈਂਸ ਦੀ ਹੈ। ਜਦੋਂ ਸਰਕਾਰ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰੇਗੀ ਅਤੇ ਇਮਾਨਦਾਰੀ ਨਾਲ ਕੰਮ ਕਰੇਗੀ ਤਾਂ ਜਨਤਾ ਵੀ ਉਸ ਦਾ ਸਾਥ ਦੇਵੇਗੀ ਅਤੇ ਦੂਜੀ ਕੋਈ ਤਾਕਤ ਉਸ ਨੂੰ ਬੇਦਖਲ ਨਹੀਂ ਕਰ ਸਕਦੀ।

ਪਾਕਿਸਤਾਨ 'ਚ ਨਾਗਰਿਕ ਸਰਕਾਰ ਅਤੇ ਫੌਜ 'ਚ ਗੱਲਬਾਤ ਰਸਮੀ ਅਤੇ ਗੈਰ ਰਸਮੀ ਦੋਨਾਂ ਹੀ ਮੰਚਾਂ 'ਤੇ ਹੁੰਦੀ ਹੈ। ਕਿਸੇ ਸਮੇਂ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਫ਼ੌਜ ਮੁਖੀ ਵਿਚਕਾਰ ਨਿਯਮਿਤ ਤੌਰ 'ਤੇ ਮਹੱਤਵਪੂਰਨ ਬੈਠਕਾਂ ਹੁੰਦੀਆਂ ਸਨ। ਇਸ ਤੋਂ ਬਾਅਦ ਕੌਮੀ ਸੁਰੱਖਿਆ ਪ੍ਰੀਸ਼ਦ ਅਤੇ ਮੌਜੂਦਾ ਦੌਰ 'ਚ ਕੌਮੀ ਕਾਰਜ ਯੋਜਨਾ ਤਹਿਤ ਫ਼ੌਜ ਆਪਣਾ ਪੱਖ ਰੱਖਦੀ ਹੈ।

**ਪਾਕਿਸਤਾਨ ਨੂੰ ਮਦਦ**

ਮਾਹਰ ਹਸਨ ਅਸਕਰੀ ਦਾ ਮੰਨਣਾ ਹੈ ਕਿ ਇਨ੍ਹਾਂ ਸੰਸਥਾਵਾਂ ਨੂੰ ਹੁਣ ਪਹਿਲਾਂ ਵਾਂਗ ਸਰਗਰਮ ਨਹੀਂ ਰੱਖਿਆ ਗਿਆ ਹੈ। ਉਹ ਕਹਿੰਦੇ ਹਨ ਕਿ ਕੌਮੀ ਸੁਰੱਖਿਆ ਪ੍ਰੀਸ਼ਦ ਦੀਆਂ ਹੁਣ ਤਕ ਤਿੰਨ-ਚਾਰ ਬੈਠਕਾਂ ਹੋਈਆਂ ਹਨ। ਹਾਲਾਂਕਿ ਪ੍ਰਧਾਨ ਮੰਤਰੀ ਅਤੇ ਫ਼ੌਜ ਮੁਖੀ ਦੀ ਗੈਰ-ਰਸਮੀ ਮੁਲਾਕਾਤ ਹੋ ਜਾਂਦੀ ਹੈ, ਪਰ ਜਦੋਂ ਤੁਸੀਂ ਇਸ ਤਰ੍ਹਾਂ ਦੇ ਗੈਰ-ਰਸਮੀ ਪ੍ਰਬੰਧ ਕਰਦੇ ਹੋ ਤਾਂ ਇਸ ਨਾਲ ਸੰਸਥਾਵਾਂ ਕਮਜ਼ੋਰ ਹੋਣ ਲੱਗਦੀਆਂ ਹਨ ਅਤੇ ਨਾਗਰਿਕ ਸਰਬਉੱਚਤਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਫੀਲਡ ਮਾਰਸ਼ਲ ਜਨਰਲ ਆਯੂਬ ਖਾਨ ਤੋਂ ਲੈ ਕੇ ਜਨਰਲ ਪਰਵੇਜ਼ ਮੁਸ਼ੱਰਫ ਤਕ ਫ਼ੌਜ ਦੀ ਸੱਤਾ ਨੂੰ ਕੌਮਾਂਤਰੀ ਸਮਰਥਨ ਮਿਲਦਾ ਰਿਹਾ ਹੈ। ਇਹ ਸਮਰਥਨ ਨਾ ਸਿਰਫ ਰਾਜਨੀਤਕ ਸੀ, ਸਗੋਂ ਆਰਥਿਕ ਸਹਾਇਤਾ ਵਜੋਂ ਵੀ ਇਹ ਵੇਖਣ ਨੂੰ ਮਿਲੀ। ਵਿਸ਼ਲੇਸ਼ਕ ਅਤੇ ਲੇਖਕ ਸ਼ੁਜਾ ਨਵਾਜ਼ ਕਹਿੰਦੇ ਹਨ ਕਿ ਜਦੋਂ ਦੇਸ਼ 'ਚ ਫ਼ੌਜੀ ਸਰਕਾਰ ਹੁੰਦੀ ਹੈ ਤਾਂ ਪਾਕਿਸਤਾਨ ਨੂੰ ਮਿਲਣ ਵਾਲੀ ਆਰਥਿਕ ਸਹਾਇਤਾ ਦਾ ਗ੍ਰਾਫ ਵੱਧ ਜਾਂਦਾ ਹੈ। ਜ਼ਾਹਰ ਹੈ ਕਿ ਪਾਕਿਸਤਾਨ ਕੌਮਾਂਤਰੀ ਹਾਲਾਤ ਨੂੰ ਕਾਬੂ 'ਚ ਨਹੀਂ ਰੱਖ ਸਕਦਾ। ਉਸ ਨੂੰ ਅਮਰੀਕਾ ਅਤੇ ਹੋਰ ਵੱਡੇ ਦੇਸ਼ਾਂ ਨਾਲ ਮਿਲ ਕੇ ਚਲਣਾ ਹੁੰਦਾ ਹੈ। ਫ਼ੌਜੀ ਸਰਕਾਰਾਂ ਨੂੰ ਵੱਡੇ ਦੇਸ਼ਾਂ ਦੀ ਮਦਦ ਮਿਲ ਜਾਂਦੀ ਹੈ।

**ਲੋਕਤੰਤਰ ਦੀ ਬਹਾਲੀ**

ਪਾਕਿਸਤਾਨ 'ਚ ਜਿਥੇ ਪਿਛਲੇ 70 ਸਾਲ 'ਚ ਫ਼ੌਜ ਦਾ ਰਾਜਨੀਤਕ ਦਬਦਬਾ ਵਧਿਆ ਹੈ, ਉਥੇ ਹੀ ਚੀਨੀ ਅਤੇ ਖਾਦ ਕਾਰਖਾਨਿਆਂ ਨੂੰ ਲੈ ਕੇ ਬਹਾਲੀ ਤਕ ਦੇ ਕਾਰੋਬਾਰ 'ਚ ਉਸ ਦੀ ਹਿੱਸੇਦਾਰੀ 'ਚ ਵੀ ਵਾਧਾ ਹੋਇਆ ਹੈ। ਤਾਂ ਕੀ ਸੱਤਾ ਕਾਰਨ ਫ਼ੌਜ ਦੇ ਕਾਰੋਬਾਰ 'ਚ ਵਿਸਤਾਰ ਜਾਂ ਉਸ 'ਚ ਸਥਿਰਤਾ ਆਉਂਦੀ ਹੈ?

ਫ਼ੌਜ ਦੇ ਕਾਰੋਬਾਰ ਮਾਮਲਿਆਂ 'ਤੇ ਕਿਤਾਬ ਲਿਖ ਚੁੱਕੀ ਡਾਕਟਰ ਆਇਸ਼ਾ ਸਿਦੀਕੀ ਕਾ ਕਹਿਣਾ ਹੈ ਕਿ ਵਪਾਰ 'ਚ ਲਾਭ ਦਾ ਇਕ ਦੂਜਾ ਪਹਿਲੂ ਵੀ ਹੈ। ਭਾਰਤ ਤੋਂ ਤਣਾਅ ਵਿਚਕਾਰ ਫ਼ੌਜ ਪਾਕਿਸਤਾਨ ਨੂੰ ਵਿਕਸਤ ਅਤੇ ਸੁਰੱਖਿਅਤ ਰੱਖਣ ਲਈ ਕੰਮ ਕਰ ਰਹੀ ਹੈ। ਇਸ ਲਈ ਉਸ ਦੀ ਦਲੀਲ ਹੈ ਕਿ ਉਸ ਨੂੰ ਵਪਾਰ ਦਾ ਵੀ ਅਧਿਕਾਰ ਹੈ।

ਪਾਕਿਸਤਾਨ 'ਚ ਤਾਨਸ਼ਾਹੀ ਦੇ ਦੌਰ 'ਤੇ ਪੱਤਰਕਾਰ ਵੀ ਲੋਕਤੰਤਰ ਦੀ ਬਹਾਲੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਸੰਘਰਸ਼ 'ਚ ਸ਼ਾਮਲ ਰਹੇ। ਸੀਨੀਅਰ ਪੱਤਰਕਾਰ ਰਾਸ਼ਿਦ ਰਹਿਮਾਨ ਦਾ ਕਹਿਣਾ ਹੈ ਕਿ ਤਾਨਾਸ਼ਾਹੀ ਦਾ ਸਾਥ ਦੇਣ ਵਾਲੇ ਪੱਤਰਕਾਰਾਂ ਨੂੰ ਬੁਰੀ ਨਜ਼ਰ ਤੋਂ ਵੇਖਿਆ ਜਾਂਦਾ ਸੀ, ਪਰ ਅੱਜਕਲ ਹਾਲਾਤ ਹੋਰ ਵੀ ਖਰਾਬ ਹਨ।

ਉਹ ਕਹਿੰਦੇ ਹਨ, "ਟੀਵੀ ਚੈਨਲਾਂ ਅਤੇ ਕੁਝ ਹਦ ਤਕ ਅਖਬਾਰਾਂ 'ਚ ਜਿਹੜੀਆਂ ਖਬਰਾਂ ਚਲ ਰਹੀਆਂ ਹਨ, ਉਹ ਫ਼ੌਜ ਦਾ ਜਨਸੰਪਰਕ ਵਿਭਾਗ ਤੈਅ ਕਰਦਾ ਹੈ। ਇਸ ਨੂੰ ਜਾਣਬੁੱਝ ਕੇ ਨਹੀਂ, ਪਰ ਡਰ ਜਾਂ ਭੈਅ ਕਾਰਨ ਪੱਤਰਕਾਰਾਂ ਨੇ ਅਪਣਾ ਲਿਆ ਹੈ। ਮੈਂ ਸਮਝਦਾ ਹਾਂ ਕਿ ਇਹ ਨਾ ਤਾਂ ਪੱਤਰਕਾਰਿਤਾ ਦੀਆਂ ਲੋੜਾਂ ਪੂਰੀਆਂ ਕਰ ਰਿਹਾ ਹੈ ਅਤੇ ਨਾ ਉਹ ਜ਼ਿੰਮੇਵਾਰੀ ਪੂਰੀ ਹੋ ਰਹੀ ਹੈ, ਜਿਹੜੀ ਪੱਤਰਕਾਰਾਂ 'ਤੇ ਲਾਗੂ ਹੁੰਦੀ ਹੈ।

**ਪ੍ਰਗਟਾਵੇ ਦੀ ਆਜ਼ਾਦੀ**

ਪਾਕਿਸਤਾਨ 'ਚ ਫ਼ੌਜੀ ਸਰਕਾਰਾਂ ਦੌਰਾਨ ਸੰਵਿਧਾਨ 'ਚ ਸੋਧੇ ਹੋਏ ਅਤੇ ਅਜਿਹੇ ਹੀ ਇਕ ਸੋਧ ਦਾ ਸ਼ਿਕਾਰ ਨਵਾਜ਼ ਸ਼ਰੀਫ਼ ਵੀ ਬਣੇ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਸ਼ਾਸ਼ਨਕਾਲ 'ਚ ਜਦੋਂ 18ਵਾਂ ਸੰਵਿਧਾਨ ਸੰਸ਼ੋਧਨ ਜਨਰਲ ਜ਼ਿਆ-ਉਲ-ਹਕ ਦੇ ਜ਼ਮਾਨੇ 'ਚ ਲਿਆਂਦਾ ਗਿਆ ਸੀ ਤਾਂ ਉਸ 'ਚ ਇਮਾਨਦਾਰ ਪ੍ਰਧਾਨ ਮੰਤਰੀ ਦੀ ਸ਼ਰਤ ਖਤਮ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਸੀ, ਪਰ ਪੀਐਮਐਲ (ਐਨ) ਨੇ ਇਸ ਦਾ ਵਿਰੋਧ ਕੀਤਾ ਅਤੇ ਬਾਅਦ 'ਚ ਉਹ ਖੁਦ ਹੀ ਇਸ ਖਰੜੇ ਦਾ ਨਿਸ਼ਾਨਾ ਬਣ ਗਈ। ਅੱਜ ਪੀਪੀਪੀ ਅਤੇ ਪੀਐਮਐਲ (ਐਨ) ਅਤੇ ਹੋਰ ਰਾਜਨੀਤਕ ਪਾਰਟੀਆਂ ਇਸ ਸੰਵਿਧਾਨਕ ਸ਼ਰਤ ਨੂੰ ਹਟਾਉਣਾ ਚਾਹੁੰਦੀਆਂ ਹਨ, ਪਰ ਇਮਰਾਨ ਖ਼ਾਨ ਦੀ ਪੀਟੀਆਈ ਇਸ ਦੇ ਵਿਰੁੱਧ ਹੈ।

ਮਨੁੱਖੀ ਅਧਿਕਾਰ ਨੇਤਾ ਅਸਮਾ ਜਹਾਂਗੀਰ ਦਾ ਕਹਿਣਾ ਹੈ ਕਿ ਉਹ ਰਸਤੇ ਬੰਦ ਕਰਨੇ ਹੋਣਗੇ, ਜੋ ਪਿਛਲੀ ਫ਼ੌਜੀ ਸਰਕਾਰਾਂ ਨੇ ਖੋਲ੍ਹੇ ਹਨ ਅਤੇ ਇਸ ਤੋਂ ਇਲਾਵਾ ਜਿਹੜੇ ਬੁਨਿਆਦੀ ਮਨੁੱਖੀ ਅਧਿਕਾਰ ਸੰਵਿਧਾਨ 'ਚ ਹਨ, ਉਨ੍ਹਾਂ ਨੂੰ ਮਜ਼ਬੂਤ ਕਰਨਾ ਹੋਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਗਟਾਵੇ ਬਾਰੇ ਧਾਰਾ 19 ਕਹਿੰਦਾ ਹੈ ਕਿ ਤੁਸੀਂ ਸਭ ਕੁਝ ਕਹਿ ਸਕਦੇ ਹੋ, ਪਰ ਅਸਲ 'ਚ ਤੁਸੀਂ ਸਿਰਫ ਆਪਣੇ ਘਰ ਵਾਲਿਆਂ ਵਿਰੁੱਧ ਹੀ ਬੋਲ ਸਕਦੇ ਹੋ।ਪਾਕਿਸਤਾਨ 'ਚ ਤੁਸੀਂ ਨਾ ਫ਼ੌਜ 'ਤੇ ਚਰਚਾ ਕਰ ਸਕਦੇ ਹੋ ਅਤੇ ਨਾ ਹੀ ਨਿਆਂਪਾਲਿਕਾ 'ਤੇ ਗੱਲਬਾਤ ਕਰ ਸਕਦੇ ਹੋ।

# ਬਰਮਾ ਤੇ ਬੰਗਲਾਦੇਸ਼ ਦੀ ਸਰਹੱਦ ਤੇ ਚਲ ਰਹੇ ਰਾਹਤ ਕੈਂਪਾਂ 'ਚ ਸਹਾਇਤਾ ਲਈ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਯੂਨਾਈਟੇਡ ਸਿੱਖਜ਼ ਸੰਸਥਾਂ ਦੇ ਵਲੰਟੀਅਰ ਜਾਣਗੇ

ਲੁਧਿਆਣਾ/ਬਿਊਰੋ ਨਿਊਜ਼:

"ਇਨਸਾਨੀ ਕਦਰਾ ਕੀਮਤਾਂ ਉੱਤੇ ਪਹਿਰਾ ਦੇਣ ਅਤੇ ਆਪਣੀ ਉਸਾਰੂ ਸੋਚ ਨੂੰ ਮਨੁੱਖਤਾ ਦੇ ਸੇਵਾ ਕਾਰਜਾਂ ਵਿਚ ਲਗਾਉਣਾ ਹੀ ਸੱਚੀ ਮਨੁੱਖੀ ਸੇਵਾ ਹੈ", ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਨਾਈਟਡ ਸਿੱਖਜ਼ ਜੱਥੇਬੰਦੀ ਦੇ ਪ੍ਰਮੁੱਖ ਅਹੁਦੇਦਾਰ ਸ. ਬਲਜੀਤ ਸਿੰਘ ਜੌਹਲ (ਫਲੋਰੀਡਾ) ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਗ੍ਰਾਮ ਲੁਧਿਆਣਾ ਵਿਖੇ ਪੱਤਰਕਾਰਾਂ ਦੇ ਨਾਲ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਕੀਤਾ । ਉਹਨਾਂ ਕਿਹਾ ਕਿ ਗੁਰੂ ਸਾਹਿਬਾਂ ਵੱਲੋਂ ਬਖਸ਼ੇ ਸੇਵਾ ਦੇ ਸਿਧਾਂਤ ਅਨੁਸਾਰ ਬੇ-ਸਹਾਰਾ ਤੇ ਲੋੜਵੰਦ ਮਨੁੱਖਤਾ ਦੀ ਮੱਦਦ ਕਰਨ ਦੇ ਸੰਕਲਪ ਨੂੰ ਮੁੱਖ ਰੱਖਦਿਆਂ ਹਰ ਧਰਮ-ਮਜ਼ਹਬ ਦੇ ਵਿਅਕਤੀ ਨੂੰ ਆਪਣੀ ਕਿਰਤ ਕਮਾਈ ਵਿੱਚੋਂ ਕੁਝ ਰਾਸ਼ੀ ਮਨੁੱਖੀ ਸੇਵਾ ਕਾਰਜਾ ਲਈ ਜਰੂਰ ਕੱਢਣੀ ਚਾਹੀਦੀ ਹੈ ਤਾਂ ਹੀ ਅਸੀ ਕੁਦਰਤੀ ਆਫਤਾਂ ਦੇ ਸ਼ਿਕਾਰ ਤੇ ਲੋੜਵੰਦ ਬੇਸਹਾਰਾ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਨ ਵਿਚ ਸਫਲ ਹੋ ਸਕਾਂਗੇ । ਸ. ਬਲਜੀਤ ਸਿੰਘ ਜੌਹਲ ਨੇ ਦਸਿਆ ਕਿ ਮਨੁੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਯੂਨਾਈਟਡ ਸਿੱਖਜ਼ ਇੱਕੋ-ਇੱਕ ਅਜਿਹੀ ਸੰਸਥਾ ਹੈ, ਜਿਸਨੂੰ ਯੂ.ਐਨ.ਏ. ਤੋਂ ਮਾਨਤਾ ਪ੍ਰਾਪਤ ਹੈ ਅਤੇ ਸਾਡੀ ਸੰਸਥਾ ਵਿਸ਼ਵ-ਵਿਆਪੀ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਸੰਸਥਾ ਯੂ.ਐਨ.ਏ ਨਾਲ ਮਿਲ ਕੇ ਆਪਣੇ ਸਮਾਜ ਸੇਵੀ ਕਾਰਜ ਸਮੁੱਚੇ ਸੰਸਾਰ ਅੰਦਰ ਕਰਦੀ ਹੈ, ਖ਼ਾਸ ਕਰਕੇ ਯੂਨਾਈਟਡ ਸਿੱਖਜ਼ ਦੇ ਵਲੰਟੀਅਰ ਹਮੇਸ਼ਾ ਹੀ ਕੁਦਰਤੀ ਆਫਤਾਂ ਤੋਂ ਪੀੜਤ ਲੋਕਾਂ ਦੀ ਮਦਦ ਕਰਨ, ਲੋੜਵੰਦ ਲੋਕਾਂ ਨੂੰ ਰਾਹਤ ਸਮੱਗਰੀ ਤੇ ਖਾਣ ਪੀਣ ਦੀਆਂ ਵਸਤਾਂ ਨਿਸ਼ਕਾਮ ਰੂਪ ਵਿੱਚ ਪਹੁੰਚਾਉਣ ਸਮੇਂ ਦੀਆਂ ਤਾਨਸ਼ਾਹ ਹਕੂਮਤਾਂ ਤੋਂ ਸਤਾਏ ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਦਿਵਾਉਣ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦੇ ਹਨ।

ਉਨਾਂ ਕਿਹਾ ਕਿ ਪਿਛਲੇ ਦਿਨੀ ਹਿਊਸਟਨ ਅਤੇ ਫਲੋਰੀਡਾ ਵਿੱਚ ਆਏ ਭਾਰੀ ਤੂਫਾਨ ਤੋਂ ਪ੍ਰਭਾਵਿਤ ਲੋਕਾਂ ਦੀ ਤਰੁੰਤ ਮੱਦਦ ਕਰਨ ਅਤੇ ਮੈਕਸੀਕੋ ਵਿਚ ਆਏ ਭੂਚਾਲ ਵਿਚ ਫਸੇ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਬਚਾਉਣ, ਜਖਮੀ ਲੋਕਾਂ ਨੂੰ ਪਹਿਲ ਦੇ ਅਧਾਰ ਤੇ ਡਾਕਟਰੀ ਸਹੂਲਤਾਂ ਉਪਲੱਬਧ ਕਰਵਾਉਣ ਲਈ ਯੂਨਾਈਟਡ ਸਿੱਖਜ਼ ਦੇ ਵਲੰਟੀਅਰਾਂ ਨੇ ਆਪਣਾ ਮੋਹਰੀ ਰੋਲ ਅਦਾ ਕਰਕੇ ਸਮੁੱਚੇ ਸੰਸਾਰ ਭਰ ਵਿਚ ਸੇਵਾ ਦੀ ਨਿਵੇਕਲੀ ਮਿਸਾਲ ਕਾਇਮ ਕੀਤੀ ਹੈ

ਇਸੇ ਤਰ੍ਹਾਂ ਹੁਣ ਬਰਮਾ ਤੇ ਬੰਗਲਾਦੇਸ਼ ਦੀ ਸਰਹੱਦ ਉਪਰ ਫਸੇ ਹੋਏ ਰੋਹਿੰਗਾ ਸ਼ਰਨਾਥੀਆਂ ਨੂੰ ਰਾਹਤ ਸਮਗਰੀ ਅਤੇ ਖਾਣ ਪੀਣ ਦੀਆਂ ਵਸਤਾ ਪਹੁੰਚਾਣ ਦੇ ਮਨੋਰਥ ਨਾਲ ਯੂ.ਐਨ.ਏ ਦੀਆਂ ਹਦਾਇਤਾਂ ਤੇ ਅਮਲ ਕਰਦਿਆਂ ਯੂਨਾਈਟਡ ਸਿੱਖਜ਼ ਸੰਸਥਾ ਦੇ ਵਲੰਟੀਅਰ ਵੱਡੀ ਗਿਣਤੀ ਵਿਚ ਸ਼ਰਨਾਰਥੀਆਂ ਦੀ ਸੇਵਾ ਵਿੱਚ ਜੁੱਟੇ ਹੋਏ ਹਨ । ਉਨਾਂ ਸਪੱਸ਼ਟ ਰੂਪ ਵਿੱਚ ਕਿਹਾ ਕਿ ਸਾਡੀ ਸੰਸਥਾ ਦਾ ਮਨੁੱਖ ਮਨੋਰਥ ਧਰਮ ਤੇ ਮਜ਼ਹਬ ਤੋਂ ਉਪਰ ਉਠ ਕੇ ਮਨੁੱਖਤਾ ਦੀ ਸੱਚੀ ਸੇਵਾ ਕਰਨਾ ਹੈ । ਇਸ ਮਿਸ਼ਨ ਦੀ ਪ੍ਰਾਪਤੀ ਲਈ ਪਿਛਲੇ ਲੰਮੇ ਸਮੇਂ ਤੋਂ ਸਾਡੀ ਸੰਸਥਾ ਯੂ.ਐਨ.ਏ ਦੇ ਨਿੱਘੇ ਸਹਿਯੋਗ ਨਾਲ ਸੰਸਾਰ ਭਰ ਵਿਚ ਸੇਵਾ ਕਾਰਜ ਕਰ ਰਹੀ ਹੈ ।

ਇਸ ਦੌਰਾਨ ਪੱਤਰਕਾਰਾਂ ਵੱਲੋਂ ਪੁਛੇ ਗਏ ਇਕ ਅਹਿਮ ਸਵਾਲ ਦਾ ਜਵਾਬ ਦੇਦਿਆਂ ਸ. ਬਲਜੀਤ ਸਿੰਘ ਜੌਹਲ ਨੇ ਕਿਹਾ ਕਿ ਰੋਹਿੰਗਾ ਸ਼ਰਨਾਥੀਆਂ ਦੀ ਮਦਦ ਕਰਨ, ਉਨਾਂ ਨੂੰ ਖਾਣ ਪੀਣ ਰਹਿਣ ਅਤੇ ਦਵਾਈਆਂ ਤੇ ਹੋਰ ਸਮਸੱਗਰੀ ਉਪਲੱਬਧ ਕਰਵਾਉਣਾ ਬਹੁਤ ਵੱਡਾ ਅਤੇ ਖਰਚੀਲਾ ਕਾਰਜ ਹੈ, ਪਰ ਸਾਡੀ ਸੰਸਥਾ ਯੂ.ਐਨ.ਏ ਦੇ ਸਹਿਯੋਗ ਅਤੇ ਮਨੁੱਖਤਾ ਨਾਲ ਪਿਆਰ ਕਰਨ ਵਾਲੇ ਲੋਕਾਂ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਦਿੱਤੇ ਜਾ ਰਹੇ ਸਹਿਯੋਗ ਨਾਲ ਆਪਣੇ ਸੇਵਾ ਕਾਰਜ ਚਲਾ ਰਹੀ ਹੈ । ਇਸ ਦੌਰਾਨ ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਪੰਜਾਬ ਵਰਗੇ ਖੁਸ਼ਹਾਲ ਰਾਜ ਵੱਧ ਵੱਧ ਰਹੇ ਨਸ਼ਿਆ ਦੇ ਰੁਝਾਨ ਨੂੰ ਰੁਕਣ ਅਤੇ ਕੈਂਸਰ ਵਰਗੀ ਭਿਆਨਕ ਬਿਮਾਰੀ ਤੋਂ ਪੀੜਤ ਲੋਕਾਂ ਦੀ ਮੱਦਦ ਕਰਨ ਅਤੇ ਉਕਤ ਬਿਮਾਰੀ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਨੋਰਥ ਨਾਲ ਜਲਦੀ ਹੀ ਯੂਨਾਇਟਡ ਸਿਖਜ਼ ਸੰਸਥਾ ਵੱਲੋਂ ਪੰਜਾਬ ਦੇ ਸਾਰੇ ਜ਼ਿਲਿਆ ਅੰਦਰ ਵੱਡੀ ਜਾਗਰੂਕ ਮੁਹਿੰਮ ਚਲਾਈ ਜਾਵੇਗੀ ਅਤੇ ਮਾਲਵੇ ਦੀ ਧਰਤੀ ਉਪਰ ਜਲਦੀ ਹੀ ਫਰੀ ਨਸ਼ਾ ਛਡਾਊ ਕੇਂਦਰ ਖੋਲਿਆ ਜਾਵੇਗਾ। ਇਸੇ ਤਰਾਂ ਰਾਜ ਅੰਦਰ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਲਈ ਵੀ ਸਾਡੀ ਸੰਸਥਾ ਪੂਰੀ ਤਰਾਂ ਯਤਨਸ਼ੀਲ ਹੈ ।

# ਪੰਜਾਬੀ ਬੋਲੀ ਦੇ ਹੱਕ 'ਚ ਲਾਹੌਰ ਵਿਖੇ ਭੁੱਖ ਹੜਤਾਲ

**ਲਾਹੌਰ/ਸਿੱਖ ਸਿਆਸਤ ਬਿਊਰੋ:** ਪੰਜਾਬੀ ਬੋਲੀ ਨੂੰ ਬਣਦਾ ਹੱਕ ਦਵਾਉਣ ਲਈ ਪਾਕਿਸਤਾਨ ਵਿੱਚ ਵੀ ਲੋਕ ਸੰਘਰਸ਼ ਕਰ ਰਹੇ ਹਨ। ਬੀਤੇ ਦਿਨ ਲਹਿੰਦੇ ਪੰਜਾਬ ਵਿੱਚ ਲੋਕਾਂ ਨੇ ਸਰਕਾਰ ਦੀ ਪੰਜਾਬੀ ਬੋਲੀ ਪ੍ਰਤੀ ਬੇਰੁਖੀ ਦੇ ਖਫਾ ਹੋ ਕੇ ਸਰਕਾਰ ਖਿਲਾਫ ਭੁੱਖ ਹੜਤਾਲ ਸ਼ੁਰੂ ਕੀਤੀ। ਲਾਹੌਰ ਦੀ ਸ਼ਿਮਲਾ ਪਹਾੜੀ ਆਬਾਦੀ ਸਥਿਤ ਲਾਹੌਰ ਪ੍ਰੈੱਸ ਕਲੱਬ ਅੱਗੇ ਪੰਜਾਬੀ ਪ੍ਰਚਾਰ ਤੇ ਪੰਜਾਬੀ ਪੜ੍ਹਾਓ ਤਹਿਰੀਕ ਸੰਸਥਾਵਾਂ ਦੀ ਅਗਵਾਈ 'ਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਵਿੱਚ ਸ਼ਾਮਲ ਵੱਖ-ਵੱਖ ਜੱਥੇਬੰਦੀਆਂ ਵੱਲੋਂ ਲਾਹੌਰ ਸਥਿਤ ਪੰਜਾਬ ਅਸੈਂਬਲੀ ਦੇ ਸਾਹਮਣੇ ਰੋਸ ਮੁਜਾਹਰਾ ਕੀਤਾ ਗਿਆ।

ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ (ਪ੍ਰਧਾਨ) ਅਹਿਮਦ ਰਜ਼ਾ ਨੇ ਪੰਜਾਬ 'ਚ ਮਾਂ-ਬੋਲੀ ਪੰਜਾਬੀ ਨਾਲ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਲਈ ਲਹਿੰਦੇ ਪੰਜਾਬ ਦੀ ਸੂਬਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਕੇ ਮਾਂ-ਬੋਲੀ ਨੂੰ ਤਰਜੀਹ ਦੇਣ ਦੀ ਅਪੀਲ ਕਰਦਿਆਂ ਸੂਬੇ ਦੇ ਲੋਕਾਂ ਨੂੰ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਉਸਾਰੂ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਪਹਿਲੀ ਜਮਾਤ ਤੋਂ ਗ੍ਰੈਜੂਏਸ਼ਨ ਤਕ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਲਾਗੂ ਕਰਨ ਅਤੇ ਪੰਜਾਬ ਅਸੈਂਬਲੀ ਵਿਚ ਪੰਜਾਬੀ ਬੋਲਣ 'ਤੇ ਲਾਈ ਗਈ ਪਾਬੰਦੀ ਨੂੰ ਖ਼ਤਮ ਕਰਨ ਦੀ ਵੀ ਮੰਗ ਕੀਤੀ।

ਪ੍ਰੋ: ਤਾਰਿਕ ਜਟਾਲਾ ਨੇ ਕਿਹਾ ਕਿ ਪੰਜਾਬੀ ਭਾਸ਼ਾ ਨਾਲ ਹੀਣ ਭਾਵਨਾ ਜੋੜ ਦਿੱਤੀ ਗਈ ਹੈ, ਜਿਸ ਕਾਰਨ ਨਵੀਂ ਪੀੜੀ ਪੰਜਾਬ ਭਾਸ਼ਾ ਤੋਂ ਆਪਣੀ ਦੂਰੀ ਬਣਾ ਰਹੀ ਹੈ। ਬਾਬਾ ਨਜ਼ਮੀ ਨੇ ਸਕੂਲੀ ਪੰਜਾਬੀ ਪੁਸਤਕਾਂ ਵਿਚ ਬਾਬਾ ਬੁੱਲ੍ਹਾ ਸ਼ਾਹ, ਸ਼ਾਹ ਹੁਸੈਨ, ਬਾਬਾ ਗੁਰੂ ਨਾਨਕ ਦੇਵ ਜੀ, ਸ਼ੇਖ਼ ਫ਼ਰੀਦ, ਵਾਰਿਸ ਸ਼ਾਹ ਆਦਿ ਦੇ ਪੰਜਾਬੀ ਸੂਫ਼ੀ ਕਲਾਮ ਨੂੰ ਸ਼ਾਮਲ ਕਰਨ ਦੀ ਮੰਗ ਕੀਤੀ।



ਪੰਜਾਬੀ ਬੋਲੀ ਦੇ ਹੱਕ 'ਚ ਲਾਹੌਰ ਵਿਖੇ ਭੁੱਖ ਹੜਤਾਲ 'ਤੇ ਬੈਠੇ ਲਹਿੰਦੇ ਪੰਜਾਬ ਦੇ ਲੋਕ

ਰੋਜ਼ਾਨਾ ਲੁਕਾਈ ਦੇ ਸੰਪਾਦਕ ਜ਼ਮੀਲ ਪਾਲ ਨੇ ਕਿਹਾ ਪੰਜਾਬ ਸੂਬੇ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਦੀ ਬਜਾਏ ਸਰਕਾਰ ਵਲੋਂ ਇਸ ਨੂੰ ਲਗਾਤਾਰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਇਕਬਾਲ ਕੇਸਰ ਨੇ ਕਿਹਾ ਕਿ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਨਾਲ ਕਦੇ ਵਿਤਕਰਾ ਨਹੀਂ ਹੋਣ ਦੇਵਾਂਗੇ।

ਭੁੱਖ ਹੜਤਾਲ ਵਿਚ ਪੰਜਾਬੀ ਖੋਜਗੜ੍ਹ, ਲੁਕਾਈ ਪੰਜਾਬ, ਪੰਜਾਬੀ ਸਾਂਝ ਸੰਗਤ, ਪੰਜਾਬੀ ਅਦਬੀ ਸੰਗਤ, ਪੰਜਾਬੀ ਅਦਬੀ ਬੋਰਡ, ਕੁਕਨੂਸ ਲਾਇਲਪੁਰ, ਪੰਜਾਬ ਲੋਕ ਲਹਿਰ ਤੇ ਪੰਜਾਬ ਸੋਸ਼ਲ ਮੂਵਮੈਂਟ ਸੰਸਥਾਵਾਂ ਵੀ ਸ਼ਾਮਲ ਹੋਈਆਂ। ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਲੋਕਾਂ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਹੱਕ ਤੇ ਮਾਣ-ਸਨਮਾਨ ਦਿਵਾਉਣ ਤਕ ਜੱਦੋ-ਜਹਿਦ ਜਾਰੀ ਰੱਖੀ ਜਾਵੇਗੀ।

ਇਸ ਮੌਕੇ ਰਾਣਾ ਅਬਦੁਲ ਮਜੀਦ ਖਾਨ, ਖਲੀਲ ਔਜਲਾ, ਕਾਸ਼ਿਫ ਹੁਸੈਨ, ਗ਼ਜ਼ਾਲਾ ਨਿਜ਼ਾਮੁਦੀਨ, ਤਾਹਿਰਾ ਸਾਰਾ, ਡਾ. ਜ਼ਹੀਰ ਵੱਟੂ, ਪ੍ਰੋਫੈਸਰ ਇਬਾਦ ਨਬੀਲ, ਪ੍ਰੋ. ਕਰਾਮਤ ਮੁਗ਼ਲ, ਜ਼ਿਆਉੱਲ੍ਹਾ ਸਾਰਾ, ਕਲਿਆਣਾ ਸਿੰਘ ਕਲਿਆਣ, ਬਾਬਰ ਜਲੰਧਰੀ ਅਤੇ ਹੋਰਨਾਂ ਨੇ ਆਪਣੇ ਵਿਚਾਰ ਰੱਖੇ।

ਜ਼ਿਕਰਯੋਗ ਹੈ ਕਿ ਜਿਵੇਂ ਭਾਰਤ ਦੇ ਕਬਜ਼ੇ ਵਾਲੇ ਪੰਜਾਬ 'ਚ ਹਿੰਦੀ ਥੋਪਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਇਸੇ ਤਰ੍ਹਾਂ ਪਾਕਿਸਤਾਨੀ ਪੰਜਾਬ 'ਚ ਇਕ ਵਰਗ ਵਲੋਂ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ ਕਿ ਪੰਜਾਬੀ ਨਾਲੋਂ ਉਰਦੂ ਜ਼ਿਆਦਾ ਵਧੀਆ ਬੋਲੀ ਹੈ। ਹਾਲਾਂਕਿ ਪਾਕਿਸਤਾਨ ਦੀ ਆਬਾਦੀ ਦਾ 60 ਫੀਸਦ ਹਿੱਸਾ ਪੰਜਾਬ 'ਚ ਰਹਿੰਦਾ ਹੈ।

## ਮਾਂ ਬੋਲੀ ਪੰਜਾਬੀ ਨੂੰ ਬਣਦਾ ਹੱਕ ਦਿਵਾਉਣ ਲਈ ਲਾਹੌਰ ਹਾਈ ਕੋਰਟ ਵਲੋਂ ਸੂਬਾ ਸਰਕਾਰ ਤਲਬ

**ਲਾਹੌਰ/ਬਿਊਰੋ ਨਿਊਜ਼ :** ਮਾਂ-ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਹੱਕ ਦਿਵਾਉਣ ਲਈ ਪਾਕਿਸਤਾਨ ਦੀ ਪੰਜਾਬੀ ਪ੍ਰਚਾਰ ਸੰਸਥਾ ਤਰਫ਼ੋਂ ਵਕੀਲ ਤਾਹਿਰ ਸਿੰਧੂ ਅਤੇ ਕਾਜ਼ੀ ਇਮਰਾਨ ਜ਼ਾਹਦ ਵਲੋਂ ਲਾਹੌਰ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ ਖ਼ਾਨ ਨੇ ਦੱਸਿਆ ਕਿ ਪੰਜਾਬ ਸੂਬੇ ਵਿਚ ਮਾਂ ਬੋਲੀ ਦੇ ਸਨਮਾਨ ਲਈ ਸੂਬਾ ਸਰਕਾਰ ਵਲੋਂ ਇਸ ਸਬੰਧੀ ਕੋਈ ਸਾਰਥਕ ਕਾਰਵਾਈ ਨਾ ਕੀਤੇ ਜਾਣ ਕਰਕੇ ਅਤੇ ਸਿੱਖਿਆ ਮੰਤਰੀ ਵਲੋਂ ਵਾਰ-ਵਾਰ ਭਰੋਸਾ ਦਿਵਾਉਣ ਦੇ ਬਾਵਜੂਦ ਸਕੂਲਾਂ ਕਾਲਜਾਂ ਦੀ ਪੜ੍ਹਾਈ ਵਿਚ ਪੰਜਾਬੀ ਨੂੰ ਨਾ ਸ਼ਾਮਲ ਕੀਤੇ ਜਾਣ ਕਰਕੇ ਸੰਸਥਾ ਨੇ ਅਦਾਲਤ ਪਾਸੋਂ ਇਨਸਾਫ਼ ਲੈਣ ਹਿਤ ਕਾਰਵਾਈ ਆਰੰਭੀ ਹੈ। ਇਸ ਮੌਕੇ ਪ੍ਰੋ. ਤਾਰਿਕ ਜਟਾਲਾ ਨੇ ਕਿਹਾ ਕਿ ਪੰਜਾਬ ਸੂਬੇ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ, ਜਦੋਂਕਿ ਸਰਕਾਰ ਵਲੋਂ ਇਸ ਮਾਮਲੇ ਨੂੰ ਲਗਾਤਾਰ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਬਾਬਰ ਜਲੰਧਰੀ ਅਨੁਸਾਰ ਉਕਤ ਮਾਮਲੇ 'ਤੇ ਸੁਣਵਾਈ ਕਰਦਿਆਂ ਲਾਹੌਰ ਹਾਈ-ਕੋਰਟ ਦੇ ਜਸਟਿਸ ਮਨਸੂਰ ਅਲੀ ਸ਼ਾਹ ਨੇ ਸਰਕਾਰੀ ਵਕੀਲ ਨੂੰ ਪਾਕਿਸਤਾਨ ਦੇ ਦੂਸਰੇ ਸੂਬਿਆਂ ਵਿਚ ਉੱਥੋਂ ਦੀ ਸਥਾਨਕ ਭਾਸ਼ਾ ਦੇ ਸਟੇਟਸ ਬਾਰੇ ਮੁਕੰਮਲ ਜਾਣਕਾਰੀ ਅਦਾਲਤ ਨੂੰ ਉਪਲਬਧ ਕਰਵਾਉਣ ਦੇ ਆਦੇਸ਼ ਜਾਰੀ ਕਰਦਿਆਂ 28 ਨਵੰਬਰ ਨੂੰ ਅਦਾਲਤ ਦੀ ਅਗਲੀ ਸੁਣਵਾਈ ਦੇ ਦੌਰਾਨ ਸੂਬਾ ਸਰਕਾਰ ਦੇ ਸਕੱਤਰ ਨੂੰ ਤਲਬ ਹੋਣ ਦੇ ਆਦੇਸ਼ ਜਾਰੀ ਕੀਤੇ ਹਨ।

# 'ਪਾਪਾ ਦੀ ਪਰੀ' ਹਨੀਪ੍ਰੀਤ ਨੂੰ 23 ਅਕਤੂਬਰ ਤੱਕ ਅੰਬਾਲਾ ਜੇਲ੍ਹ ਭੇਜਿਆ

## *ਰਾਮ ਰਹੀਮ ਨੂੰ ਵਿਦੇਸ਼ ਭਜਾਉਣ ਦੀ ਕੀਤੀ ਸੀ ਕੋਸ਼ਿਸ਼*

**ਚੰਡੀਗੜ੍ਹ /ਬਿਊਰੋ ਨਿਊਜ਼ :**

ਗੁਰਮੀਤ ਰਾਮ ਰਹੀਮ ਦੀ ਮੂੰਹ ਬੋਲੀ ਧੀ ਹਨੀਪ੍ਰੀਤ ਦੀ ਦੀਵਾਲੀ ਹੁਣ ਅੰਬਾਲਾ ਜੇਲ੍ਹ ਵਿਚ ਕੱਟੇਗੀ। ਪੰਚਕੂਲਾ ਦੀ ਅਦਾਲਤ ਨੇ ਉਸ ਨੂੰ ਅਤੇ ਸੁਖਦੀਪ ਕੌਰ ਨੂੰ 23 ਅਕਤੂਬਰ ਤਕ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ, ਪਹਿਲੇ ਇਹ ਖ਼ਬਰ ਆਈ ਸੀ ਕਿ ਦੋਵਾਂ ਨੂੰ 14 ਦਿਨਾਂ ਲਈ ਨਿਆਇਕ ਹਿਰਾਸਤ ਵਿਚ ਭੇਜਿਆ ਗਿਆ ਹੈ, ਪਰ ਅਦਾਲਤ ਵਲੋਂ ਜਿਹੜੇ ਆਦੇਸ਼ ਜਾਰੀ ਕੀਤੇ ਗਏ ਹਨ ਉਸ ਅਨੁਸਾਰ ਦੋਵਾਂ ਨੂੰ 23 ਅਕਤੂਬਰ ਤਕ ਨਿਆਇਕ ਹਿਰਾਸਤ ਵਿਚ ਭੇਜਿਆ ਗਿਆ ਹੈ ਤੇ ਦੋਵਾਂ ਨੂੰ ਹੁਣ ਵੀਡੀਓ ਕਾਨਫ਼ਰੰਸਿੰਗ ਜ਼ਰੀਏ ਹੁਣ 23 ਅਕਤੂਬਰ ਨੂੰ ਪੰਚਕੂਲਾ ਕੋਰਟ ਵਿਚ ਪੇਸ਼ ਕੀਤਾ ਜਾਵੇਗਾ। ਪੁਲੀਸ ਰਿਮਾਂਡ ਖ਼ਤਮ ਹੋਣ ਦੇ ਬਾਅਦ ਹਨੀਪ੍ਰੀਤ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਹਨੀਪ੍ਰੀਤ ਨਾਲ ਗ੍ਰਿਫ਼ਤਾਰ ਕੀਤੀ ਗਈ ਸੁਖਦੀਪ ਕੌਰ ਨੂੰ ਵੀ ਨਿਆਇਕ ਹਿਰਾਸਤ ਵਿਚ ਭੇਜਿਆ। ਦੋਵਾਂ ਨੂੰ 23 ਅਕਤੂਬਰ ਤਕ ਅੰਬਾਲਾ ਦੀ ਸੈਂਟਰਲ ਜੇਲ੍ਹ ਵਿਚ ਰੱਖਿਆ ਜਾਵੇਗਾ। ਸੁਣਵਾਈ ਦੌਰਾਨ ਪੁਲੀਸ ਨੇ ਅਦਾਲਤ ਨੂੰ ਦੱਸਿਆ ਕਿ ਹਨੀਪ੍ਰੀਤ ਦਾ ਇਕ ਮੋਬਾਈਲ ਮਿਲ ਗਿਆ ਹੈ, ਪਰ ਕੋਈ ਲੈਪਟਾਪ ਨਹੀਂ ਮਿਲਿਆ ਹੈ। ਹਨੀਪ੍ਰੀਤ ਨੇ ਪੁੱਛਗਿੱਛ ਦੌਰਾਨ ਐਸ.ਆਈ.ਟੀ. ਨੂੰ ਦੱਸਿਆ ਕਿ ਉਸ ਕੋਲ ਇਕ ਮੋਬਾਈਲ ਤੇ ਲੈਪਟਾਪ ਸੀ, ਜਿਸ ਨੂੰ ਪੰਚਕੂਲਾ ਦੀ ਘਟਨਾ ਦੇ ਬਾਅਦ ਡੇਰਾ ਚੇਅਰਪਰਸਨ ਵਿਪਾਸਨਾ ਇੰਸਾਂ ਨੂੰ ਸੌਂਪ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਵਿਪਾਸਨਾ ਕੋਲ ਹਨੀਪ੍ਰੀਤ ਦੀ ਡਾਇਰੀ ਮੌਜੂਦ ਹੈ, ਜਿਸ ਵਿਚ ਡੇਰੇ ਨਾਲ ਜੁੜੀਆਂ ਘਟਨਾਵਾਂ ਤੇ ਲੈਣ-ਦੇਣ ਦਾ ਬਿਉਰਾ ਮੌਜੂਦ ਹੈ। ਪੰਚਕੂਲਾ ਪੁਲੀਸ ਮੁਤਾਬਕ ਹਨੀਪ੍ਰੀਤ ਨੇ ਮੰਨਿਆ ਹੈ ਕਿ 17 ਅਗਸਤ ਨੂੰ ਸਿਰਸਾ ਡੇਰੇ ਵਿਚ ਹੋਈ ਮੀਟਿੰਗ ਦੀ ਅਗਵਾਈ ਉਸ ਨੇ ਹੀ ਕੀਤੀ ਸੀ। ਇਸ ਮੀਟਿੰਗ ਵਿਚ ਪੰਚਕੂਲਾ ਵਿਚ ਦੰਗੇ ਕਰਵਾਉਣ ਦੀ ਸਾਜਿਸ਼ ਰਚੀ ਗਈ ਸੀ। ਹਨੀਪ੍ਰੀਤ ਨੇ ਨਕਸ਼ੇ 'ਤੇ ਮਾਰਕਿੰਗ ਕਰਨ, ਕਾਲੇ ਧਨ ਦੀ ਫ਼ੰਡਿੰਗ ਕਰਵਾਉਣ, ਦੇਸ਼ ਖ਼ਿਲਾਫ਼ ਵੀਡੀਓ ਵਾਇਰਲ ਕਰਨ ਨਾਲ ਕਈ ਹੋਰ ਦੋਸ਼ ਵੀ ਕਬੂਲੇ ਹਨ। ਪੁਲੀਸ ਨੇ ਪੇਸ਼ੀ ਦੌਰਾਨ ਉਸ ਦਾ ਰਿਮਾਂਡ ਨਹੀਂ ਮੰਗਿਆ। ਇਸ ਤੋਂ ਪਹਿਲਾਂ ਪੁਲੀਸ ਨੇ ਹਨੀਪ੍ਰੀਤ ਦੀ ਵਿਪਾਸਨਾ ਇੰਸਾਂ ਨਾਲ ਆਹਮਣੇ-ਸਾਹਮਣੇ ਬਿਠਾ ਕੇ ਪੁੱਛਗਿੱਛ ਕੀਤੀ ਤੇ ਪੁਲੀਸ ਨੂੰ ਇਸ ਦੌਰਾਨ ਕੁਝ ਵੀ ਹੱਥ ਨਹੀਂ ਲੱਗਿਆ। ਸਮਝਿਆ ਜਾ ਰਿਹਾ ਹੈ ਕਿ ਇਸੇ ਕਾਰਨ ਕਰ ਕੇ ਪੁਲੀਸ ਨੇ ਹਨੀਪ੍ਰੀਤ ਦਾ ਅਦਾਲਤ ਵਿਚ ਫਿਰ ਤੋਂ ਰਿਮਾਂਡ ਨਹੀਂ ਮੰਗਿਆ। ਹਨੀਪ੍ਰੀਤ ਨੇ ਹਰਿਆਣਾ ਪੁਲੀਸ ਸਾਹਮਣੇ ਰਿਮਾਂਡ ਦੌਰਾਨ ਕਈ ਰਾਜ਼ ਖੋਲ੍ਹੇ ਹਨ।



### ਵਿਸ਼ਵਾਸ ਗੁਪਤਾ ਦੀ ਅਰਜ਼ੀ ਖ਼ਾਰਜ

ਰਾਮ ਰਹੀਮ ਦੀ ਕਥਿਤ ਕੁਰਬਾਨੀ ਗੈਂਗ ਤੋਂ ਖ਼ਤਰਾ ਦੱਸਦਿਆਂ ਹਨੀਪ੍ਰੀਤ ਦੇ ਸਾਬਕਾ ਪਤੀ ਵਿਸ਼ਵਾਸ ਗੁਪਤਾ ਅਤੇ ਵਿਸ਼ਵਾਸ ਦੇ ਪਿਤਾ ਵਲੋਂ ਸੁਰੱਖਿਆ ਲਈ ਹਾਈਕੋਰਟ ਵਿਚ ਦਾਖ਼ਲ ਅਰਜ਼ੀ ਫੁੱਲ ਬੈਂਚ ਨੇ ਖ਼ਾਰਜ ਕਰ ਦਿੱਤੀ ਹੈ। ਬੈਂਚ ਨੇ ਕਿਹਾ ਹੈ ਕਿ ਸੁਰੱਖਿਆ ਲਈ ਦੂਜੀ ਬੈਂਚ ਵਿਚ ਅਰਜ਼ੀ ਲਗਾਈ ਜਾ ਸਕਦੀ ਹੈ ਤੇ ਫੁੱਲ ਬੈਂਚ ਇਸ 'ਤੇ ਵਿਚਾਰ ਨਹੀਂ ਕਰੇਗਾ। ਇਸ 'ਤੇ ਸੁਰੱਖਿਆ ਲਈ ਇਹ ਅਰਜ਼ੀ ਵਾਪਸ ਲੈ ਲਈ ਗਈ ਤੇ ਹਾਈਕੋਰਟ ਨੇ ਮਾਮਲਾ ਖ਼ਾਰਜ ਕਰ ਦਿੱਤਾ। ਵਿਸ਼ਵਾਸ ਗੁਪਤਾ ਨੇ ਦੂਜੀ ਮੰਗ ਇਹ ਕੀਤੀ ਸੀ ਕਿ ਰਾਮ ਰਹੀਮ ਦੀ ਕੁਰਬਾਨੀ ਗੈਂਗ ਦੀ ਜਾਂਚ ਐਸ.ਆਈ.ਟੀ. ਵਲੋਂ ਕਰਵਾਈ ਜਾਣੀ ਚਾਹੀਦੀ ਹੈ। ਹਾਈਕੋਰਟ ਨੇ ਇਸ ਮੰਗ ਦਾ ਨਿਪਟਾਰਾ ਕਰਦਿਆਂ ਐਸ.ਆਈ.ਟੀ. ਨੂੰ ਹੁਕਮ ਦਿੱਤਾ ਹੈ ਕਿ ਉਹ ਇਸ ਗੱਲ ਦੀ ਘੋਖ ਕਰਨ ਕਿ ਅਸਲ ਵਿਚ ਕੁਰਬਾਨੀ ਗੈਂਗ ਹੈ ਵੀ ਜਾਂ ਨਹੀਂ ?

### 145 ਸਾਲ ਪੁਰਾਣੀ ਜੇਲ੍ਹ ਵਿਚ ਰਹੇਗੀ ਹਨੀਪ੍ਰੀਤ

ਹਨੀਪ੍ਰੀਤ ਹੁਣ ਅੰਗਰੇਜ਼ਾਂ ਦੇ ਜ਼ਮਾਨੇ ਦੀ ਬਣੀ 145 ਸਾਲ ਪੁਰਾਣੀ ਅੰਬਾਲਾ ਕੇਂਦਰੀ ਜੇਲ੍ਹ ਵਿਚ ਰਹੇਗੀ, ਜਿਥੇ ਉਸ ਲਈ ਔਰਤ ਕੈਦੀਆਂ ਵਾਲੀ ਬੈਰਕ ਵਿਚ ਵੱਖਰੇ ਤੌਰ 'ਤੇ ਇਤਜ਼ਾਮ ਕੀਤਾ ਗਏ ਹਨ। ਹਨੀਪ੍ਰੀਤ ਤੇ ਸੁਖਦੀਪ ਨੂੰ ਅੰਬਾਲਾ ਜੇਲ੍ਹ 'ਚ ਲਿਆਂਦਾ ਗਿਆ ਹੈ, ਜਿਥੇ ਇਸ ਸਮੇਂ 4 ਦਰਜ਼ਨ ਔਰਤਾਂ ਕੈਦ ਹਨ। ਹਾਈ-ਪ੍ਰੋਫਾਈਲ ਮਾਮਲਾ ਹੋਣ ਕਰਕੇ ਜੇਲ੍ਹ ਦੀਆਂ ਮਹਿਲਾ ਅਧਿਕਾਰੀਆਂ, ਹੈੱਡ ਵਾਰਡਨਾਂ ਤੇ ਮਹਿਲਾ ਵਾਰਡਨਾਂ ਨੂੰ ਸੁਰੱਖਿਆ ਤੇ ਹੋਰ ਇੰਤਜ਼ਾਮਾਂ ਲਈ ਵਿਸ਼ੇਸ਼ ਹਦਾਇਤਾਂ ਦਿੱਤੀਆਂ ਗਈਆਂ ਹਨ। ਹਨੀਪ੍ਰੀਤ ਤੇ ਸੁਖਦੀਪ ਨੂੰ ਹੋਰ ਮਹਿਲਾ ਕੈਦੀਆਂ ਤੋਂ ਵੱਖ ਰੱਖਿਆ ਜਾਵੇਗਾ ਤੇ ਅੰਡਰ-ਟਰਾਇਲ ਹੋਣ ਕਰ ਕੇ ਉਨ੍ਹਾਂ ਤੋਂ ਕੋਈ ਕੰਮ ਨਹੀਂ ਕਰਵਾਇਆ ਜਾਵੇਗਾ। ਇਨ੍ਹਾਂ ਦੋਹਾਂ ਨੂੰ ਮਾਮਲੇ ਦੀ ਸੁਣਵਾਈ ਦੌਰਾਨ ਪੰਚਕੂਲਾ ਅਦਾਲਤ ਵਿਚ ਵੀਡੀਓ ਕਾਨਫਰੰਸਿਗ ਰਾਹੀਂ ਪੇਸ਼ ਕੀਤਾ ਜਾਵੇਗਾ। ਅੰਬਾਲੇ ਸ਼ਹਿਰ ਦੇ ਵਿਚਕਾਰ 52 ਏਕੜਾਂ ਵਿਚ ਫੈਲੀ ਹੋਈ ਇਸ ਜੇਲ੍ਹ ਵਿਚ ਮਹਿਲਾ ਜੇਲ੍ਹ ਅਧਿਕਾਰੀਆਂ ਸਮੇਤ ਇਕ ਦਰਜ਼ਨ ਜੇਲ੍ਹ ਵਾਰਡਨ, ਹੈੱਡ ਵਾਰਡਨ ਤੇ ਇਕ ਮਹਿਲਾ ਏ.ਐਸ.ਪੀ.ਤਾਇਨਾਤ ਹੈ। ਅੰਡਰ-ਟਰਾਇਲ ਕੈਦੀਆਂ ਨੂੰ ਹਫ਼ਤੇ ਵਿਚ 2 ਵਾਰ ਆਪਣੇ ਰਿਸ਼ਤਾਦਾਰਾਂ ਨਾਲ ਮੁਲਾਕਾਤ ਕਰਨ ਦੀ ਸਹੂਲਤ ਦਿੱਤੀ ਜਾਂਦੀ ਹੈ ਪਰ ਇਸ ਦੌਰਾਨ ਉਹ ਇੱਕਠੇ ਨਹੀਂ ਬੈਠ ਸਕਦੇ। ਮੁਲਾਕਾਤ ਮੌਕੇ ਕੈਦੀ ਤੇ ਉਸ ਦੇ ਰਿਸ਼ਤੇਦਾਰਾਂ ਵਿਚਕਾਰ ਸ਼ੀਸ਼ੇ ਦੀ ਦੀਵਾਰ ਹੁੰਦੀ ਹੈ ਤੇ ਉਹ ਇੰਟਰਕਾਮ ਜ਼ਰੀਏ ਗੱਲਬਾਤ ਕਰ ਸਕਦੇ ਹਨ। ਇਸ ਜੇਲ੍ਹ ਵਿਚ 16 ਬਿਸਤਿਰਆਂ ਦਾ ਇਕ ਹਸਪਤਾਲ ਵੀ ਜਿਥੇ ਹਰ ਸਮੇਂ ਡਾਕਟਰ ਤੇ ਪੈਰਾਮੈਡੀਕਲ ਸਟਾਫ ਤਾਇਨਾਤ ਰਹਿੰਦਾ ਹੈ। 1,200 ਕੈਦੀਆਂ ਦੀ ਸਮਰੱਥਾ ਵਾਲੀ ਇਸ ਜੇਲ੍ਹ ਵਿਚ ਇਸ ਸਮੇਂ 1,600 ਤੋਂ ਵੱਧ ਕੈਦੀ ਰੱਖੇ ਗਏ ਹਨ।

## ਮੋਬਾਈਲ ਤੋਂ ਦੰਗਿਆਂ ਸਬੰਧੀ ਮਿਲ ਸਕਦੀ ਹੈ ਜਾਣਕਾਰੀ

25 ਅਗਸਤ ਨੂੰ ਪੰਚਕੂਲਾ ਵਿਚ ਹੋਏ ਦੰਗਿਆਂ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਹਨੀਪ੍ਰੀਤ ਦਾ ਮੋਬਾਈਲ ਬਰਾਮਦ ਕਰ ਲਿਆ ਹੈ। ਇਹ ਮੋਬਾਈਲ ਵਿਪਾਸਨਾ ਵਲੋਂ ਪੁਲੀਸ ਨੂੰ ਦਿੱਤਾ ਗਿਆ ਹੈ। ਇਸ ਗੱਲ ਦੀ ਪੁਸ਼ਟੀ ਪੁਲੀਸ ਵਿਭਾਗ ਦੇ ਉੱਚ ਅਧਿਕਾਰੀਆਂ ਵਲੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਮੋਬਾਈਲ ਵਿਚ 25 ਅਗਸਤ ਨੂੰ ਪੰਚਕੂਲਾ ਵਿਚ ਹੋਏ ਦੰਗਿਆਂ ਨਾਲ ਸਬੰਧਤ ਕਾਫ਼ੀ ਜਾਣਕਾਰੀ ਹੋ ਸਕਦੀ ਹੈ ਅਤੇ ਉਨ੍ਹਾਂ ਸਾਰੇ ਲੋਕਾਂ ਦੇ ਮੋਬਾਈਲ ਨੰਬਰ ਵੀ ਹਨ, ਜਿਹੜੇ ਹਨੀਪ੍ਰੀਤ ਦੇ ਸੰਪਰਕ ਵਿਚ ਸਨ। ਇਸ ਦੇ ਨਾਲ-ਨਾਲ ਮੋਬਾਈਲ ਵਿਚ ਕੁੱਝ ਅਜਿਹੇ ਵੀਡੀਓ ਵੀ ਮਿਲ ਸਕਦੇ ਹਨ, ਜਿਨ੍ਹਾਂ ਨੂੰ ਦੰਗੇ ਭੜਕਾਉਣ ਲਈ ਵਾਇਰਲ ਕੀਤਾ ਗਿਆ ਸੀ। ਇਸ ਮੋਬਾਈਲ ਵਿਚ ਇਸ ਬਾਰੇ ਵੀ ਸਬੂਤ ਹਨ ਕਿ 25 ਅਗਸਤ ਤੋਂ ਬਾਅਦ ਹਨੀਪ੍ਰੀਤ ਕਿਸ-ਕਿਸ ਦੇ ਸੰਪਰਕ ਵਿਚ ਸੀ। ਪੁਲੀਸ ਨੇ ਮੋਬਾਈਲ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਦਾ ਕਹਿਣਾ ਹੈ ਕਿ ਜੇ ਮੋਬਾਈਲ ਵਿਚੋਂ ਕੋਈ ਡਾਟਾ ਡਿਲੀਟ ਕੀਤਾ ਗਿਆ ਹੈ ਤਾਂ ਉਸ ਨੂੰ ਮੋਬਾਈਲ ਟੈਕਨੀਸ਼ੀਅਨ ਦੀ ਮਦਦ ਲੈ ਕੇ ਰਿਕਵਰ ਕਰਵਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਪੁਲੀਸ ਪੁੱਛ-ਗਿੱਛ ਵਿਚ ਹਨੀਪ੍ਰੀਤ ਨੇ ਖੁਲਾਸਾ ਕੀਤਾ ਸੀ ਕਿ ਉਸ ਨੇ ਆਪਣਾ ਮੋਬਾਈਲ 26 ਅਗਸਤ ਨੂੰ ਵਿਪਾਸਨਾ ਨੂੰ ਸੌਂਪਿਆ ਸੀ।

### ਰਣਜੀਤ ਹੱਤਿਆ ਕਾਂਡ ਦੀ ਅਗਲੀ ਪੇਸ਼ੀ 21 ਨੂੰ

ਡੇਰਾ ਸਿਰਸਾ ਵਿਚ ਮੈਨੇਜਰ ਵਜੋਂ ਸੇਵਾ ਨਿਭਾਉਣ ਵਾਲੇ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲੇ ਦੀ ਪੰਚਕੂਲਾ ਸਥਿਤ ਸੀ.ਬੀ.ਆਈ.ਦੀ ਵਿਸ਼ੇਸ਼ ਅਦਾਲਤ ਵਿਚ ਜੱਜ ਜਗਦੀਪ ਸਿੰਘ ਦੀ ਅਦਾਲਤ ਵਿਚ ਸੁਣਵਾਈ ਹੋਈ। ਅਦਾਲਤ ਵਿਚ ਦੋਵਾਂ ਧਿਰਾਂ ਦੇ ਵਕੀਲਾਂ ਵਿਚ ਗਵਾਹੀਆਂ 'ਤੇ ਬਹਿਸ ਹੋਈ ਅਤੇ ਅਦਾਲਤ ਨੇ ਅਗਲੀ ਸੁਣਵਾਈ 21 ਅਕਤੂਬਰ 'ਤੇ ਪਾ ਦਿੱਤੀ ਹੈ ਜਿਸ ਦੌਰਾਨ ਬਹਿਸ ਜਾਰੀ ਰਹੇਗੀ। ਇਸ ਦੌਰਾਨ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਵੀਡੀਓ ਕਾਨਫਰੰਸਿਗ ਜਰੀਏ ਪੇਸ਼ ਹੋਏ ਜਦਕਿ ਇਸ ਮਾਮਲੇ ਵਿਚ ਬਾਕੀ 5 ਦੋਸ਼ੀ ਨਿੱਜੀ ਤੌਰ 'ਤੇ ਅਦਾਲਤ ਵਿਚ ਹਾਜ਼ਰ ਸਨ। ਡੇਰਾ ਮੈਨੇਜਰ ਰਣਜੀਤ ਸਿੰਘ ਦੀ ਹੱਤਿਆ ਮਾਮਲੇ ਵਿਚ ਕ੍ਰਿਸ਼ਨ ਲਾਲ, ਅਵਤਾਰ ਸਿੰਗ, ਜਸਬੀਰ, ਸਬਦਿਲ ਤੇ ਇੰਦਰਸੇਨ ਨੂੰ ਪੰਚਕੂਲਾ ਵਿਚ ਸੀ.ਬੀ.ਆਈ.ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕੀਤਾ ਗਿਆ।

# 59 ਲੋਕਾਂ ਨੂੰ ਜ਼ਿੰਦਾ ਸਾੜ ਦੇਣਾ, ਸਾਰੇ ਕਾਤਲਾਂ ਦੀ ਫਾਂਸੀ ਮਾਫ਼ ਕਰ ਦੇਣਾ ਤੇ ਭਾਰਤੀਆਂ ਦਾ ਚੁੱਪ ਰਹਿਣਾ

**ਇਹ ਓਨਾ ਹੀ ਕੌੜਾ ਹੈ, ਜਿੰਨਾ ਇਹ ਕਿ ਫਿਰ ਫੈਲੀ ਹਿੰਸਾ 'ਚ - ਵਿਸ਼ੇਸ਼ਕਰ ਨਰੋੜਾ ਪਾਟਿਆ ਅਤੇ ਨਰੋੜਾ ਗਾਮ ਤੇ ਗੁਲਬਰਗ ਸੁਸਾਇਟੀ 'ਚ - ਜਿਸ ਤਰ੍ਹਾਂ ਕਤਲੇਆਮ ਕੀਤਾ ਗਿਆ, ਉਹ ਦਹਿਸ਼ਤ ਦੇਸ਼ ਨੇ ਪਹਿਲਾਂ ਕਦੇ ਵੇਖੀ-ਸੁਣੀ ਹੀ ਨਹੀਂ ਹੋਵੇਗੀ ਜਾਂ 1984 ਦੇ ਸਿੱਖ ਵਿਰੋਧੀ ਦੰਗਿਆਂ 'ਚ ਵੇਖੀ ਹੋਵੇ। ਉਦੋਂ ਕਾਂਗਰਸ ਦੀਆਂ ਸਰਕਾਰਾਂ ਨੇ ਦੰਗਾਕਾਰੀਆਂ ਨੂੰ ਖੁੱਲ੍ਹੀ ਛੋਟ ਦੇ ਦਿੱਤੀ ਸੀ। ਪੁਲੀਸ ਹੱਥ 'ਤੇ ਹੱਥ ਰੱਖ ਕੇ ਬੈਠੀ ਰਹੀ। ਇਸ 'ਚ ਨਰਿੰਦਰ ਮੋਦੀ ਦੀ ਗੁਜਰਾਤ ਸਰਕਾਰ ਨੇ ਵੀ ਦੰਗਾਕਾਰੀਆਂ ਨੂੰ ਇੰਞ ਹੀ ਛੋਟ ਦਿੱਤੀ ਸੀ।**



**ਕਲਪੇਸ਼ ਯਾਗਨਿਕ**

*'ਸਭ ਤੋਂ ਵੱਡਾ ਪਾਪ ਉਹ ਹੈ ਜੋ ਨਿਆਂ ਦੇ ਨਾਂ 'ਤੇ ਕੀਤਾ ਜਾਵੇ।'- ਅਣਜਾਣ*

ਜਦੋਂ ਗੁਜਰਾਤ ਹਾਈ ਕੋਰਟ ਨੇ ਗੋਧਰਾ ਕਾਂਡ 'ਚ 59 ਲੋਕਾਂ ਨੂੰ ਜ਼ਿੰਦਾ ਸਾੜਨ ਨੂੰ ਪਹਿਲਾਂ ਹੀ ਯੋਜਨਾਬੱਧ ਸਾਜ਼ਿਸ਼ ਦੱਸਿਆ ਹੈ ਤਾਂ ਫਿਰ ਫਾਂਸੀ ਦੀ ਸਜ਼ਾ ਮਿਲਣ ਵਾਲੇ ਕਾਤਲਾਂ 'ਤੇ ਨਰਮੀ ਕਿਉਂ ਕੀਤੀ? ਗੋਧਰਾ ਕਾਂਡ ਭਾਰਤੀ ਇਤਿਹਾਸ ਨੂੰ ਕੰਬਾਉਣ ਵਾਲਾ ਇਕ ਸ਼ਰਮਨਾਕ ਕਾਰਾ ਹੈ। ਇਸ ਕਤਲੇਆਮ ਨੇ ਪੂਰੇ ਦੇਸ਼ ਨੂੰ ਬਦਲ ਕੇ ਰੱਖ ਦਿੱਤਾ। 27 ਫ਼ਰਵਰੀ 2002 ਨੂੰ ਜਿਸ ਤਰ੍ਹਾਂ ਠੰਢੇ ਦਿਮਾਗ ਅਤੇ ਸੋਚ-ਸਮਝ ਕੇ ਹਮਲੇ ਤੇ ਕਤਲ ਕੀਤੇ ਗਏ, ਉਹ ਬੇਹੱਦ ਦਿਲ ਕੰਬਾਊ ਹਨ ਅਤੇ ਨਿਆਂ ਦੇ ਨਾਮ 'ਤੇ ਸ਼ਰਮਨਾਕ। ਪੂਰੇ 15 ਸਾਲ ਹੋ ਗਏ, ਪਰ ਧੂੰ-ਧੂੰ ਕਰਕੇ ਸੜੇ, ਤਬਾਹ ਹੋਏ ਅਤੇ ਬੇਗੁਨਾਹਾਂ ਦਾ ਸ਼ਮਸ਼ਾਨ ਬਣੇ ਉਸ ਐਸ-6 ਕੋਚ ਦੀ ਤਰ੍ਹਾਂ ਹੀ ਨਿਆਂ ਦੀ ਉਮੀਦ ਵੀ ਤਹਿਸ-ਨਹਿਸ ਹੋ ਚੁੱਕੀ ਹੈ। 10 ਸਾਲ ਬਾਦ ਮੁੱਖ ਸਾਜ਼ਿਸ਼ਘਾੜੇ 11 ਦੋਸ਼ੀਆਂ ਨੂੰ ਫਾਂਸੀ ਮਿਲੀ ਸੀ। ਯਾਨੀ ਸਪੈਸ਼ਲ ਟ੍ਰਾਇਲ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ। ਫਾਂਸੀ ਤਾਂ ਕਿਸੇ ਕਾਤਲ ਨੂੰ ਮਿਲਦੀ ਹੀ ਨਹੀਂ ਹੈ, ਪਰ ਸਜ਼ਾ ਤਾਂ ਸੁਣਾਈ ਜਾਵੇ। ਉਹ ਸਜ਼ਾ ਵੀ ਮਾਫ਼ ਹੋ ਗਈ। ਕਿਉਂ? ਕਿਸੇ ਨੂੰ ਵੀ ਕੋਈ ਫਰਕ ਨਹੀਂ ਪਿਆ। ਕਿਸੇ ਬੁੱਧੀਜੀਵੀ ਨੇ ਕੋਈ ਬਹਿਸ ਨਹੀਂ ਕੀਤੀ। ਕਿਉਂਕਿ ਇਸ ਨੂੰ 'ਰੇਅਰੈਸਟ ਆਫ਼ ਰੇਅਰ' ਕੇਸ ਨਹੀਂ ਮੰਨਿਆ ਗਿਆ। ਲਗਭਗ 27 ਔਰਤਾਂ, 10 ਛੋਟੇ-ਛੋਟੇ ਬੱਚਿਆਂ ਸਮੇਤ 59 ਮੁਸਾਫ਼ਰ ਅਚਾਨਕ ਭਾਰੀ ਭੀੜ ਨੂੰ ਟਰੇਨ 'ਚ ਜ਼ਬਰੀ ਦਾਖ਼ਲ ਹੁੰਦੇ, ਪੈਟਰੋਲ ਛਿੜਕਦੇ ਅਤੇ ਅੱਗ ਲਗਾਉਂਦੇ ਵੇਖਦੇ ਹਨ ਜਾਂ ਨੀਂਦ 'ਚ ਹੀ ਰਹਿ ਗਏ ਅਤੇ ਕੁੱਝ ਨਾ ਵੀ ਵੇਖ ਸਕੇ ਹੋਣ। ਤਾਂ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ ਕਿ ਕੀ ਬੀਤੀ ਹੋਵੇਗੀ ਉਨ੍ਹਾਂ ਨਾਲ। ਕੀ ਇਸ ਤੋਂ ਵੀ ਬੇਰਹਿਮ, ਇਸ ਤੋਂ ਵੀ ਘਟੀਆ, ਇਸ ਤੋਂ ਵੀ ਮਾੜਾ ਕੁਝ ਹੋਰ ਚਾਹੀਦਾ ਹੈ ਨਿਆਂ ਦੀ ਦੇਵੀ ਨੂੰ- ਜੋ 'ਰੇਅਰੈਸਟ ਆਫ਼ ਰੇਅਰ' ਮੰਨਿਆ ਜਾਵੇਗਾ? ਇਕ ਨਫ਼ਰਤ ਦੀ ਬੇਅੰਤ ਲੜੀ ਗੋਧਰਾ ਕਾਂਡ ਤੋਂ ਸ਼ੁਰੂ ਹੋਈ। ਉਸ ਤੋਂ ਬਾਅਦ ਹੋਏ ਭਿਆਨਕ ਅਤੇ ਗੈਰ-ਮਨੁੱਖੀ ਕਾਰਿਆਂ ਤੋਂ ਭਰੇ ਦੰਗਿਆਂ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ। ਉਸ ਤੋਂ ਬਾਅਦ ਹੋਈ ਗੁਜਰਾਤ ਚੋਣ ਦੀ ਰਿਪੋਰਟਿੰਗ 'ਚ ਕੋਈ ਚਾਰ ਹਜ਼ਾਰ ਕਿਲੋਮੀਟਰ ਕਵਰ ਕਰਨ ਮਗਰੋਂ ਮੇਰੀ ਦੂਜੀ ਰਿਪੋਰਟ ਦਾ ਸਿਰਲੇਖ ਸੀ 'ਗੋਧਰਾ ਤੋਂ ਗਾਂਧੀਨਗਰ ਤਕ : ਨਫ਼ਰਤ ਹੀ ਨਫ਼ਰਤ।' ਅਜਿਹੀ ਤਸਵੀਰ ਬਦਲੀ ਸੀ ਉਨ੍ਹਾਂ ਦੰਗਿਆ ਨੇ, ਕੋਈ ਹੁਣ ਉਨ੍ਹਾਂ ਬੇਰਹਿਮ ਦਿਨਾਂ ਨੂੰ ਯਾਦ ਕਰਨਾ ਨਹੀਂ ਚਾਹੁੰਦਾ। ਲਾਈਫ ਹੈਜ ਮੂਵਡ ਆਨ। ਸਾਨੂੰ ਵੀ ਅੱਗੇ ਵੱਧ ਜਾਣਾ ਚਾਹੀਦਾ ਹੈ। ਪਰ ਅੱਗੇ ਵਧਣ ਦਾ ਮਤਲਬ ਬੇਇਨਸਾਫੀ ਨੂੰ ਚੁੱਪ-ਚਾਪ ਸਹਿਣਾ ਨਹੀਂ ਹੈ। ਹੁਣ ਉਹੀ ਹੋ ਵੀ ਰਿਹਾ ਹੈ। ਇੰਨੀ ਵਾਰ ਜਾਂਚ ਹੋਈ। ਜਿਨ੍ਹਾਂ ਤੋਂ ਪੁੱਛਗਿੱਛ ਹੁੰਦੀ ਹੋਵੇਗੀ, ਉਹ ਵੀ ਪ੍ਰੇਸ਼ਾਨ ਹੋ ਗਏ ਹੋਣਗੇ। ਕੀ ਪਹਿਲਾਂ ਕਿਹਾ ਹੋਵੇਗਾ, ਕੀ ਵਿਚਕਾਰ, ਕੀ ਬਾਅਦ 'ਚ। ਸਭ ਕੁਝ ਦਿਮਾਗ 'ਚ ਧੁੰਦਲਾ ਹੋ ਚੁੱਕਿਆ ਹੋਵੇਗਾ। ਇਹੀ ਤਾਂ ਕਾਰਨ ਹੈ ਕਿ ਦੇਸ਼ 'ਚ ਕੋਈ ਵੀ ਆਮ ਨਾਗਰਿਕ ਕਾਨੂੰਨ ਦੀ ਮਦਦ ਨਹੀਂ ਕਰਨਾ ਚਾਹੁੰਦਾ। ਕਰੇ ਵੀ ਕਿਉਂ? ਪਹਿਲਾਂ ਸ਼ਾਹ ਕਮਿਸ਼ਨ ਬਣਿਆ। ਫਿਰ ਨਾਨਾਵਟੀ ਕਮਿਸ਼ਨ। ਕੇਂਦਰ ਸਰਕਾਰ ਹਾਲਾਂਕਿ ਗੁਜਰਾਤ ਦੀ ਮੋਦੀ ਸਰਕਾਰ ਨੂੰ ਸ਼ੱਕ ਨਾਲ ਵੇਖ ਰਹੀ ਸੀ। ਇਸ ਲਈ ਹਰ ਵਾਰ ਕੇਂਦਰ ਵਿਰੁੱਧ ਗੁਜਰਾਤ ਸੂਬਾ ਹੋ ਰਿਹਾ ਸੀ। ਹਰ ਕੇਸ ਸੁਪਰੀਮ ਕੋਰਟ ਜਾ ਰਿਹਾ ਸੀ। ਗੁਜਰਾਤ ਦੀ ਪੂਰੀ ਨਿਆਂ ਪ੍ਰਣਾਲੀ 'ਤੇ ਸਵਾਲੀਆ ਨਿਸ਼ਾਨ ਲੱਗਿਆ ਹੋਇਆ ਸੀ। ਹਰ ਕੇਸ ਨੂੰ ਗੁਜਰਾਤ ਤੋਂ ਬਾਹਰ ਭੇਜਿਆ ਜਾ ਰਿਹਾ ਸੀ। ਇਸ ਲਈ ਜੋ ਜਾਂਚ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਤੋਂ ਕਰਵਾਈ ਗਈ, ਉਹ ਖੁਦ ਸੁਪਰੀਮ ਕੋਰਟ ਨੇ ਬਣਾਈ ਅਤੇ ਫਿਰ ਕਿੰਨੇ, ਕਿਵੇਂ ਵਿਵਾਦ ਹੋਏ - ਇਸ ਨਾਲ ਅਖਬਾਰ ਭਰੇ ਪਏ ਹਨ। ਜ਼ਿਕਰ ਕਰਨ ਦੀ ਲੋੜ ਨਹੀਂ ਹੈ ਕਿ ਮਨਮੋਹਨ ਸਰਕਾਰ ਦੇ ਆਉਂਦਿਆਂ ਹੀ ਰੇਲ ਮੰਤਰੀ ਲਾਲੂ ਯਾਦਵ ਨੇ ਇਕ ਵੱਖਰਾ ਹੀ ਜਾਂਚ ਕਮਿਸ਼ਨ ਬਣਾ ਦਿੱਤਾ। ਭਾਰੀ ਨਿਖੇਧੀ ਤੇ ਆਲੋਚਨਾ ਵਿਚਕਾਰ ਇਸ ਜਸਟਿਸ ਬੈਨਰਜੀ ਕਮਿਸ਼ਨ ਨੇ ਕੁੱਝ ਤਿੰਨ-ਚਾਰ ਮਹੀਨੇ 'ਚ ਹੀ ਅੰਤਰਿਮ ਰਿਪੋਰਟ ਪੇਸ਼ ਕਰ ਦਿੱਤੀ। ਜਿਸ 'ਚ ਗੋਧਰਾ 'ਚ ਜ਼ਿੰਦਾ ਸਾੜੇ ਜਾਣ ਨੂੰ 'ਹਾਦਸਾ' ਐਲਾਨ ਦਿੱਤਾ ਗਿਆ ਅਤੇ 'ਸਾਜ਼ਿਸ਼' ਨੂੰ ਝੂਠਾ ਕਰਾਰ ਦਿੱਤਾ। ਜਦਕਿ ਨਾਨਾਵਟੀ ਕਮਿਸ਼ਨ ਨੂੰ ਇਸ ਨੂੰ ਸਾਜ਼ਿਸ਼ ਦੱਸਣ 'ਚ 6 ਸਾਲ ਲੱਗ ਗਏ। ਯਾਦ ਦਿਵਾਉਣਾ ਜ਼ਰੂਰੀ ਹੈ ਕਿ ਹਾਈ ਕੋਰਟ ਨੇ ਉਕਤ ਬੈਨਰਜੀ ਰਿਪੋਰਟ ਨੂੰ ਗ਼ੈਰ-ਕਾਨੂੰਨੀ, ਗ਼ਲਤ ਅਤੇ ਝੂਠਾ ਦੱਸਦਿਆਂ ਮਨਫ਼ੀ ਕਰਾਰ ਦਿੱਤਾ ਸੀ।

ਇਸ ਗੰਦੀ ਰਾਜਨੀਤੀ ਬਾਰੇ ਯਾਦ ਸਿਰਫ਼ ਇਸ ਲਈ ਕਰਵਾਇਆ ਜਾ ਰਿਹਾ ਹੈ ਕਿਉਂਕਿ ਅਜਿਹਾ ਭਾਰਤੀ ਇਤਿਹਾਸ 'ਚ ਪਹਿਲੀ ਵਾਰ ਹੋਇਆ ਕਿ ਇੰਨੇ ਸਾਰੇ ਆਮ ਨਾਗਰਿਕਾਂ ਦੀ ਜਾਨ ਚਲੀ ਜਾਣ 'ਤੇ ਵੀ ਕਾਂਗਰਸ, ਭਾਜਪਾ ਅਤੇ ਹੋਰ ਸਿਆਸੀ ਪਾਰਟੀਆਂ ਆਪਣੀ-ਆਪਣੀ ਚਾਲਾਂ 'ਚ ਮਸ਼ਗੂਲ ਰਹੀਆਂ। ਹਰ ਪੱਧਰ 'ਤੇ ਇਸ ਹੱਤਿਆ ਕਾਂਡ ਨੂੰ 'ਹਾਦਸਾ' ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਦਲੀਲ ਵੀ ਝੂਠੀ ਸਾਬਤ ਹੋਈ, ਫਿਰ ਫਾਂਸੀ ਕਿਉਂ ਨਹੀਂ? ਇਸ ਲਈ ਕਿ ਜਿਹੜੇ ਜ਼ਿੰਦਾ ਸਾੜ ਦਿੱਤੇ ਗਏ ਸਨ, ਉਨ੍ਹਾਂ 'ਚ ਜ਼ਿਆਦਾਤਰ ਅਯੋਧਿਆ ਤੋਂ ਵਾਪਸ ਆ ਰਹੇ ਕਾਰ ਸੇਵਕ ਸਨ। ਗੋਧਰਾ ਕਾਂਡ ਦੇ ਠੀਕ ਅਗਲੇ ਦਿਨ ਪੂਰੇ ਗੁਜਰਾਤ 'ਚ ਦੰਗੇ ਭੜਕ ਗਏ। ਇਸ ਲਈ ਇਸ ਨੂੰ ਉਨ੍ਹਾਂ ਦੰਗਿਆਂ ਦਾ ਆਧਾਰ ਮੰਨਿਆ ਗਿਆ। ਦੇਸ਼ ਭਰ 'ਚ ਇਕ ਵਿਰੋਧੀ ਭਾਵਨਾ ਸੀ। ਦੋ ਗੁੱਟ ਬਣੇ। ਹਾਲਾਂਕਿ ਗੁਜਰਾਤ 'ਚ ਅਗਲੇ ਦਿਨ ਭੜਕੀ ਹਿੰਸਾ ਨੇ ਇੰਨੀਆਂ ਜਾਨਾਂ ਲੈ ਲਈਆਂ ਸਨ ਕਿ ਗੋਧਰਾ 'ਚ ਮਾਰੇ ਗਏ ਲੋਕਾਂ ਬਾਰੇ ਕਿਸੇ ਨੂੰ ਰਹਿਮ ਨਹੀਂ ਆਈ। ਇਹ ਇਥੇ ਕੌੜਾ ਸੱਚ ਹੈ। ਇਹ ਓਨਾ ਹੀ ਕੌੜਾ ਹੈ, ਜਿੰਨਾ ਇਹ ਕਿ ਫਿਰ ਫੈਲੀ ਹਿੰਸਾ 'ਚ - ਵਿਸ਼ੇਸ਼ਕਰ ਨਰੋੜਾ ਪਾਟਿਆ ਅਤੇ ਨਰੋੜਾ ਗਾਮ ਤੇ ਗੁਲਬਰਗ ਸੁਸਾਇਟੀ 'ਚ - ਜਿਸ ਤਰ੍ਹਾਂ ਕਤਲੇਆਮ ਕੀਤਾ ਗਿਆ, ਉਹ ਦਹਿਸ਼ਤ ਦੇਸ਼ ਨੇ ਪਹਿਲਾਂ ਕਦੇ ਵੇਖੀ-ਸੁਣੀ ਹੀ ਨਹੀਂ ਹੋਵੇਗੀ ਜਾਂ 1984 ਦੇ ਸਿੱਖ ਵਿਰੋਧੀ ਦੰਗਿਆਂ 'ਚ ਵੇਖੀ ਹੋਵੇ। ਉਦੋਂ ਕਾਂਗਰਸ ਦੀਆਂ ਸਰਕਾਰਾਂ ਨੇ ਦੰਗਾਕਾਰੀਆਂ ਨੂੰ ਖੁੱਲ੍ਹੀ ਛੋਟ ਦੇ ਦਿੱਤੀ ਸੀ। ਪੁਲੀਸ ਹੱਥ 'ਤੇ ਹੱਥ ਰੱਖ ਕੇ ਬੈਠੀ ਰਹੀ। ਇਸ 'ਚ ਨਰਿੰਦਰ ਮੋਦੀ ਦੀ ਗੁਜਰਾਤ ਸਰਕਾਰ ਨੇ ਵੀ ਦੰਗਾਕਾਰੀਆਂ ਨੂੰ ਇੰਞ ਹੀ ਛੋਟ ਦਿੱਤੀ ਸੀ। ਹਾਲਾਂਕਿ ਹਰ ਅਦਾਲਤ ਨੇ ਅੰਤ 'ਚ ਇਸ ਦੋਸ਼ ਨੂੰ ਨਕਾਰ ਦਿੱਤਾ। ਨਰੋੜਾ ਪਾਟਿਆ ਨੂੰ ਹੀ ਲੈ ਲਓ - ਉਥੇ ਦੀ ਵਿਧਾਇਕ ਮਾਯਾ ਕੋਡਨਾਨੀ ਯਕੀਨਨ ਇਤਿਹਾਸ ਦੀ ਪਹਿਲੀ ਮਹਿਲਾ ਮੰਤਰੀ ਜਾਂ ਇੰਞ ਕਹਿ ਲਉ ਕਿ ਪਹਿਲੀ ਚੁਣੀ ਹੋਈ ਨੇਤਾ ਹੋਵੇਗੀ, ਜਿਨ੍ਹਾਂ ਨੂੰ ਹਿੰਸਾ ਦਾ 'ਮੁੱਖ ਸਾਜ਼ਿਸ਼ਘਾੜਾ' ਕਹਿ ਕੇ 28 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ। ਅਜਿਹੀ ਸਖ਼ਤ ਸਜ਼ਾ ਸੁਣਾਉਣ ਵਾਲੀ ਜੱਜ ਜਯੋਤਸਨਾ ਯਾਗਨਿਕ ਦੇ ਨਿਆਂ ਬਾਰੇ ਆਪਣੇ ਵਿਸ਼ੇਸ਼ ਸੰਪਾਦਕੀ 'ਚ ਮੈਂ ਲਿਖਿਆ ਸੀ ਕਿ ਜੱਜ ਜੇ ਤੈਅ ਕਰ ਲਵੇ ਤਾਂ ਕੋਈ ਅਪਰਾਧੀ ਬੱਚ ਨਹੀਂ ਸਕਦਾ। ਭਾਵੇਂ ਸਰਕਾਰ ਕੋਈ ਵੀ ਹੋਵੇ। ਕੁਝ ਵੀ ਚਾਹੁੰਦੀ ਹੋਵੇ।

ਅੱਜ ਜਦੋਂ ਅਸੀਂ ਧਿਆਨ ਨਾਲ ਨਜ਼ਰ ਮਾਰੀਏ ਤਾਂ ਪਤਾ ਇਕ ਹੋਰ ਕੌੜੇ ਸੱਚ ਬਾਰੇ ਪਤਾ ਲੱਗੇਗਾ : ਕਿ ਗੁਜਰਾਤ 'ਚ ਇੰਨੇ ਭਿਆਨਕ ਦੰਗੇ ਕਰਵਾਉਣ ਵਾਲਿਆਂ ਨੂੰ ਫਾਂਸੀ ਨਹੀਂ ਮਿਲੀ। ਗੁਲਬਰਗ ਸੁਸਾਇਟੀ ਦਾ ਹੀ ਉਦਾਹਰਣ ਲੈ ਲਓ। ਸਾਬਕਾ ਸੰਸਦ ਮੈਂਬਰ ਅਹਿਸਾਨਜਾਫਰੀ 'ਤੇ ਜੋ ਹਮਲਾ ਹੋਇਆ ਸੀ ਅਤੇ ਪੂਰੀ ਸੁਸਾਇਟੀ 'ਚ ਵਾਪਰੀ ਹਿੰਸਾ, ਕਿਸੇ ਦੇ ਹੱਥ ਵੱਢ ਦਿੱਤੇ, ਅੱਗ ਲਗਾ ਦਿੱਤੀ ਪਰ ਕੀ ਕਿਸੇ ਨੂੰ ਫਾਂਸੀ ਹੋਈ? ਰੇਅਰੈਸਟ ਆਫ਼ ਰੇਅਰ ਹੋਰ ਕੀ ਹੋਵੇਗੀ? ਆਖ਼ਰ ਕਿਹੜਾ ਮਾਮਲਾ ਆਉਂਦਾ ਹੈ ਇਸ ਸ਼੍ਰੇਣੀ 'ਚ? 1973 'ਚ ਪਹਿਲੀ ਵਾਰ ਸੀਆਰਪੀਸੀ 'ਚ ਜੋੜਿਆ ਗਿਆ ਕਿ ਮੌਤ ਦੀ ਸਜ਼ਾ ਦੇਣ ਲਈ ਜੱਜਾਂ ਨੂੰ 'ਵਿਸ਼ੇਸ਼ ਕਾਰਨ' ਦੱਸਣੇ ਹੋਣਗੇ। 1980 'ਚ ਬਚਨ ਸਿੰਘ ਬਨਾਮ ਸਟੇਟ ਆਫ਼ ਪੰਜਾਬ 'ਚ ਸੁਪਰੀਮ ਕੋਰਟ 'ਚ ਰੇਅਰੈਸਟ ਆਫ ਰੇਅਰ ਦਾ ਸਿਧਾਂਤ ਲਾਗੂ ਕੀਤਾ ਅਤੇ 4:1 ਜੱਜਾਂ ਦੇ ਬਹੁਮਤ ਨਾਲ ਪਾਸ ਹੋਇਆ। ਇਸ 'ਚ ਸਮਾਜ ਦੇ 'ਕਲੈਕਟਿਵ ਕੋਸ਼ਨਸ' ਦੀ ਗੱਲ ਕਹੀ ਗਈ ਸੀ ਕਿ ਸਮਾਜ ਦੀ ਸਮੂਹਕ ਸੋਚ ਉਨ੍ਹਾਂ ਵਰਗੀ ਲੱਗੀ, ਜਿਨ੍ਹਾਂ ਕੋਲ ਨਿਆਂਇਕ ਅਧਿਕਾਰ ਹਨ - ਉਦੋਂ ਉਹ ਦੋਸ਼ੀ ਨੂੰ ਮੌਤ ਦੀ ਸਜ਼ਾ ਦੇਣ। ਉਦੋਂ ਉਹ ਰੇਅਰੈਸਟ ਆਫ ਰੇਅਰ ਹੋਵੇਗਾ। ਇਸ 'ਚ ਸੁਪਰੀਮ ਕੋਰਟ ਨੇ ਇਹ ਵੀ ਜੋੜਿਆ ਸੀ ਕਿ ਭਾਵੇਂ ਅਜਿਹਾ ਸੋਚਣ ਸਮੇਂ ਲੋਕ ਨਿੱਜੀ ਤੌਰ 'ਤੇ ਮੌਤ ਦੀ ਸਜ਼ਾ ਦੇ ਵਿਰੋਧੀ ਹੋਣ। ਮਤਲਬ ਵੱਡੇ ਪੱਧਰ 'ਤੇ ਸਮਾਜਿਕ ਪੈਮਾਨੇ ਨੂੰ ਧਿਆਨ 'ਚ ਰੱਖ ਕੇ ਹੀ ਫਾਂਸੀ ਦਿੱਤੀ ਜਾਵੇ, ਨਾ ਕਿ ਵਿਅਕਤੀਗਤ ਵਿਚਾਰ 'ਤੇ। ਇਹ ਜਾਨਣਾ ਜ਼ਰੂਰੀ ਹੋਵੇਗਾ ਕਿ ਮੁਹੰਮਦ ਅਜ਼ਮਲ ਕਸਾਬ, ਮੁਹੰਮਦ ਅਫਜ਼ਲ ਅਤੇ ਮੁਹੰਮਦ ਯਾਕੂਬ ਮੇਮਨ ਤਿੰਨਾਂ ਨੂੰ ਫਾਂਸੀ ਸੁਣਾਉਣ ਸਮੇਂ ਕਾਸ਼ਨਸ ਦਾ ਹੀ ਜ਼ਿਕਰ ਸੁਪਰੀਮ ਕੋਰਟ ਦੀ ਤਤਕਾਲੀਨ ਬੈਂਚਾਂ ਨੇ ਕੀਤਾ। ਪਰ ਇਹ ਤਿੰਨੇ ਅਤਿਵਾਦ ਦੀ ਸਰਹੱਦ 'ਚ ਸਪਸ਼ਟ ਆਉਂਦੇ ਹਨ, ਜੋ ਬਿਲਕੁਲ ਸਾਫ਼ ਸੀ। ਕੀ 59 ਲੋਕਾਂ ਨੂੰ ਪੂਰੀ ਤਿਆਰੀ ਨਾਲ, ਬੈਠਕ ਕਰਕੇ, ਪੈਟਰੋਲ ਖਰੀਦ ਕੇ, ਕੰਟੇਨਰ ਲਿਆ ਕੇ, ਟੀਮ ਬਣਾ ਕੇ, ਸਾਜ਼ਿਸ਼ ਨਾਲ ਜ਼ਿੰਦਾ ਸਾੜਨਾ ਅਤਿਵਾਦ ਨਹੀਂ ਹੈ? ਕਿ ਪਾਕਿਸਤਾਨ ਤੋਂ ਆਏ ਕਾਤਲ ਹੀ ਅਤਿਵਾਦੀ ਮੰਨੇ ਜਾਣਗੇ। ਜੇ ਅਜਿਹਾ ਹੈ ਤਾਂ ਇਸ 'ਚ ਵੀ 11 'ਚੋਂ 2 ਕਾਤਲ ਕਰਾਚੀ ਜਾ ਚੁੱਕੇ ਹਨ। ਇਕ ਕਾਲਤ ਤਾਂ ਹਰਕਤ-ਉਲ-ਜੇਹਾਦ ਜਾਂ ਅਜਿਹੇ ਹੀ ਅਜੀਬੋ-ਗਰੀਬ ਨਾਂ ਵਾਲੇ ਸੰਗਠਨ ਨਾਲ ਜੁੜੇ ਅਤਿਵਾਦੀ ਸਨ, ਜੋ ਬੰਗਲਾਦੇਸ਼ ਭੱਜ ਰਿਹਾ ਸੀ। ਪੱਛਮੀ ਬੰਗਾਲ 'ਚ ਗ੍ਰਿਫ਼ਤਾਰ ਕੀਤਾ ਗਿਆ। ਕੀ ਨਰੋੜਾ ਪਾਟਿਆ ਜਾਂ ਗੁਲਬਰਗ ਸੁਸਾਇਟੀ 'ਚ ਹੱਥ ਵੱਢਣਾ, ਖ਼ੂਨ-ਖਰਾਬਾ ਕਰਨਾ ਅਤਿਵਾਦ ਨਹੀਂ ਹੈ? ਸੁਪਰੀਮ ਕੋਰਟ ਨੂੰ 'ਰੇਅਰੈਸਟ ਆਫ ਰੇਅਰ' ਦੀ ਸਪਸ਼ਟ ਵਿਆਖਿਆ ਕਰਨੀ ਚਾਹੀਦੀ ਹੈ। ਅਤਿਵਾਦ ਦੀ ਵੀ। ਕਿਉਂਕਿ ਹਾਲੇ ਇਹ ਨਿਆਂ ਦੀ ਤਰ੍ਹਾਂ ਹੀ ਅਸਪਸ਼ਟ ਹੈ। ਪਿਛਲੇ ਦਿਨੀਂ ਸੁਪਰੀਮ ਕੋਰਟ 'ਚ ਇਕ ਪਿਤਾ ਦੇ ਨਾਂ 'ਤੇ ਇਕ ਜਾਨਵਰ ਦਾ ਕੇਸ ਆਇਆ, ਜਿਸ 'ਚ ਉਸ ਨੇ ਆਪਣੀ ਬੇਟੀ ਦੀ ਇੱਜ਼ਤ 'ਤੇ ਹਮਲਾ ਕੀਤਾ ਅਤੇ ਸੋਸ਼ਣ ਤੋਂ ਬਾਅਦ ਪਤਨੀ ਵੱਲੋਂ ਵਿਰੋਧ ਕਰਨ 'ਤੇ ਦੋਨਾਂ ਦੇ ਟੁਕੜੇ-ਟੁਕੜੇ ਕਰ ਦਿੱਤੇ। ਫਿਰ ਵੀ ਉਸ ਨੂੰ ਰੇਅਰੈਸਟ ਨਾ ਮੰਨਦਿਆਂ ਅਦਾਲਤ ਨੇ ਕਿਹਾ ਕਿ ਹਾਲੇ ਵੀ ਇਸ ਦੋਸ਼ੀ 'ਚ ਸੁਧਾਰ ਦੀ ਗੁੰਜਾਇਸ਼ ਹੈ। ਇਸ ਦੇ ਇਕ ਹਫ਼ਤੇ ਅੰਦਰ ਹੀ ਇਕ ਹੋਰ ਕੇਸ 'ਚ ਇਕ 7 ਸਾਲਾ ਬੱਚੇ ਦੇ ਕਾਲਤ ਨੂੰ ਰੇਅਰੈਸਟ ਕੇਸ ਦੱਸ ਕੇ ਫਾਂਸੀ ਸੁਣਾਈ। ਇਹ ਕਿਹਾ ਕਿ ਹਾਲਾਂਕਿ ਉਹ ਪਰਿਵਾਰ ਦਾ ਇਕਲੌਤਾ 'ਮੇਲ' ਬੱਚਾ ਸੀ, ਇਸ ਲਈ ਉਸ ਦੇ ਮਾਪਿਆਂ ਦੀ ਜ਼ਿੰਦਗੀ ਤਬਾਹ ਹੋ ਜਾਵੇਗੀ। ਅਜਿਹੇ ਸੈਂਕੜੇ ਮਾਮਲੇ ਹਨ। ਹਾਂ, ਫਾਂਸੀ ਸਿਰਫ ਸੁਣਾਈ ਜਾਂਦੀ ਹੈ। ਉਹ ਵੀ ਜ਼ਿਆਦਾਤਰ ਟ੍ਰਾਇਲ ਅਦਾਲਤ 'ਚ। ਆਮ ਧਾਰਨਾ ਦੇ ਉਲਟ ਟ੍ਰਾਇਲ ਕੋਰਟ ਸਭ ਤੋਂ ਭਰੋਸੇਮੰਦ ਹੁੰਦੀ ਹੈ, ਕਿਉਂਕਿ ਉਥੇ ਹਰ ਗਵਾਹ ਨੂੰ ਬੁਲਾਉਣਾ ਜ਼ਰੂਰੀ ਹੈ। ਹਰ ਸਬੂਤ ਨੂੰ ਜਾਂਚਨਾ ਜ਼ਰੂਰੀ ਹੈ ਅਤੇ ਹਰ ਹਾਲਾਤ ਦੀ ਸਚਾਈ ਬਾਰੇ ਪਤਾ ਲਗਾਇਆ ਜਾਂਦਾ ਹੈ। ਇਸ ਲਈ ਉਥੇ ਸੁਣਾਈ ਗਈ ਫਾਂਸੀ ਬਹੁਤ ਸੋਚ ਸਮਝ ਕੇ ਹੁੰਦੀ ਹੈ। ਹਮੇਸ਼ਾ ਨਿਆਂ ਹੋਵੇ ਇਹ ਅਸੰਭਵ ਹੈ। ਪਰ ਕਰਨਾ ਹੀ ਹੋਵੇਗਾ। ਕਿਉਂਕਿ ਨਿਆਂ ਹੀ ਹਰੇਕ ਮਨੁੱਖ ਨੂੰ ਇਹ ਵਿਸ਼ਵਾਸ ਦਿਵਾਉਂਦਾ ਹੈ ਕਿ ਉਹ ਕਿਸੇ ਤੋਂ ਛੋਟਾ ਜਾਂ ਕਮਜ਼ੋਰ ਨਹੀਂ ਹੈ, ਬਰਾਬਰ ਹੈ।

## ਬਰ੍ਹਮਾ ਦੀ ਲਾਮ ਦੇ ਪੈਨਸ਼ਨੀਏ ਤ੍ਰਿਲੋਕ ਸਿੰਘ ਦਾ ਸਦੀਵੀਂ ਵਿਛੋੜਾ

**ਸੈਨਹੋਜੇਤਰਲੋਚਨ ਸਿੰਘ ਦੁਪਾਲਪੁਰ:**

ਅੰਗਰੇਜ਼ਾਂ ਦੇ ਰਾਜ ਮੌਕੇ ਲੱਗੀ ਬਰ੍ਹਮਾ ਦੀ ਲਾਮ ਵਿਚ ਗਏ ਸ. ਤ੍ਰਿਲੋਕ ਸਿੰਘ ਸੇਅਕਾਲ ਚਲਾਨਾ ਕਰ ਗਏ। ਜ਼ਿਲ੍ਹਾ ਨਵਾਂ ਸ਼ਹਿਰ ਦੇ ਪਿੰਡ ਸੇਪੁਰ ਬਾਗ ਦੇ ਵਸਨੀਕ ਤ੍ਰਿਲੋਕ ਸਿੰਘ ਆਪਣੇ ਹੀ ਪਿੰਡ ਦੇ ਇਕ ਹੋਰ ਸਾਥੀ ਨਾਲ ਅੰਗਰੇਜ਼ੀ ਫੌਜ ਵਿਚ ਭਰਤੀ ਹੋ ਗਏ ਸਨ। ਇਨ੍ਹਾਂ ਦਾ ਸਾਥੀ ਤਾਂ ਜੰਗ ਵਿਚ ਲਾਪਤਾ ਹੀ ਹੋ ਗਿਆ ਸੀ ਪਰ ਜੰਗੀ ਮਸ਼ਕਾਂ ਦੌਰਾਨ ਇਨ੍ਹਾਂ ਦੀਆਂ ਅੱਖਾਂ ਨੁਕਸਾਨੀਆਂ ਗਈਆਂ ਹੋਣ ਕਾਰਨ, ਇਹ ਵੀ ਪੈਨਸ਼ਨ ਲੈ ਕੇ ਘਰ ਆ ਗਏ। ਬੀਤੇ 9 ਅਕਤੂਬਰ ਨੂੰ ਆਪਣਾ ਆਖਰੀ ਸਾਹ ਲੈਣ ਵਾਲੇ ਇਹ ਬਜ਼ੁਰਗ ਲਾਗ-ਪਾਸ ਦੇ ਪਿੰਡਾਂ ਵਿਚ ਸਭ ਤੋਂ ਵੱਡੀ ਉਮਰ ਵਾਲੇ ਸਨ। 13 ਅਪ੍ਰੈਲ 1918 ਨੂੰ ਪੈਦਾ ਹੋਏ ਸ੍ਰੀ ਸੇਖੂ ਪੁਰ, ਜੇ ਪੰਜ ਕੁ ਮਹੀਨੇ ਹੋਰ ਜੀਵਤ ਰਹਿੰਦੇ ਤਾਂ ਚੜ੍ਹਦੇ ਸਾਲ ਦੀ ਵਿਸਾਖੀ ਨੂੰ ਸੈਂਚਰੀ ਪੂਰੀ ਹੋ ਜਾਣੀ ਸੀ। ਗ੍ਰਹਿਸਤੀ ਜੀਵਨ ਵਿਚ ਵੀ ਪੂਰੇ ਫੌਜੀ ਡਸਿਪਲਨ ਨੂੰ ਪ੍ਰਣਾਏ ਰਹਿਣ ਵਾਲੇ ਇਹ ਬਜ਼ੁਰਗ ਪਿੰਡ ਦੇ ਪੰਚ, ਸਰਪੰਚ ਅਤੇ ਖਾਨਗੀ ਪੰਚਾਇਤ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ। ਸਮਾਂ ਪਿੰਡ ਹੀ ਬਤੀਤ ਕੀਤਾ।



ਸ. ਤ੍ਰਿਲੋਕ ਸਿੰਘ ਸੇਦੀ ਵਿਛੜੀ ਆਤਮਾ ਨਮਿੱਤ ਅੰਤਿਮ ਅਰਦਾਸ 16 ਅਕਤੂਬਰ ਨੂੰ ਨਵਾਂ ਸ਼ਹਿਰ ਵਿਖੇ ਕੀਤੀ ਗਈ।

## ਮਲਟੀਕਲਚਰਲ ਕਮੇਟੀ ਨੇ ਮਨਾਈ ਦੀਵਾਲੀ

**ਸੈਕਰਾਮੈਂਟੋ/ਬਿਊਰੋ ਨਿਊਜ਼:** ਰੌਸ਼ਨੀ ਦਾ ਤਿਉਹਾਰ ਅਤੇ ਬੰਦੀ ਛੋੜ ਦਿਵਸ ਐਲਕ ਗਰੋਵ ਦੀ ਮਲਟੀਕਲਚਰਲ ਕਮੇਟੀ ਵੱਲੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਐਲਕ ਗਰੋਵ ਸਿਟੀ ਦੇ ਚੈਂਬਰ ਵਿਖੇ ਹੋਏ ਇਸ ਸਮਾਗਮ ਵਿਚ ਸਿਟੀ ਦੇ ਮੇਅਰ, ਵਾਈਸ ਮੇਅਰ ਅਤੇ ਕੌਂਸਲ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਨ੍ਹਾਂ ਤੋਂ ਇਲਾਵਾ ਮਲਟੀਕਲਚਰ ਕਮੇਟੀ ਦੇ ਸਮੁੱਚੇ ਮੈਂਬਰ ਵੀ ਇਥੇ ਹਾਜ਼ਰ ਸਨ। ਇਸ ਦੌਰਾਨ ਸਥਾਨਕ ਕਲਾਕਾਰਾਂ ਵੱਲੋਂ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਇਕ ਛੋਟੇ ਬੱਚੇ ਨੇ ਬੰਦੀ ਛੋੜ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਮੇਅਰ ਸਟੀਵ ਲੀ ਨੇ ਦੀਵਾਲੀ ਦੇ ਸ਼ੁੱਭ ਮੌਕੇ 'ਤੇ ਵਧਾਈ ਦਿੱਤੀ। ਹੋਰਨਾਂ ਤੋਂ ਇਲਾਵਾ ਮਲਟੀਕਲਚਰ ਕਮੇਟੀ ਦੇ ਕਮਿਸ਼ਨ ਮੈਂਬਰ ਡਾ. ਭਾਵਿਨ ਪਾਰਖ, ਗੁਰਜਤਿੰਦਰ ਸਿੰਘ ਰੰਧਾਵਾ, ਮਹਿੰਦਰ ਸਿੰਘ, ਕ੍ਰਿਸ ਅਤੇ ਡਿਸਟ੍ਰਿਕ ਸਕੂਲ ਬੋਰਡ ਮੈਂਬਰ ਬੌਬੀ ਸਿੰਘ ਐਲਨ ਵੀ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਐਲਕ ਗਰੋਵ ਸਿਟੀ ਵੱਲੋਂ ਪਹਿਲੀ ਵਾਰ ਦੀਵਾਲੀ ਦਾ ਤਿਉਹਾਰ ਅਧਿਕਾਰਤ ਤੌਰ 'ਤੇ ਮਨਾਇਆ ਗਿਆ ਹੈ।

## ਵਿਦਿਆਰਥੀ ਆਗੂ ਕਨ੍ਹੱਈਆ ਕੁਮਾਰ ਅਤੇ 14 ਹੋਰਾਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਖਾਰਜ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇਐਨਯੂ) ਵਿਚ ਪਿਛਲੇ ਸਾਲ 9 ਫਰਵਰੀ ਨੂੰ ਹੋਏ ਵਿਵਾਦਤ ਸਮਾਗਮ ਲਈ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਕਨ੍ਹਈਆ ਕੁਮਾਰ ਸਮੇਤ 15 ਖ਼ਿਲਾਫ਼ ਯੂਨੀਵਰਸਿਟੀ ਵੱਲੋਂ ਕੀਤੀ ਗਈ ਅਨੁਸ਼ਾਸਨੀ ਕਾਰਵਾਈ ਨੂੰ ਦਿੱਲੀ ਹਾਈ ਕੋਰਟ ਨੇ ਖ਼ਾਰਜ ਕਰ ਦਿੱਤਾ ਹੈ। ਜਸਟਿਸ ਵੀ.ਕੇ. ਰਾਓ ਨੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਨੂੰ ਹਦਾਇਤ ਕੀਤੀ ਹੈ ਕਿ ਉਹ ਵਿਦਿਆਰਥੀਆਂ ਦਾ ਪੱਖ ਸੁਣੇ ਅਤੇ ਫਿਰ ਕੋਈ ਫ਼ੈਸਲਾ ਕਰੇ। ਅਦਾਲਤ ਨੇ ਜੇ.ਐਨ.ਯੂ. ਦੀ ਅਪੀਲ ਅਥਾਰਟੀ ਨੂੰ ਵਿਦਿਆਰਥੀਆਂ ਦਾ ਪੱਖ ਸੁਣ ਕੇ 6 ਹਫ਼ਤਿਆਂ ਵਿਚ ਜਾਇਜ਼ ਹੁਕਮ ਪਾਸ ਕਰਨ ਲਈ ਕਿਹਾ ਹੈ। ਵਿਦਿਆਰਥੀਆਂ, ਜਿਨ੍ਹਾਂ ਵਿਚ ਉਮਰ ਖਾਲਿਦ ਅਤੇ ਅਨਿਰਬਨ ਭੱਟਾਚਾਰੀਆ ਵੀ ਸ਼ਾਮਲ ਹਨ, ਨੂੰ ਅਨੁਸ਼ਾਸਨਹੀਣਤਾ ਦੇ ਲੱਗੇ ਦੋਸ਼ਾਂ ਖ਼ਿਲਾਫ਼ ਆਪਣਾ ਪੱਖ ਰੱਖਣ ਦਾ ਕੋਈ ਮੌਕਾ ਤਕ ਨਹੀਂ ਦਿੱਤਾ ਗਿਆ।



ਵਿਦਿਆਰਥੀਆਂ ਨੇ ਆਪਣੀਆਂ ਪਟੀਸ਼ਨਾਂ ਵਿਚ ਸਜ਼ਾਵਾਂ ਨੂੰ ਵੀ ਚੁਣੌਤੀ ਦਿੱਤੀ ਸੀ ਜਿਸ ਤਹਿਤ ਕੁਝ ਦੀ ਸਮੈਸਟਰਾਂ ਤੋਂ ਛੁੱਟੀ ਕਰ ਦਿੱਤੀ ਗਈ ਸੀ ਅਤੇ ਕਈਆਂ ਨੂੰ ਹੋਸਟਲ ਵਿਚੋਂ ਕੱਢ ਦਿੱਤਾ ਗਿਆ ਸੀ। ਯੂਨੀਵਰਸਿਟੀ ਨੇ ਉਮਰ ਨੂੰ ਇਸ ਸਾਲ ਦਸੰਬਰ ਤਕ ਅਤੇ ਭੱਟਾਚਾਰੀਆ ਨੂੰ ਪੰਜ ਸਾਲਾਂ ਲਈ ਯੂਨੀਵਰਸਿਟੀ ਵਿਚੋਂ ਕੱਢ ਦਿੱਤਾ ਸੀ।

# Sir Speedy Tustin® Printers to the Community

**Outdoor 3'x11' Promo Flag**
SUBWAY eat fresh. / OPEN 24 HOURS 7 ELEVEN / DRY CLEANER / LIQUOR / PIZZA
**Only $29/-**
Pole & Spike $55/-

**Outdoor 3'x6' Durable Banner**
GURU NANAK SIKH TEMPLE FAIRFIELD Visit Our Website: www.FairfieldGurudwara.com
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

**All Weather 18"x24" Yard Signs**
7 ELEVEN OPEN 24 HOURS / OPEN HOUSE! Welcome Century 21 Call Toll Free: 855 360-HOME
Includes H-stakes. Single sided, durable to sunlight and rain. Reusable!
**$49/- for 4**

**11" Printed Balloons**
ਲੱਖ ਲੱਖ ਵਧਾਈ
Printed with your logo and info. One color, one location. Min. qty 1000
**19¢ each**

**Your Printed T-Shirts**
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
**Only $4.99**

**Your Printed Caps**
YOUR LOGO HERE
1 color in 1 position. Min Qty. 100
**Only $4.99**

**Trip Envelopes** Qty 1000
DAILY TRIP ENVELOPE
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW

# ਮੱਧ-ਪੂਰਬ ਵਿਚ ਭਾਰਤ ਨੂੰ ਇਹਤਿਆਤ ਵਰਤਣ ਦੀ ਲੋੜ

**ਕੇ.ਸੀ. ਸਿੰਘ,**
ਲੇਖਕ ਭਾਰਤੀ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ।

**ਭਾਰਤ ਨੂੰ ਮੋਦੀ ਦੇ ਪਿਛਲੇ ਯੂਏਈ ਦੌਰੇ ਦੌਰਾਨ ਮੰਦਰ ਲਈ ਜ਼ਮੀਨ ਅਲਾਟ ਕਰਨ ਉੱਤੇ ਇੰਨਾ ਜ਼ਿਆਦਾ ਖ਼ੁਸ਼ ਹੋਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਸ਼ੇਖ਼ ਜ਼ਾਇਦ ਦਾ ਸਿਰਫ਼ ਨਾਟਕ ਹੈ। ਦਰਅਸਲ, ਜਿਹੜੀ ਜ਼ਮੀਨ ਹੁਣ ਮੰਦਰ ਦੀ ਉਸਾਰੀ ਲਈ ਦਾਨ ਕੀਤੀ ਵਿਖਾਈ ਗਈ ਹੈ, ਉਹ ਸਾਲ 2002 ਵਿਚ ਹੀ ਸ਼ੇਖ਼ ਜ਼ਾਇਦ ਨੇ ਚੁੱਪ-ਚੁਪੀਤੇ ਸ਼ਮਸ਼ਾਨਘਾਟ ਲਈ ਦੇ ਦਿੱਤੀ ਸੀ। ਸ਼ੇਖ਼ ਮੁਹੰਮਦ ਸਿਰਫ਼ ਆਪਣੇ ਪਿਤਾ ਦੀਆਂ ਸੰਜਮ ਨਾਲ ਅਤੇ ਸਭ ਨੂੰ ਆਪਣੇ ਨਾਲ ਲੈ ਕੇ ਅੱਗੇ ਵਧਣ ਦੀਆਂ ਨੀਤੀਆਂ 'ਤੇ ਚੱਲ ਰਹੇ ਹਨ ਅਤੇ ਉਹ ਪ੍ਰਧਾਨ ਮੰਤਰੀ ਮੋਦੀ ਜਾਂ ਭਾਰਤ ਲਈ ਕੋਈ ਖ਼ਾਸ ਉਪਰਾਲੇ ਨਹੀਂ ਕਰ ਰਹੇ।**



ਦੇਸ਼ ਦੀ ਰਾਜਧਾਨੀ ਵਿਚ ਬੈਠ ਕੇ ਭਾਰਤੀ ਵਿਦੇਸ਼ ਨੀਤੀ ਦਾ ਵਿਸ਼ਲੇਸ਼ਣ ਕਰਨਾ ਭਾਵੇਂ ਇਸ ਪੱਖੋਂ ਲਾਹੇਵੰਦਾ ਹੈ ਕਿ ਸਥਾਨਕ ਪੱਧਰ 'ਤੇ ਹੀ ਬਹੁਤ ਸਾਰੀ ਨਵੀਂ ਜਾਣਕਾਰੀ ਮਿਲ ਜਾਂਦੀ ਹੈ, ਫਿਰ ਵੀ ਇਸ ਦਾ ਬੱਝਵਾਂ ਪ੍ਰਭਾਵ ਦੂਰ-ਦੂਰ ਤਕ ਪੈਂਦਾ ਹੈ। ਦੁਬਈ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਸੱਦੇ 'ਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਵਿਚ ਏ.ਵੀ.ਐੱਸ.ਈ.ਸੀ. ਵਿਖੇ ਹਵਾਬਾਜ਼ੀ ਸੁਰੱਖਿਆ ਦੇ ਮਾਮਲੇ 'ਤੇ ਵਿਚਾਰ-ਵਟਾਂਦਰਾ ਕਰਨ ਲਈ ਹਰ 2 ਸਾਲਾਂ ਵਿਚ ਇੱਕ ਵਾਰ ਹੁੰਦੇ ਵਿਸ਼ਵ-ਪੱਧਰ ਦੀਆਂ ਸਬੰਧਤ ਏਜੰਸੀਆਂ ਤੇ ਸੰਗਠਨਾਂ ਦੇ ਪ੍ਰਤੀਨਿਧਾਂ ਦੇ ਇਕੱਠ ਵਿਚ ਕੁੰਜੀਵਤ ਭਾਸ਼ਣ ਦੇਣ ਵਾਸਤੇ ਮੈਨੂੰ ਤਿੰਨ ਦਿਨ ਦੁਬਈ ਵਿਚ ਰਹਿਣਾ ਪਿਆ। ਇਸ ਮੌਕੇ ਖਾੜੀ ਤੇ ਪੱਛਮੀ ਏਸ਼ੀਆ ਖੇਤਰ ਅਤੇ ਉਸ ਵਿਚ ਭਾਰਤ ਦੇ ਸਥਾਨ ਬਾਰੇ ਪੁਨਰ-ਮੁਲਾਂਕਣ ਕਰਨ ਦਾ ਮੌਕਾ ਮਿਲਿਆ।

ਪਹਿਲੀ ਗੱਲ ਤਾਂ ਇਹ ਕਿ ਸੁੰਨੀ-ਸ਼ੀਆ ਮੱਤਭੇਦ ਹੁਣ ਸੁੰਨੀ-ਸੁੰਨੀ ਦੁਫੇੜ ਵਿੱਚ ਤਬਦੀਲ ਹੋ ਗਏ ਹਨ ਕਿਉਂਕਿ ਤੁਰਕੀ ਹੁਣ ਸਾਊਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ ਖ਼ਿਲਾਫ਼ ਕਤਰ ਨਾਲ ਹੱਥ ਮਿਲਾ ਚੁੱਕਾ ਹੈ। ਇਸ ਦੁਫੇੜ ਕਾਰਨ ਕਤਰ ਦੀ ਅਰਥ-ਵਿਵਸਥਾ ਨੂੰ ਤਾਂ ਖੋਰਾ ਲੱਗ ਹੀ ਰਿਹਾ ਹੈ, ਇਸ ਦਾ ਮਾੜਾ ਅਸਰ ਸੰਯੁਕਤ ਅਰਬ ਦੇ ਅਰਥਚਾਰੇ 'ਤੇ ਵੀ ਪੈ ਰਿਹਾ ਹੈ। ਸਾਲ 2008 ਦੀ ਮੰਦਹਾਲੀ ਤੋਂ ਬਾਅਦ ਹੁਣ ਭਾਵੇਂ ਹਾਲਾਤ ਕੁਝ ਸੰਭਲ ਰਹੇ ਹਨ, ਫਿਰ ਵੀ ਦੁਬਈ ਵਿਚ ਜਾਇਦਾਦਾਂ ਦੀਆਂ ਕੀਮਤਾਂ ਡਿੱਗ ਗਈਆਂ ਹਨ। ਅਬੂ ਧਾਬੀ ਵਿਚ ਤੇਲ ਦੇ ਵੱਡੇ ਭੰਡਾਰ ਹੋਣ ਦੇ ਬਾਵਜੂਦ ਇਮਾਰਤੀ ਜਾਇਦਾਦ ਦੀ ਬਹੁਤਾਤ ਹੈ ਤੇ ਸਰਕਾਰ ਨੂੰ ਮਜਬੂਰਨ ਚੁਪ-ਚੁਪੀਤਿਆਂ 'ਕਿਰਾਏ ਲਈ ਖ਼ਾਲੀ' ਦੇ ਬੋਰਡ ਲਾਉਣੇ ਪੈ ਰਹੇ ਹਨ। ਸਾਊਦੀ ਅਰਬ ਵੱਲੋਂ ਯਮਨ ਵਿੱਚ ਦਖ਼ਲ ਦਾ ਮਾੜਾ ਅਸਰ ਹੁਣ ਸਾਊਦੀ ਸਰਕਾਰ ਦੀ ਵਿੱਤੀ ਹਾਲਤ ਅਤੇ ਲੋਕਾਂ 'ਤੇ ਪੈ ਰਿਹਾ ਹੈ। ਅਰਬੀ ਅਖ਼ਬਾਰ 'ਅਲ ਖ਼ਲੀਜ' ਨੇ 11 ਅਕਤੂਬਰ ਨੂੰ ਦੁਬਈ ਦੇ ਸ਼ਹਿਜ਼ਾਦੇ ਸ਼ੇਖ਼ ਮੁਹੰਮਦ ਬਿਨ ਜ਼ਾਇਦ ਵੱਲੋਂ 'ਸ਼ਹੀਦਾਂ' ਦੇ ਬੱਚਿਆਂ ਨੂੰ ਤਸੱਲੀ ਦਿੱਤੇ ਜਾਣ ਦੀਆਂ ਅਨੇਕ ਤਸਵੀਰਾਂ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਕੀਤੀਆਂ ਹਨ। ਸੰਯੁਕਤ ਅਰਬ ਅਮੀਰਾਤ ਦੇ ਫ਼ੌਜੀ ਹਵਾਈ ਜਹਾਜ਼ ਸਪਸ਼ਟ ਤੌਰ 'ਤੇ ਜ਼ਖ਼ਮੀ ਯਮਨ ਨਿਵਾਸੀਆਂ ਨੂੰ ਇਲਾਜ ਲਈ ਭਾਰਤੀ ਹਸਪਤਾਲਾਂ ਵਿਚ ਲਿਜਾ ਰਹੇ ਹਨ। ਅਬੂ ਧਾਬੀ ਵਿਚ ਰਹਿੰਦੇ ਇੱਕ ਭਾਰਤੀ ਵਪਾਰੀ ਨੇ ਚਾਪਲੂਸੀ ਰਾਹੀਂ ਮੁਨਾਫ਼ਾ ਕਮਾਉਣ ਦੀ ਚਾਲ ਚਲਦਿਆਂ ਉਨ੍ਹਾਂ ਨੂੰ ਦਿੱਲੀ ਦੇ ਉਨ੍ਹਾਂ ਹਸਪਤਾਲਾਂ ਵਿੱਚ ਦਾਖ਼ਲ ਕਰਵਾਉਣ ਲਈ ਕਿਹਾ ਹੈ, ਜਿਹੜੇ ਉਸ ਦੇ ਜਵਾਈ ਨੇ ਪਿੱਛੇ ਜਿਹੇ ਅਕਵਾਇਰ ਕੀਤੇ ਹਨ।

ਦੂਜੀ ਅਹਿਮ ਗੱਲ ਇਹ ਹੈ ਕਿ ਹਾਲ ਹੀ ਵਿੱਚ ਵਲੀ ਅਹਿਦ (ਯੁਵਰਾਜ) ਦੇ ਰੁਤਬੇ ਨਾਲ ਸ਼ਿੰਗਾਰੇ ਸਾਊਦੀ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਦੀ ਇਸ ਵੇਲੇ ਅਬੂ ਧਾਬੀ ਦੇ ਹਮਨਾਮ ਸ਼ਹਿਜ਼ਾਦੇ ਨਾਲ ਬਹੁਤ ਨੇੜਤਾ ਹੈ ਤੇ ਉਹ ਉਸੇ ਦੀ ਸਲਾਹ 'ਤੇ ਅਮਲ ਕਰਦਾ ਹੈ। ਇਹ ਗੱਲ ਆਧੁਨਿਕ ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਸਿਰਜਕ ਸ਼ੇਖ਼ ਜ਼ਾਇਦ ਦੀ ਪੁਰਾਣੀ ਵਿਆਖਿਆ ਤੋਂ ਐਨ ਉਲਟ ਹੈ ਕਿਉਂਕਿ ਉਨ੍ਹਾਂ ਨੇ ਅਲ-ਆਈਨ ਉੱਤੇ ਸਾਊਦੀ ਅਰਬ ਦੇ ਕਬਜ਼ੇ ਦਾ ਵਿਰੋਧ ਕੀਤਾ ਸੀ। ਦੋਵੇਂ ਵਾਰਸਾਂ ਵਿਚਾਲੇ ਇਹ ਨੇੜਤਾ ਸਾਲ 2011 ਵਿੱਚ ਉਭਰੀਆਂ ਉਨ੍ਹਾਂ ਅਰਬ ਬਗ਼ਾਵਤਾਂ ਕਾਰਨ ਪੈਦਾ ਹੋਈਆਂ ਸਾਂਝੀਆਂ ਚਿੰਤਾਵਾਂ ਕਰਕੇ ਬਣੀ ਹੈ, ਜੋ ਉਨ੍ਹਾਂ ਦੀਆਂ ਤਾਨਾਸ਼ਾਹੀ ਹਕੂਮਤਾਂ ਦਾ ਖ਼ਾਤਮਾ ਕਰਨ ਲਈ ਉੱਠੀਆਂ ਸਨ। ਇਹ ਨੇੜਤਾ ਹੋਰ ਵੀ ਵਧ ਗਈ ਸੀ, ਜਦੋਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਇਰਾਨ ਨਾਲ ਪਰਮਾਣੂ ਸਮਝੌਤਾ ਕੀਤੇ ਜਾਣ ਅਤੇ ਉਸ ਤੋਂ ਪਾਬੰਦੀਆਂ ਹਟਾਉਣ ਵਿਰੁੱਧ ਰੋਹ ਤੇ ਰੋਸ ਪੈਦਾ ਹੋਣ ਲੱਗਾ ਸੀ। ਓਬਾਮਾ ਨੇ ਅਜਿਹਾ ਸਮਝੌਤਾ ਸੀਰੀਆ-ਇਰਾਕ ਵਿਚ ਇਸਲਾਮਿਕ ਸਟੇਟ ਵਿਰੁੱਧ ਜੰਗ ਲੜਨ ਵਿਚ ਸਹੂਲਤ ਲਈ ਕੀਤਾ ਸੀ। ਇਨ੍ਹਾਂ ਸ਼ਹਿਜ਼ਾਦਿਆਂ ਨੇ ਉਦੋਂ ਹੀ ਇੱਕਜੁਟ ਹੋ ਕੇ ਟਰੰਪ ਟੀਮ ਨਾਲ ਵਿਚਾਰ-ਵਟਾਂਦਰੇ ਕਰਨੇ ਸ਼ੁਰੂ ਕਰ ਦਿੱਤੇ ਸਨ, ਜਦੋਂ ਹਾਲੇ ਟਰੰਪ ਨੇ ਅਹੁਦਾ ਵੀ ਨਹੀਂ ਸੀ ਸੰਭਾਲਿਆ। ਇਸੇ ਲਈ ਟਰੰਪ ਨੇ ਰਿਆਧ ਸਿਖ਼ਰ ਸੰਮੇਲਨ ਵਿਚ ਭਾਗ ਲੈਣ ਦਾ ਫ਼ੈਸਲਾ ਲਿਆ ਸੀ, ਜਿੱਥੇ ਉਨ੍ਹਾਂ ਨੇ ਓਬਾਮਾ ਦੇ ਉਸ ਇਰਾਨ ਸਿਧਾਂਤ ਨੂੰ ਪਲਟ ਦਿੱਤਾ ਸੀ, ਜਿਸ ਵਿੱਚ ਇਰਾਨ ਨੂੰ ਆਪਣਾ ਪੱਕਾ ਵਿਰੋਧੀ ਕਹਿਣ ਦੀ ਥਾਂ 'ਕਦੀ-ਕਦਾਈਂ ਕੰਮ ਆਉਣ ਵਾਲਾ ਭਾਈਵਾਲ' ਆਖਿਆ ਗਿਆ ਸੀ। ਇਸ ਸਟੈਂਡ-ਬਦਲੀ ਦੇ ਨਾਂਹ-ਪੱਖੀ ਨਤੀਜੇ ਹਾਲੇ ਤਕ ਸਾਹਮਣੇ ਆ ਰਹੇ ਹਨ।

ਤੀਜੇ, ਪਾਕਿਸਤਾਨ ਨੇ ਜਦੋਂ ਯਮਨ ਵਿਚ ਆਪਣੀਆਂ ਫ਼ੌਜਾਂ ਭੇਜਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਸੰਯੁਕਤ ਅਰਬ ਅਮੀਰਾਤ (ਯੂਏਈ) ਨੇ ਇਸ ਦਾ ਬੁਰਾ ਮਨਾਇਆ ਸੀ; ਕਿਉਂਕਿ ਉਸ ਦਾ ਮੰਨਣਾ ਸੀ ਕਿ ਨਵਾਜ਼ ਸ਼ਰੀਫ਼ ਉਸ ਦਾ ਕਰਜ਼ਦਾਰ ਹੈ। ਦਰਅਸਲ, 1999 ਵਿਚ ਜਦੋਂ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੇ ਰਾਜ-ਪਲਟਾ ਕੀਤਾ ਸੀ ਤਾਂ ਉਹ ਨਵਾਜ਼ ਸ਼ਰੀਫ਼ ਨੂੰ ਜੇਲ੍ਹ ਵਿਚ ਡੱਕ ਦੇਣਾ ਚਾਹੁੰਦੇ ਸਨ, ਪਰ ਉਦੋਂ ਸੰਕਟ ਦੀ ਉਸ ਘੜੀ ਵਿਚ ਯੂਏਈ ਨੇ ਸਾਊਦੀ ਅਰਬ ਨਾਲ ਮਿਲ ਕੇ ਉਸ ਮਾਮਲੇ ਵਿੱਚ ਦਖ਼ਲ ਦਿੱਤਾ ਸੀ ਤੇ ਨਵਾਜ਼ ਸ਼ਰੀਫ਼ ਨੂੰ ਜੇਲ੍ਹ ਦੀ ਥਾਂ ਦੇਸ਼-ਨਿਕਾਲ਼ੇ ਦੀ ਸਜ਼ਾ ਦਾ ਐਲਾਨ ਕਰਵਾਇਆ ਸੀ। ਭਾਰਤ ਸਰਕਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸੇ ਭਰਮ-ਨਿਵਾਰਣ ਨੂੰ ਸਾਊਦੀਆਂ ਤੇ ਅਮੀਰਾਤੀਆਂ ਨਾਲ ਸਬੰਧ ਮਜ਼ਬੂਤ ਕਰਨ ਲਈ ਵਰਤ ਰਹੇ ਹਨ। ਇਤਫਾਕਨ, ਮੁਸ਼ੱਰਫ਼ ਵੀ ਆਪਣਾ ਸਮਾਂ ਅਮੀਰਾਤ ਦੀਆਂ ਪਹਾੜੀਆਂ ਦੇ ਬਿਲਕੁਲ ਲਾਗੇ ਦੁਬਈ ਦੇ ਸ਼ਾਨਦਾਰ ਘਰ ਜਾਂ ਲੰਡਨ ਵਿਚ ਬਿਤਾਉਂਦੇ ਹਨ। ਅਜਿਹੀਆਂ ਕਨਸੋਆਂ ਵੀ ਹਨ ਕਿ ਪਾਕਿਸਤਾਨ ਨੂੰ ਉਸ ਦੇ ਸਾਬਕਾ ਭਾਈਵਾਲਾਂ ਤੋਂ ਅਲੱਗ-ਥਲੱਗ ਕਰਨ ਅਤੇ ਕੇਰਲਾ (ਜਿੱਥੇ ਭਾਜਪਾ ਕਿੰਨੇ ਚਿਰ ਤੋਂ ਆਪਣੀ ਸਿਆਸੀ ਪੈਂਠ ਕਾਇਮ ਕਰਨ ਦਾ ਯਤਨ ਕਰ ਰਹੀ ਹੈ) ਦੇ ਮਲਿਆਲੀਆਂ ਨੂੰ ਖ਼ੁਸ਼ ਕਰਨ ਲਈ ਮੋਦੀ ਅਗਲੇ ਸਾਲ ਦੇ ਆਰੰਭ ਵਿਚ ਹੀ ਸੰਯੁਕਤ ਅਰਬ ਅਮੀਰਾਤ ਜਾਣਗੇ। ਫਿਰ ਉਨ੍ਹਾਂ ਦਾ ਪ੍ਰਧਾਨ ਮੰਤਰੀ ਵਜੋਂ ਦੂਜਾ ਯੂਏਈ ਦੌਰਾ ਹੋਵੇਗਾ।

ਸਾਊਦੀ ਤੇ ਅਮੀਰਾਤੀ ਇਸ ਵੇਲੇ ਭਾਰਤ ਵਿਚ ਆਪਣਾ ਸਰਮਾਇਆ ਲਾਉਣ ਬਾਰੇ ਗੰਭੀਰਤਾਪੂਰਬਕ ਵਿਚਾਰ ਕਰ ਰਹੇ ਹਨ। ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਰਕਾਰੀ ਕੋਸ਼ 'ਅਬੂ ਧਾਬੀ ਇਨਵੈਸਟਮੈਂਟ ਅਥਾਰਟੀ' ਹੈ ਜਿਸ ਨੇ ਨਾਰਵੇ ਵਿਚ 10 ਖਰਬ ਡਾਲਰ ਅਤੇ ਚੀਨ ਵਿਚ 900 ਅਰਬ ਲਾਏ ਹੋਏ ਹਨ। ਭਾਰਤ ਇਸ ਅਥਾਰਟੀ ਨੂੰ ਪਿਛਲੇ ਲੰਮੇ ਸਮੇਂ ਤੋਂ ਖ਼ੁਸ਼ ਕਰਦਾ ਆ ਰਿਹਾ ਹੈ, ਪਰ ਭਾਰਤ ਵਿਚ ਹਾਲੇ ਵਿਦੇਸ਼ੀ ਨਿਵੇਸ਼ ਸਾਹਵੇਂ ਕੁਝ ਚੁਣੌਤੀਆਂ ਨੂੰ ਦੂਰ ਨਹੀਂ ਕਰ ਸਕਿਆ। ਜਦੋਂ ਸੰਯੁਕਤ ਅਰਬ ਅਮੀਰਾਤ ਨੇ ਆਪਣੀ ਵਿਸ਼ਾਲ ਦੂਰਸੰਚਾਰ ਕੰਪਨੀ 'ਏਤੀਸਲਾਤ' ਰਾਹੀਂ ਭਾਰਤ ਦੀ ਇੱਕ ਕੰਪਨੀ ਨਾਲ ਭਾਈਵਾਲੀ ਵਿੱਚ ਭਾਰੀ ਸਰਮਾਇਆ ਲਾਇਆ ਸੀ ਤਾਂ 2-ਜੀ ਸਪੈਕਟ੍ਰਮ ਘੁਟਾਲਾ ਵਾਪਰ ਗਿਆ ਸੀ। ਉਦੋਂ ਵਿਸ਼ੇਸ਼ ਮੰਤਵ ਦੇ ਵਾਹਨਾਂ ਰਾਹੀਂ ਉਹ ਭਾਰੀ ਸਰਮਾਇਆ ਭਾਰਤ ਵਿਚ ਲਿਆਉਣ ਦੇ ਯਤਨ ਤਾਂ ਬਹੁਤ ਕੀਤੇ ਗਏ ਸਨ, ਪਰ ਉਨ੍ਹਾਂ ਦਾ ਕੋਈ ਲਾਭ ਨਹੀਂ ਹੋਇਆ ਸੀ। ਹੁਣ ਇੱਕ ਅਜਿਹੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਦੋਵੇਂ ਧਿਰਾਂ ਦੀ ਤਸੱਲੀ ਹੋ ਸਕੇ। ਰੱਖਿਆ ਖੇਤਰ ਵਿੱਚ ਵੀ ਸਹਿਯੋਗ ਸੰਭਵ ਹੈ ਕਿਉਂਕਿ ਭਾਰਤ ਨੇ ਪੱਛਮੀ ਦੇਸ਼ਾਂ ਤੋਂ ਤਕਨਾਲੋਜੀ ਲਿਆਉਣ ਲਈ ਨਿੱਜੀ ਖੇਤਰ ਨੂੰ ਆਪਣਾ ਸਰਮਾਇਆ ਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਖਾੜੀ ਦੇਸ਼ਾਂ ਦੀ ਅਤਿ-ਆਧੁਨਿਕ ਉਪਕਰਣ ਹਾਸਲ ਕਰਨ ਦੀ ਇੱਛਾ ਅਤੇ ਭਾਰਤ 'ਚ ਪੁਰਾਣੇ ਮਾਲ ਦੀ ਮਾਰਕਿਟਿੰਗ ਵਿਚਾਲੇ ਪਾੜਾ ਘਟ ਗਿਆ ਹੈ।

ਸਾਊਦੀ ਅਰਾਮਕੋ ਦੇ ਸੀਈਓ ਨੇ ਇਹ ਆਖਦਿਆਂ ਨਵੀਂ ਪਹੁੰਚ ਅਪਨਾਉਣ ਦਾ ਸੰਕੇਤ ਦਿੱਤਾ ਹੈ ਕਿ ਉਹ ਭਾਰਤ ਵਿਚ 'ਭਾਰੀ ਸਰਮਾਇਆ' ਲਾਉਣ ਬਾਰੇ ਵਿਚਾਰ ਕਰ ਰਹੇ ਹਨ ਕਿਉਂਕਿ ਭਾਰਤ ਵਿਚ ਹੁਣ ਬਹੁਤੇ ਦੇਸ਼ ਆਪਣਾ ਧਨ ਨਿਵੇਸ਼ ਕਰਨਾ ਚਾਹੁੰਦੇ ਹਨ ਅਤੇ ਹੁਣ ਹੋਰ ਕੋਈ ਰਾਹ ਵੀ ਨਹੀਂ ਹੈ। ਭਾਰਤ ਹੁਣ ਆਪਣੀ ਖ਼ਰੀਦ ਦੇ ਆਧਾਰ ਵਿੱਚ ਵਿਭਿੰਨਤਾ ਲਿਆ ਰਿਹਾ ਹੈ ਕਿਉਂਕਿ ਅਮਰੀਕਾ ਤੋਂ ਕੱਚੇ ਤੇਲ ਦਾ ਪਹਿਲਾ ਮਾਲਵਾਹਕ ਸਮੁੰਦਰੀ ਜਹਾਜ਼ ਪੁੱਜ ਗਿਆ ਹੈ। ਖਾੜੀ ਦੇਸ਼ਾਂ ਦਾ ਤੇਲ ਉਦਯੋਗ ਹੁਣ ਅਮਰੀਕਾ ਨੂੰ ਕੋਈ ਖਪਤਕਾਰ ਦੇਸ਼ ਨਹੀਂ ਸਗੋਂ ਆਪਣੇ ਮੁਕਾਬਲੇ ਦਾ ਤੇਲ ਉਤਪਾਦਕ ਦੇਸ਼ ਮੰਨਦਾ ਹੈ ਤੇ ਇਹ ਉਦਯੋਗ ਹੁਣ ਭਾਰਤ ਤੇ ਚੀਨ ਵੱਲ ਆਪਣਾ ਮੋੜਾ ਕੱਟ ਰਿਹਾ ਹੈ। ਸਾਊਦੀ ਅਰਾਮਕੋ ਨੇ ਹਾਲ ਹੀ ਵਿੱਚ ਭਾਰਤ ਵਿਚ ਆਪਣਾ ਦਫ਼ਤਰ ਖੋਲ੍ਹਿਆ ਹੈ। ਸਾਊਦੀ ਬਾਦਸ਼ਾਹ ਸਲਮਾਨ ਰੂਸ ਜਾ ਕੇ ਆਏ ਹਨ। ਸਾਊਦੀ ਹੁਣ ਯਤਨ ਕਰ ਰਹੇ ਹਨ ਕਿ ਤੇਲ ਕੀਮਤਾਂ ਵਿੱਚ ਕੁਝ ਸੁਧਾਰ ਲਿਆਉਣ ਵਿੱਚ ਮਦਦ ਲਈ ਰੂਸ ਪਹਿਲਾਂ ਉਤਪਾਦਨ ਕਟੌਤੀਆਂ ਬਾਰੇ ਕੀਤੇ ਆਪਣੇ ਸਮਝੌਤੇ ਦੀ ਮਿਆਦ ਨੂੰ ਅੱਗੇ ਵਧਾਉਣ ਲਈ ਸਹਿਮਤ ਹੋ ਜਾਵੇ। ਪਰ ਕਤਰ ਤੇ ਇਰਾਨ ਵਿਚਾਲੇ ਪਿਆ ਦੁਫਾੜ ਓਪੇਕ ਦੀ ਕਿਸੇ ਨੀਤੀ ਨੂੰ ਅਮਰੀਕਾ ਦੇ ਸ਼ੇਲ ਗੈਸ ਤੇ ਤੇਲ ਉਤਪਾਦਨ ਵਾਂਗ ਪ੍ਰਭਾਵਿਤ ਕਰਦਾ ਹੈ।

ਸ਼ੇਖ਼ ਜ਼ਾਇਦ ਨੇ ਇੱਕ ਵਾਰ ਆਪਣੇ ਕੋਲ ਪੁੱਜੇ ਭਾਰਤ ਦੇ ਇੱਕ ਮੰਤਰੀ ਨੂੰ ਉਸ ਅਰਬੀ ਆਜੜੀ ਦੀ ਕਹਾਣੀ ਸੁਣਾਈ ਸੀ ਜਿਸ ਦੀ ਹਰ ਹਫ਼ਤੇ ਇੱਕ ਭੇਡ ਨੂੰ ਭੇੜੀਏ ਖਾ ਜਾਂਦੇ ਸਨ ਤਾਂ ਉਸ ਆਜੜੀ ਨੂੰ ਕੁੱਤੇ ਪਾਲਣ ਦੀ ਸਲਾਹ ਦਿੱਤੀ ਗਈ ਸੀ। ਪਰ ਉਸ ਆਜੜੀ ਨੇ ਵੇਖਿਆ ਕਿ ਉਨ੍ਹਾਂ ਕੁੱਤਿਆਂ ਨੂੰ ਭੋਜਨ ਦੇਣ ਲਈ ਉਨ੍ਹਾਂ ਨੂੰ ਇੱਕ ਭੇਡ ਮਾਰਨੀ ਪੈਂਦੀ ਸੀ। ਇਸ ਮਾਮਲੇ ਵਿੱਚ ਭੇੜੀਆ ਅਮਰੀਕਾ ਹੈ ਜੋ ਚਾਈਂ-ਚਾਈਂ ਦੋਵੇਂ ਧਿਰਾਂ ਨੂੰ ਆਪਣੇ ਨਵੇਂ ਹਥਿਆਰ ਵੇਚ ਰਿਹਾ ਹੈ ਅਤੇ ਉੱਧਰ ਇਰਾਨ ਸਾਹਮਣੇ ਵੀ ਆਪਣੀਆਂ ਮਨਮਰਜ਼ੀਆਂ ਕਰ ਰਿਹਾ ਹੈ। ਭਾਰਤ ਨੂੰ ਇਹ ਸਮਝਣਾ ਹੋਵੇਗਾ ਕਿ ਸੰਯੁਕਤ ਅਰਬ ਅਮੀਰਾਤ ਤੇ ਸਾਊਦੀ ਅਰਬ ਨਾਲ ਬਹੁਤ ਜ਼ਿਆਦਾ ਨੇੜਤਾ ਰੱਖੇ ਜਾਣ ਕਾਰਨ ਉਸ ਨੂੰ ਇਰਾਨ ਤੇ ਕਤਰ ਨਾਲ ਸਬੰਧ ਮਜ਼ਬੂਤ ਕਰਨ ਵਿੱਚ ਗੁੰਝਲਾਂ ਪੈਦਾ ਹੋ ਜਾਣਗੀਆਂ। ਭਾਰਤ ਨੂੰ ਮੋਦੀ ਦੇ ਪਿਛਲੇ ਯੂਏਈ ਦੌਰੇ ਦੌਰਾਨ ਮੰਦਰ ਲਈ ਜ਼ਮੀਨ ਅਲਾਟ ਕਰਨ ਉੱਤੇ ਇੰਨਾ ਜ਼ਿਆਦਾ ਖ਼ੁਸ਼ ਹੋਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਸ਼ੇਖ਼ ਜ਼ਾਇਦ ਦਾ ਸਿਰਫ਼ ਨਾਟਕ ਹੈ। ਦਰਅਸਲ, ਜਿਹੜੀ ਜ਼ਮੀਨ ਹੁਣ ਮੰਦਰ ਦੀ ਉਸਾਰੀ ਲਈ ਦਾਨ ਕੀਤੀ ਵਿਖਾਈ ਗਈ ਹੈ, ਉਹ ਸਾਲ 2002 ਵਿਚ ਹੀ ਸ਼ੇਖ਼ ਜ਼ਾਇਦ ਨੇ ਚੁੱਪ-ਚੁਪੀਤੇ ਸ਼ਮਸ਼ਾਨਘਾਟ ਲਈ ਦੇ ਦਿੱਤੀ ਸੀ। ਸ਼ੇਖ਼ ਮੁਹੰਮਦ ਸਿਰਫ਼ ਆਪਣੇ ਪਿਤਾ ਦੀਆਂ ਸੰਜਮ ਨਾਲ ਅਤੇ ਸਭ ਨੂੰ ਆਪਣੇ ਨਾਲ ਲੈ ਕੇ ਅੱਗੇ ਵਧਣ ਦੀਆਂ ਨੀਤੀਆਂ 'ਤੇ ਚੱਲ ਰਹੇ ਹਨ ਅਤੇ ਉਹ ਪ੍ਰਧਾਨ ਮੰਤਰੀ ਮੋਦੀ ਜਾਂ ਭਾਰਤ ਲਈ ਕੋਈ ਖ਼ਾਸ ਉਪਰਾਲੇ ਨਹੀਂ ਕਰ ਰਹੇ।

ਸਾਊਦੀ-ਅਮੀਰਾਤੀ ਗਠਜੋੜ ਦੀ ਪਹਿਲੀ ਪਰਖ ਤਾਂ ਉਦੋਂ ਹੀ ਹੋ ਜਾਣੀ ਹੈ, ਜਦੋਂ ਯਮਨ ਦੀ ਜੰਗ ਦੇ ਨਤੀਜੇ ਸਾਹਮਣੇ ਆਉਣਗੇ। ਇਰਾਨ ਨੂੰ ਚੋਗਾ ਪਾਉਣ ਲਈ ਟਰੰਪ ਦੀ ਵਰਤੋਂ ਕਰਨ ਨਾਲ ਮਾਮਲੇ ਵਿਗੜ ਜਾਣਗੇ। ਸਾਊਦੀ ਅਰਬ ਵਿਚ ਵਾਰਸ ਦੀ ਚੋਣ ਹਾਲੇ ਹੋਣੀ ਹੈ, ਭਾਵੇਂ ਸੰਯੁਕਤ ਅਰਬ ਅਮੀਰਾਤ ਵੱਲੋਂ ਸ਼ਹਿਜ਼ਾਦਾ ਮੁਹੰਮਦ ਬਿਨ ਸਲਮਾਨ ਦੀ ਹਮਾਇਤ ਕੀਤੀ ਜਾ ਰਹੀ ਹੈ। ਦੁਬਈ ਦੇ ਹੁਕਮਰਾਨ ਸ਼ੇਖ਼ ਮੁਹੰਮਦ ਬਿਨ ਰਾਸ਼ਿਦ ਇਸ ਵੇਲੇ ਚੁੱਪਚਾਪ ਆਪਣੇ ਸ਼ਹਿਰ ਨੂੰ ਜੋੜਨ ਵਾਲੇ ਰਸਤਿਆਂ ਵਿੱਚ ਕਟੌਤੀ ਕਾਰਨ ਪੈਣ ਵਾਲੇ ਅਸਰ ਨੂੰ ਧਿਆਨ ਨਾਲ ਵਾਚ ਰਹੇ ਹਨ। ਉਨ੍ਹਾਂ ਵਿੱਚ ਪਰਪੱਕਤਾ ਹੈ ਅਤੇ ਸੰਯੁਕਤ ਅਰਬ ਅਮੀਰਾਤ ਦੇ ਬਾਨੀ ਭਾਵ ਆਪਣੇ ਪਿਤਾ ਤੇ ਸ਼ੇਖ਼ ਜ਼ਾਇਦ ਜਿਹੀ ਚੁਸਤੀ ਹੈ।

ਅਬੂ ਧਾਬੀ ਤੇ ਰਿਆਧ ਦੇ ਇਨ੍ਹਾਂ ਦੋ ਮੁਹੰਮਦਾਂ ਨੇ ਆਪਣੀ ਸ਼ਕਤੀ ਦੀ ਕੁਝ ਵਧੇਰੇ ਹੀ ਵਰਤੋਂ ਕਰ ਲਈ ਹੈ ਅਤੇ ਇਸ ਖੇਤਰ ਨੂੰ ਹਾਲੇ ਉਸ ਹਾਲਤ ਵਿੱਚੋਂ ਬਾਹਰ ਨਿਕਲਣ ਦੀ ਉਡੀਕ ਹੈ। ਇਸ ਦੌਰਾਨ ਭੇੜੀਆ ਲਗਾਤਾਰ ਹੁਆਂਕ ਰਿਹਾ ਹੈ, ਉਸ ਨੂੰ ਇਸ ਗੱਲ ਦੀ ਕੋਈ ਫ਼ਿਕਰ ਨਹੀਂ ਹੈ ਕਿ ਇੰਜ ਅਨਿਸ਼ਚਤਤਾ ਫੈਲ ਸਕਦੀ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਜ਼ਰੂਰ ਹੀ 'ਖੁੱਲ੍ਹ ਕੇ ਜੱਫੀਆਂ' ਪਾ ਕੇ ਯਾਤਰਾ ਆਰੰਭਣ ਤੋਂ ਪਹਿਲਾਂ ਅਜਿਹੀਆਂ ਸਾਰੀਆਂ ਗੁੰਝਲਾਂ 'ਤੇ ਵਿਚਾਰ ਕਰ ਲੈਣਾ ਚਾਹੀਦਾ ਹੈ।

('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)



# ਸੁਖਬੀਰ ਤੇ ਮਜੀਠੀਆ ਦਾ ਧੂੰਆਂਧਾਰ ਪ੍ਰਚਾਰ ਵੀ ਰਿਹਾ ਬੇਅਸਰ, ਆਪਣੇ ਹੀ ਹਲਕੇ 'ਚ ਸਲਾਰੀਆ ਨੂੰ ਵੱਡਾ ਰਗੜਾ

**ਬਟਾਲਾ/ਬਿਊਰੋ ਨਿਊਜ਼ :**
ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਸਮੇਤ ਹੋਰ ਸੀਨੀਅਰ ਲੀਡਰਸ਼ਿਪ ਵੱਲੋਂ ਵੱਖ ਵੱਖ ਹਲਕਿਆਂ ਵਿੱਚ ਅਕਾਲੀ-ਭਾਜਪਾ ਉਮੀਦਵਾਰ ਸਵਰਨ ਸਲਾਰੀਆ ਦੇ ਹੱਕ ਵਿੱਚ ਕੀਤੇ ਧੂੰਆਂਧਾਰ ਪ੍ਰਚਾਰ ਦਾ ਅਸਰ ਵੋਟਰਾਂ ਨੇ ਬੇਅਸਰ ਕਰ ਦਿੱਤਾ। ਸ੍ਰੀ ਬਾਦਲ ਅਤੇ ਮਜੀਠੀਆ ਹਲਕੇ ਵਿੱਚ ਲਗਪਗ ਹਫ਼ਤੇ ਭਰ ਤੋਂ ਉਪਰ ਰਹੇ।

ਹੈਰਾਨੀ ਦੀ ਗੱਲ ਇਹ ਰਹੀ ਕਿ ਸ੍ਰੀ ਬਾਦਲ ਨੇ ਜਿਸ ਹਲਕੇ ਡੇਰਾ ਬਾਬਾ ਨਾਨਕ ਤੋਂ ਮਜੀਠੀਆ ਨੂੰ ਕਮਾਨ ਦਿੱਤੀ ਸੀ, ਉਸ ਹਲਕੇ ਵਿੱਚ ਸ੍ਰੀ ਸਲਾਰੀਆ ਨੂੰ ਸਭ ਤੋਂ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਹਲਕੇ ਤੋਂ ਕਾਂਗਰਸ ਦੇ ਸੁਨੀਲ ਜਾਖੜ ਨੇ 44074 ਵੋਟਾਂ ਨਾਲ ਸਲਾਰੀਆ ਨੂੰ ਪਛਾੜਿਆ। ਵਿਧਾਨ ਸਭਾ ਚੋਣਾਂ ਵਿੱਚ ਇਸ ਹਲਕੇ ਤੋਂ ਕਾਂਗਰਸ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਕੁਝ ਮਹੀਨੇ ਪਹਿਲਾਂ 1130 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ।

ਹਲਕਾ ਫ਼ਤਹਿਗੜ੍ਹ ਚੂੜੀਆਂ ਤੋਂ ਸ੍ਰੀ ਜਾਖੜ ਨੇ 32296 ਵੋਟਾਂ ਦੀ ਲੀਡ ਲਈ। ਇਸ ਹਲਕੇ ਤੋਂ ਅਕਾਲੀ ਦਲ ਦੇ ਸਾਬਕਾ ਮੰਤਰੀ ਨਿਰਮਲ ਸਿੰਘ ਕਾਹਲੋਂ ਨੂੰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕੁਝ ਮਹੀਨੇ ਪਹਿਲਾਂ ਹੀ ਮਹਿਜ਼ ਦੋ ਹਜ਼ਾਰ ਤੋਂ ਘੱਟ ਵੋਟਾਂ ਨਾਲ ਹਰਾਇਆ ਸੀ। ਸ੍ਰੀ ਸੁਖਬੀਰ ਸਿੰਘ ਬਾਦਲ ਅਤੇ ਮਜੀਠੀਆ ਨੇ ਇਨ੍ਹਾਂ ਦੋਵਾਂ ਹਲਕਿਆਂ ਵਿੱਚ ਅੱਧੀ ਦਰਜਨ ਤੋਂ ਵੱਧ ਜਨਤਕ ਸਭਾਵਾਂ ਨੂੰ ਸੰਬੋਧਨ ਕੀਤਾ ਸੀ।

**ਕਵਿਤਾ ਖੰਨਾ ਨੇ ਪ੍ਰਗਟਾਈ ਨਿਰਾਸ਼ਾ :**
ਪਠਾਨਕੋਟ : ਗੁਰਦਾਸਪੁਰ ਦੇ ਮਰਹੂਮ ਸੰਸਦ ਮੈਂਬਰ ਤੇ ਭਾਜਪਾ ਆਗੂ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਨੇ ਜ਼ਿਮਨੀ ਚੋਣ ਦੇ ਨਤੀਜੇ 'ਤੇ ਨਿਰਾਸ਼ਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਤੀ ਵਿਨੋਦ ਖੰਨਾ ਨੇ ਗੁਰਦਾਸਪੁਰ ਚੋਣ ਜਿੱਤ ਕੇ ਕਾਂਗਰਸ ਦੇ ਗੜ੍ਹ ਨੂੰ ਤੋੜਿਆ ਸੀ ਅਤੇ ਭਾਜਪਾ ਦਾ ਗੜ੍ਹ ਬਣਾਇਆ ਸੀ। ਵਿਨੋਦ ਖੰਨਾ ਨੇ 20 ਸਾਲ ਗੁਰਦਾਸਪੁਰ ਹਲਕੇ ਦੀ ਸੇਵਾ ਕੀਤੀ ਤੇ ਹਲਕੇ ਨੂੰ ਆਪਣਾ ਪੁੱਤ ਮੰਨਿਆ ਸੀ। ਹੁਣ ਇਸ ਹਲਕੇ ਵਿੱਚ ਕਾਂਗਰਸ ਦਾ ਜਿੱਤਣਾ ਨਿਰਾਸ਼ਾਜਨਕ ਹੈ। ਕਵਿਤਾ ਖੰਨਾ ਨੇ ਭਾਜਪਾ ਆਗੂਆਂ ਤੇ ਵਰਕਰਾਂ ਨੂੰ ਕਿਹਾ ਕਿ ਹੁਣ ਸਾਰਿਆਂ ਨੂੰ ਮਿਲ ਜੁਲ ਕੇ ਕੰਮ ਕਰਨਾ ਪਵੇਗਾ ਤੇ ਪਾਰਟੀ ਨੂੰ ਪਹਿਲਾਂ ਵਾਂਗ ਮਜ਼ਬੂਤ ਕਰਨ ਲਈ ਸਖ਼ਤ ਮਿਹਨਤ ਕਰਨੀ ਪਵੇਗੀ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਹੁਣ ਇਸ ਗੱਲ ਦਾ ਕੋਈ ਮਤਲਬ ਨਹੀਂ ਕਿ ਟਿਕਟ ਉਨ੍ਹਾਂ (ਕਵਿਤਾ ਖੰਨਾ) ਨੂੰ ਦਿੱਤੀ ਹੁੰਦੀ ਤਾਂ ਚੋਣ ਨਤੀਜਾ ਕੀ ਹੁੰਦਾ। ਸਿਹਤ ਠੀਕ ਨਾ ਹੋਣ ਕਾਰਨ ਉਹ ਪਿਛਲੇ ਕਈ ਦਿਨਾਂ ਤੋਂ ਪਠਾਨਕੋਟ ਨਹੀਂ ਆਏ।

# ਅਮਰੀਕਾ, ਬੰਦੂਕ ਸੱਭਿਆਚਾਰ ਅਤੇ ਹਿੰਸਾ

**ਬਰਾਕ ਓਬਾਮਾ ਨੇ ਇਹ ਗੱਲ ਸਪਸ਼ਟ ਰੂਪ ਵਿੱਚ ਸਵੀਕਾਰ ਕਰ ਲਈ ਸੀ ਕਿ ਬੰਦੂਕਾਂ ਦੇ ਵਪਾਰੀਆਂ ਦੀ ਲੌਬੀ ਦੇ ਸਾਹਮਣੇ ਉਹਦੀ ਵੀ ਕੋਈ ਪੇਸ਼ ਨਹੀਂ ਜਾਂਦੀ। ਲੋਕਾਂ ਵਿੱਚ ਵਿਆਪਤ ਰੋਹ ਨੂੰ ਵੇਖਦਿਆਂ ਓਬਾਮਾ ਨੇ ਇਕਦਮ ਹੱਥ ਨਹੀਂ ਸਨ ਖੜ੍ਹੇ ਕਰ ਦਿੱਤੇ। ਉਨ੍ਹਾਂ ਨੇ ਕੋਸ਼ਿਸ਼ ਜ਼ਰੂਰ ਕੀਤੀ ਅਤੇ ਹਥਿਆਰਾਂ ’ਤੇ ਨਿਯੰਤਰਣ ਲਈ ਇਹ ਸੁਝਾਅ ਦਿੱਤੇ ਕਿ ਖ਼ਰੀਦਦਾਰ ਦੇ ਪਿਛੋਕੜ ਬਾਰੇ ਸਖ਼ਤੀ ਨਾਲ ਜਾਂਚ ਕੀਤੀ ਜਾਵੇ ਅਤੇ ਅਸਾਲਟ ਰਾਈਫਲਾਂ ਸਮੇਤ ਤਮਾਮ ਘਾਤਕ ਹਥਿਆਰਾਂ, ਵੱਡੀਆਂ ਕਾਰਤੂਸ ਮੈਗਜ਼ੀਨਾਂ ਅਤੇ ਅਸਲੇ ਨੂੰ ਵੇਚਣ ’ਤੇ ਪਾਬੰਦੀ ਲਾਈ ਜਾਵੇ। ਪਰ ਓਬਾਮਾ ਦੀ ਇੱਕ ਨਾ ਚੱਲੀ। ਬੰਦੂਕ ਸਭਿਆਚਾਰ ਵਿਰੋਧੀ ਬੁੱਧੀਜੀਵੀਆਂ ਦਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਇਹ ਤਾਕਤਵਰ ਲੌਬੀ ਬੰਦੂਕ-ਕੰਟਰੋਲ ਦਾ ਕੋਈ ਕਾਨੂੰਨ ਪਾਸ ਨਹੀਂ ਹੋਣ ਦਿੰਦੀ। ਉਨ੍ਹਾਂ ਵਿੱਚ ਕਿਸੇ ਵੀ ਦੇਸ਼ ਦਾ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਦਲ ਦੇਣ ਦੀ ਕੂਵੱਤ ਹੁੰਦੀ ਹੈ।**



**ਦੇਵੇਂਦ੍ਰ ਪਾਲ**
(ਮੋਬਾਈਲ : 95305-14520)

ਇਹ ਕਿਸੇ ਫਿਲਮ ਦਾ ਦ੍ਰਿਸ਼ ਨਹੀਂ ਸੀ। ਇਹ ਕਤਲੇਆਮ ਸੱਚਮੁਚ ਹੋਇਆ ਸੀ ਤੇ ਇਸ ਨੂੰ ਹਜ਼ਾਰਾਂ ਲੋਕਾਂ ਨੇ ਆਪਣੇ ਅੱਖੀਂ ਵੇਖਿਆ ਸੀ। ਲਾਸ ਵੈਗਸ ਦੇ ਇੱਕ ਸੰਗੀਤ ਸਮਾਰੋਹ ਵਿਚ ਸ਼ਾਮਲ ਹੋ ਕੇ ਖ਼ੁਸ਼ੀਆਂ ਮਨਾ ਰਹੇ 60 ਲੋਕਾਂ ਨੂੰ 64 ਸਾਲਾਂ ਦੇ ਸਟੀਫ਼ਨ ਪੈਡੋਕ ਨਾਂ ਦੇ ਇੱਕ ਸਿਰਫਿਰੇ ਨੇ ਬੜੀ ਬੇਰਹਿਮੀ ਨਾਲ ਗੋਲੀਆਂ ਮਾਰ ਕੇ ਭੁੰਨ ਦਿੱਤਾ ਅਤੇ ਹੋਰ 500 ਤੋਂ ਵੱਧ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ। ਫਿਰ ਜਦੋਂ ਉਹਨੇ ਵੇਖਿਆ ਕਿ ਪੁਲੀਸ ਨੇ ਉਹਨੂੰ ਚਾਰੇ ਪਾਸਿਓਂ ਘੇਰ ਲਿਆ ਹੈ ਤਾਂ ਉਹਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਹਮਲਾਵਰ ਬਾਰੇ ਬਿਨਾਂ ਕਿਸੇ ਜਾਣਕਾਰੀ ਹੋਣ ਦੇ, ਅਮਰੀਕਾ ਦੇ ਰੱਖਿਆ ਮੰਤਰਾਲੇ ਦੇ ਇੱਕ ਸਾਬਕਾ ਅਧਿਕਾਰੀ ਨੇ ਬਿਆਨ ਦਾਗ ਦਿੱਤਾ ਕਿ ਕਤਰ, ਤੁਰਕੀ ਤੇ ਪਾਕਿਸਤਾਨ ਨੂੰ ਹੁਣ ਅਤਿਵਾਦੀ ਸਟੇਟ ਐਲਾਨ ਦਿੱਤਾ ਜਾਣਾ ਚਾਹੀਦਾ ਹੈ। ਅਤਿਵਾਦੀ ਸੰਗਠਨ ਆਈਐਸ ਨੇ ਪਹਿਲਾਂ ਤਾਂ ਇਸ ਵਾਰਦਾਤ ਜ਼ਿੰਮੇਵਾਰੀ ਲੈ ਲਈ ਸੀ ਪਰ ਅਮਰੀਕੀ ਖੁਫੀਆ ਏਜੰਸੀ ਐਫ਼ਬੀਆਈ ਨੇ ਇਸ ਦਾਅਵੇ ਨੂੰ ਨਕਾਰ ਦਿੱਤਾ। ਹਮਲੇ ਵਾਲੀ ਜਗ੍ਹਾ ਤੋਂ ਹਥਿਆਰਾਂ ਦਾ ਜ਼ਖ਼ੀਰਾ ਮਿਲਣਾ ਤੇ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਦਾ ਮਾਰਿਆ ਜਾਣਾ ਕਈ ਸਵਾਲ ਖੜ੍ਹੇ ਕਰਦਾ ਹੈ। ਅਮਰੀਕਾ ਤੋਂ ਅਜਿਹੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਕਿ ਕਿਸੇ ਸਨਕੀ ਨੇ ਬੇਵਜ੍ਹਾ ਗੋਲੀਆਂ ਚਲਾਈਆਂ ਤੇ ਕਈ ਲੋਕ ਮਾਰੇ ਗਏ। ਸਕੂਲ-ਕਾਲਜ, ਹੋਟਲ, ਸ਼ੌਪਿੰਗ ਸੈਂਟਰ, ਨਾਈਟ ਕਲੱਬ ਵਰਗੀ ਕਿਸੇ ਵੀ ਜਨਤਕ ਜਗ੍ਹਾ ’ਤੇ ਇਹੋ ਜਿਹੀ ਵਾਰਦਾਤ ਹੋ ਜਾਂਦੀ ਹੈ ਤੇ ਹਮਲਾਵਰ ਬੱਚਾ ਜਾਂ ਬੁੱਢਾ- ਕਿਸੇ ਵੀ ਉਮਰ ਦਾ ਹੋ ਸਕਦਾ ਹੈ। ਦੁਨੀਆ ਭਰ ਵਿੱਚ ਅਜਿਹੀ ਵਾਰਦਾਤ ’ਤੇ ਅਫਸੋਸ ਜਤਾਇਆ ਜਾਂਦਾ ਹੈ। ਅਮਰੀਕੀ ਰਾਸ਼ਟਰਪਤੀ ਵੱਲੋਂ ਬੜਾ ਹੀ ਭਾਵੁਕਤਾ ਭਰਿਆ ਬਿਆਨ ਤਰੌਂਕਿਆ ਜਾਂਦਾ ਹੈ। ਮੀਡੀਆ ਦੇ ਨਾਲ-ਨਾਲ ਹਥਿਆਰ ਲੌਬੀ ਸਰਗਰਮ ਹੋ ਜਾਂਦੀ ਹੈ। ਆਮ ਲੋਕਾਂ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਹਥਿਆਰਾਂ ’ਤੇ ਪਾਬੰਦੀ ਜਾਂ ਕੰਟਰੋਲ ਨੂੰ ਲੈ ਕੇ ਮੁਜ਼ਾਹਰੇ ਤੇ ਬਹਿਸਾਂ ਹੁੰਦੀਆਂ ਜੋ ਹੌਲੀ-ਹੌਲੀ ਸਮਾਂ ਪਾ ਕੇ ਦੁੱਧ ਦੀ ਝੱਗ ਵਾਂਗ ਬੈਠ ਜਾਂਦੀਆਂ ਹਨ। ਪਿੱਛੇ ਫਿਰ ਇੱਕ ਵਾਰੀ ਓਹੀ ਸਵਾਲ ਹਵਾ ਵਿੱਚ ਲਟਕਿਆ ਰਹਿ ਜਾਂਦਾ ਹੈ ਕਿ ਇਹੋ ਜਿਹੀਆਂ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ ਤੇ ਇਨ੍ਹਾਂ ਦਾ ਹੱਲ ਕੀ ਹੈ ?

ਬੰਦੂਕਾਂ ਨਾਲ ਮਾਰੇ ਜਾ ਰਹੇ ਅਮਰੀਕੀਆਂ ਨੂੰ ਬੰਦੂਕਾਂ ਨਾਲ ਕਿੰਨਾ ਪਿਆਰ ਹੈ, ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਦੁਨੀਆ ਦੀ ਕੁਲ ਆਬਾਦੀ ਦਾ ਅਮਰੀਕਨ ਸਿਰਫ਼ 5 ਫੀਸਦੀ ਹਿੱਸਾ ਹਨ ਪਰ ਦੁਨੀਆ ਦੀਆਂ 42 ਫੀਸਦੀ ਬੰਦੂਕਾਂ ਉਨ੍ਹਾਂ ਕੋਲ ਹੀ ਹਨ। ਅਮਰੀਕਾ ਵਿੱਚ ਪਿਛਲੇ ਅਗਸਤ ਮਹੀਨੇ ਵਿੱਚ ਹੀ ਕੁਲ 4500 ਲੋਕ ਬੰਦੂਕ-ਹਿੰਸਾ ਦਾ ਸ਼ਿਕਾਰ ਹੋਏ ਹਨ। ਦੁਨੀਆ ਦੇ 31 ਫੀਸਦੀ ਸਮੂਹਕ ਗੋਲੀਬਾਰੀ ਕਾਂਡ ਅਮਰੀਕਾ ਵਿੱਚ ਹੀ ਹੁੰਦੇ ਹਨ ਜਿਨ੍ਹਾਂ ਵਿੱਚ ਫੌਜ ਲਈ ਬਣਾਈਆਂ ਗਈਆਂ ਅਸਾਲਟ ਰਾਈਫਲਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪਿਛਲੇ ਸਾਲ ਔਰਲੈਂਡੋ ਦੇ ਇੱਕ ਸਮਲਿੰਗੀ ਕਲੱਬ ‘ਪਲਸ’ ਵਿੱਚ ਇੱਕ ਹਮਲਾਵਰ ਨੇ ਅਜਿਹੀ ਹੀ ਇੱਕ ਰਾਈਫਲ ਦਾ ਇਸਤੇਮਾਲ ਕੀਤਾ ਸੀ ਤੇ ਅੱਖ ਦੇ ਝਪੱਕੇ 49 ਬੰਦੇ ਮਾਰ ਦਿੱਤੇ ਸਨ। ਇਸ ਕਤਲੇਆਮ ਦੇ ਤੁਰੰਤ ਬਾਅਦ ਦੁਨੀਆ ਦੇ ਸਭ ਤੋਂ ਤਾਕਤਵਰ ਇਨਸਾਨ ਭਾਵ ਅਮਰੀਕਾ ਦੇ ਉਸ ਵੇਲੇ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਜੋ ਕਿਹਾ ਸੀ ਉਹ ਸੁਣ ਕੇ ਸਾਰੀ ਦੁਨੀਆ ਹੈਰਾਨ ਰਹਿ ਗਈ ਸੀ। ਉਨ੍ਹਾਂ ਨੇ ਪੀਬੀਐਸ ਚੈਨਲ ਦੇ ‘ਨਿਊਜ਼ਆਵਰ’ ਪ੍ਰੋਗਰਾਮ ਵਿੱਚ ਸ਼ਿਰਕਤ ਕਰਦੇ ਹੋਏ ਸਭ ਦੇ ਸਾਹਮਣੇ ਇਹ ਗੱਲ ਕਹੀ, ‘ਮੈਂ ਅੱਜ ਇੱਕ ਮੀਟਿੰਗ ਤੋਂ ਉੱਠ ਕੇ ਆਇਆ ਹਾਂ ਜਿਸ ਵਿੱਚ ਕੁਝ ਅਜਿਹੇ ਬੰਦੇ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਅਸੀਂ ਆਈਐੱਸ ਦੀ ਵੈਬਸਾਈਟ ’ਤੇ ਦੇਖਿਆ ਹੈ। ਉਹ ਇਥੇ ਅਮਰੀਕਾ ਵਿੱਚ ਹੀ ਰਹਿੰਦੇ ਹਨ ਤੇ ਅਮਰੀਕਾ ਦੇ ਨਾਗਰਿਕ ਹਨ। ਪਰ ਮੈਂ ਸਿਰਫ ‘ਨੈਸ਼ਨਲ ਰਾਈਫਲ ਐਸੋਸੀਏਸ਼ਨ’ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਬੰਦੂਕਾਂ ਖ਼ਰੀਦਣ ਤੋਂ ਨਹੀਂ ਰੋਕ ਸਕਦਾ। ਉਨ੍ਹਾਂ ਨੂੰ ਸਾਰੇ ਜਾਣਦੇ ਹਨ ਕਿ ਉਹ ਆਈਐੱਸ ਦੇ ਹਮਦਰਦ ਹਨ। ਉਨ੍ਹਾਂ ਨੂੰ ਐਫਬੀਆਈ ਵੀ ਜਾਣਦੀ ਹੈ। ਪਰ ਉਹ ਇਸ ਵੇਲੇ ਵੀ ਕਿਸੇ ਗਨ-ਸਟੋਰ ’ਤੇ ਜਾ ਕੇ ਜਿੰਨੀਆਂ ਚਾਹੇ, ਬੰਦੂਕਾਂ ਖ਼ਰੀਦ ਸਕਦੇ ਹਨ।” ਸੋ ਬਰਾਕ ਓਬਾਮਾ ਨੇ ਇਹ ਗੱਲ ਸਪਸ਼ਟ ਰੂਪ ਵਿੱਚ ਸਵੀਕਾਰ ਕਰ ਲਈ ਸੀ ਕਿ ਬੰਦੂਕਾਂ ਦੇ ਵਪਾਰੀਆਂ ਦੀ ਲੌਬੀ ਦੇ ਸਾਹਮਣੇ ਉਹਦੀ ਵੀ ਕੋਈ ਪੇਸ਼ ਨਹੀਂ ਜਾਂਦੀ। ਲੋਕਾਂ ਵਿੱਚ ਵਿਆਪਤ ਰੋਹ ਨੂੰ ਵੇਖਦਿਆਂ ਓਬਾਮਾ ਨੇ ਇਕਦਮ ਹੱਥ ਨਹੀਂ ਸਨ ਖੜ੍ਹੇ ਕਰ ਦਿੱਤੇ। ਉਨ੍ਹਾਂ ਨੇ ਕੋਸ਼ਿਸ਼ ਜ਼ਰੂਰ ਕੀਤੀ ਅਤੇ ਹਥਿਆਰਾਂ ’ਤੇ ਨਿਯੰਤਰਣ ਲਈ ਇਹ ਸੁਝਾਅ ਦਿੱਤੇ ਕਿ ਖ਼ਰੀਦਦਾਰ ਦੇ ਪਿਛੋਕੜ ਬਾਰੇ ਸਖ਼ਤੀ ਨਾਲ ਜਾਂਚ ਕੀਤੀ ਜਾਵੇ ਅਤੇ ਅਸਾਲਟ ਰਾਈਫਲਾਂ ਸਮੇਤ ਤਮਾਮ ਘਾਤਕ ਹਥਿਆਰਾਂ, ਵੱਡੀਆਂ ਕਾਰਤੂਸ ਮੈਗਜ਼ੀਨਾਂ ਅਤੇ ਅਸਲੇ ਨੂੰ ਵੇਚਣ ’ਤੇ ਪਾਬੰਦੀ ਲਾਈ ਜਾਵੇ। ਪਰ ਓਬਾਮਾ ਦੀ ਇੱਕ ਨਾ ਚੱਲੀ। ਬੰਦੂਕ ਸਭਿਆਚਾਰ ਵਿਰੋਧੀ ਬੁੱਧੀਜੀਵੀਆਂ ਦਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਇਹ ਤਾਕਤਵਰ ਲੌਬੀ ਬੰਦੂਕ-ਕੰਟਰੋਲ ਦਾ ਕੋਈ ਕਾਨੂੰਨ ਪਾਸ ਨਹੀਂ ਹੋਣ ਦਿੰਦੀ। ਉਨ੍ਹਾਂ ਵਿੱਚ ਕਿਸੇ ਵੀ ਦੇਸ਼ ਦਾ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਦਲ ਦੇਣ ਦੀ ਕੂਵੱਤ ਹੁੰਦੀ ਹੈ। 2016 ਦੀ ਚੋਣ ਮੁਹਿੰਮ ਵਿੱਚ ਬੰਦੂਕ ਲੌਬੀ ਨੇ ਡੋਨਲਡ ਟਰੰਪ ਵਾਲੀ ਹਥਿਆਰਾਂ ਦੀ ਸਮਰਥਕ ਰਿਪਬਲਿਕਨ ਪਾਰਟੀ ’ਤੇ 59 ਲੱਖ ਡਾਲਰ ਖ਼ਰਚ ਕੀਤੇ ਤੇ ਪੂਰਾ ਜ਼ੋਰ ਲਾ ਕੇ ਬੰਦੂਕਾਂ ਵਿਰੋਧੀ ਹਿਲੇਰੀ ਕਲਿੰਟਨ ਨੂੰ ਹਰਾ ਦਿੱਤਾ ਸੀ।

ਲਾਸ ਵੈਗਸ ਵਰਗੀ ਕਿਸੇ ਵੀ ਵਾਰਦਾਤ ਦੇ ਬਾਅਦ ਅਚਾਨਕ ਸਟਾਕ ਐਕਸਚੇਂਜ ਵਿੱਚ ਹਥਿਆਰ ਕੰਪਨੀਆਂ ਦੇ ਭਾਅ ਵਿੱਚ ਉਛਾਲ ਆ ਜਾਂਦਾ ਹੈ। ਹਥਿਆਰਾਂ ਦੀ ਵਿਕਰੀ ਬਹੁਤ ਜ਼ਿਆਦਾ ਵਧ ਜਾਂਦੀ ਹੈ। ਬੰਦੂਕ ਲੌਬੀ ਨੂੰ ਬਾਜ਼ਾਰ ਵਿੱਚ ਬੰਦੂਕਾਂ ਦੀ ਸਪਲਾਈ ਨੂੰ ਯਕੀਨੀ ਬਣਾਈ ਰੱਖਣ ਦੇ ਨਾਲ ਹੀ ਇੱਕ ਪਾਸੇ ਲੋਕਾਂ ਦਾ ਰੋਹ ਤੇ ਦੂਜੇ ਪਾਸੇ ਸਿਆਸੀ ਪ੍ਰਬੰਧਨ ਨੂੰ ਵੀ ਸੰਭਾਲਣਾ ਪੈਂਦਾ ਹੈ। ਬੰਦੂਕਾਂ ਸਕੀਮ ਵਿੱਚ ਵੀ ਮਿਲਦੀਆਂ ਨੇ। ‘ਬੂਟ ਖ਼ਰੀਦੋ, ਬੰਦੂਕ ਬਿਲਕੁਲ ਮੁਫ਼ਤ’। ‘ਬੈਂਕ ਵਿੱਚ ਖ਼ਾਤਾ ਖੁਲਾਵਾਉ, ਬੰਦੂਕ ਬਿਲਕੁਲ ਮੁਫ਼ਤ’। ‘ਅਸਾਲਟ ਰਾਈਫਲ ਨਾਲ ਪਿਸਤੌਲ ਬਿਲਕੁਲ ਮੁਫ਼ਤ’। ਜਿਹੜਾ ਬੰਦਾ ਜਿੰਨੀਆਂ ਚਾਹੇ ਬੰਦੂਕਾਂ ਖ਼ਰੀਦ ਸਕਦਾ ਹੈ। ਉਥੋਂ ਦਾ ਹਥਿਆਰ ਬਣਾਉਣ ਅਤੇ ਵੇਚਣ ਵਾਲਾ ਮਾਫ਼ੀਆ, ਜਿਹਨੂੰ ਪਿਆਰ ਨਾਲ ਸ਼ਰੀਫ਼ ਲੋਕ ‘ਗਨ ਲੌਬੀ’ ਕਹਿੰਦੇ ਨੇ, ਸੰਵਿਧਾਨ ਵੱਲੋਂ ਦਿੱਤੇ ਗਏ ‘ਰਾਈਟ ਟੂ ਵੈਪਨ’ (ਹਥਿਆਰ ਰੱਖਣ ਦੇ ਅਧਿਕਾਰ) ਦੀ ਪੁਰਜ਼ੋਰ ਵਕਾਲਤ ਕਰਦਾ ਹੈ। ਇਹ ਅਧਿਕਾਰ ਉਨ੍ਹਾਂ ਨੂੰ ਸੰਵਿਧਾਨ ਵੱਲੋਂ ਹਾਸਲ ਹੈ, ਬਸ ਖ਼ਰੀਦਦਾਰ ਕੋਲ ਕੋਈ ਪਹਿਚਾਣ ਪੱਤਰ ਹੋਣਾ ਚਾਹੀਦਾ ਹੈ। ਜਿਸ ਦੇ ਕੋਲ ਜਿੰਨਾ ਖ਼ਤਰਨਾਕ ਹਥਿਆਰ ਹੈ, ਉਹ ਉਨਾ ਹੀ ਸਿਆਣਾ ਵੀ ਮੰਨਿਆ ਜਾਂਦਾ ਹੈ। ਦਰਅਸਲ ਮੀਡੀਆ ਦੀ ਮਦਦ ਨਾਲ ਅਮਰੀਕੀਆਂ ਦੇ ਦਿਮਾਗ ਦੀ ਕੁਝ ਇਸ ਤਰ੍ਹਾਂ ਸਫ਼ਾਈ ਕੀਤੀ ਗਈ ਹੈ ਕਿ ਬੰਦੂਕ ਰੱਖਣਾ ਸੁਤੰਤਰਤਾ ਅਤੇ ਆਜ਼ਾਦੀ ਦੀ ਨਿਸ਼ਾਨੀ ਬਣ ਗਿਆ ਹੈ। ਨੋਮ ਚੌਮਸਕੀ ਇਹਨੂੰ ‘ਸਹਿਮਤੀ ਨਿਰਮਾਣ’ ਕਹਿੰਦਾ ਹੈ। ਬਹੁਤ ਸਾਰੇ ਅਮਰੀਕੀ ਇਹੀ ਮੰਨਦੇ ਹਨ ਕਿ ਹਥਿਆਰਬੰਦ ਹੋਣਾ ਇਥੋਂ ਦੀ ਅਮਰੀਕੀ ਪਰੰਪਰਾ ਹੈ ਤੇ ਅਮਰੀਕੀ ਜ਼ਿੰਮੇਵਾਰੀ ਵੀ। ਜੇ ਤੁਸੀਂ ਹਥਿਆਰਬੰਦ ਨਹੀਂ ਹੋ ਤਾਂ ਤੁਸੀਂ ਆਪਣੇ ਅਤੇ ਆਪਣੇ ਪਰਿਵਾਰ ਦੇ ਪ੍ਰਤੀ ਜ਼ਿੰਮੇਵਾਰ ਵੀ ਨਹੀਂ ਹੋ।

ਅਮਰੀਕਾ ਵਿੱਚ ਹਿੰਸਾ ਦਾ ਤਾਂਡਵ ਹੋ ਰਿਹਾ ਹੈ, ਉਹਨੂੰ ਸਮਝਣ ਲਈ ਅਮਰੀਕੀ ਸਿਨਮਾ ਦੀ ਮਦਦ ਲਈ ਜਾ ਸਕਦੀ ਹੈ। ਫਿਲਮਕਾਰ ਮਾਈਕਲ ਮੂਰ ਦੀ ਦਸਤਾਵੇਜ਼ੀ ਫਿਲਮ ‘ਬਾਊਲਿੰਗ ਫਾਰ ਕੋਲੰਬੀਅਨ’ ਦੀ ਸ਼ੁਰੂਆਤ ਵਿੱਚ ਮੂਰ ਆਪ ਇੱਕ ਬੈਂਕ ਵਿੱਚ ਜਾਂਦਾ ਤੇ ਬੈਂਕ ਮੈਨੇਜਰ ਨੂੰ ਕਹਿੰਦਾ ਹੈ, “ਮੈਂ ਅਖ਼ਬਾਰ ਵਿੱਚ ਇਕ ਇਸ਼ਤਿਹਾਰ ਦੇਖ ਕੇ ਤੁਹਾਡੇ ਬੈਂਕ ਵਿੱਚ ਖ਼ਾਤਾ ਖੁਲ੍ਹਾਉਣ ਲਈ ਆਇਆ ਹਾਂ। ਇਸ ਇਸ਼ਤਿਹਾਰ ਦੇ ਮੁਤਾਬਕ ਜੇ ਮੈਂ ਤੁਹਾਡੇ ਬੈਂਕ ਵਿੱਚ ਖ਼ਾਤਾ ਖੋਲ੍ਹਦਾ ਹਾਂ ਤਾਂ ਕੀ ਮੈਨੂੰ ਮੇਰੀ ਮਨਪਸੰਦ ਕੋਈ ਵੀ ਬੰਦੂਕ ਮੁਫ਼ਤ ਮਿਲ ਜਾਏਗੀ ?” ਬੈਂਕ ਮੈਨੇਜਰ ਉਹਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਉਸ ਬੈਂਕ ਦੇ ‘ਵਾਲੇਟ’ ਵਿੱਚ ਦੁਨੀਆ ਦੀਆਂ ਸਭ ਤੋਂ ਆਧੁਨਿਕ 500 ਬੰਦੂਕਾਂ ਪਈਆਂ ਹੋਈਆਂ ਨੇ ਤੇ ਉਹ ਬੈਂਕ ਵਿੱਚ ਖ਼ਾਤਾ ਖੁਲ੍ਹਾਉਣ ਤੋਂ ਬਾਅਦ ਆਪਣੀ ਪਸੰਦ ਦੀ ਕੋਈ ਵੀ ਬੰਦੂਕ ਲਿਜਾ ਸਕਦਾ ਹੈ। ਮਾਈਕਲ ਖ਼ਾਤਾ ਖੁਲ੍ਹਵਾ ਕੇ ਇੱਕ ਬੰਦੂਕ ਮੁਫ਼ਤ ਵਿੱਚ ਹਾਸਲ ਕਰਨ ਬਾਅਦ ਬੈਂਕ ਅਧਿਕਾਰੀ ਨੂੰ ਪੁੱਛਦਾ ਹੈ, “ਕੀ ਕਿਸੇ ਵੀ ਬੈਂਕ ਵਿੱਚ ਬੰਦੂਕ ਲੈ ਕੇ ਜਾਣਾ ਖ਼ਤਰਨਾਕ ਨਹੀਂ ਹੁੰਦਾ ?” ਬੜੀ ਖ਼ੂਬਸੂਰਤੀ ਨਾਲ ਇਹ ਫਿਲਮ ਅਮਰੀਕਾ ਦੇ ਮੌਠਗਣੀ ਕਪਟ-ਵਿੱਦਿਆ ਤੇ ਮਨੁੱਖੀ ਅਧਿਕਾਰਾਂ ਦੇ ਪਾਖੰਡ ਦਾ ਪਰਦਾ ਫ਼ਾਸ਼ ਕਰਦੀ ਹੈ। ‘ਬਾਊਲਿੰਗ ਫਾਰ ਕੋਲੰਬੀਅਨ’ ਫਿਲਮ ਨੇ ਔਸਕਰ ਐਵਾਰਡ ਹੀ ਨਹੀਂ ਜਿੱਤਿਆ ਬਲਕਿ ਆਮ ਲੋਕਾਂ ਨੂੰ ਐਫਰੋ-ਅਮਰੀਕੀਆਂ ਦੇ ਖਿਲਾਫ਼ ਨਸਲੀ ਨਫ਼ਰਤ ਫੈਲਾਉਣ ਲਈ ਚਲ ਰਹੀ ਮੀਡੀਆ ਦੀ ਮੁਹਿੰਮ ਨੂੰ ਸਮਝਣ ਵਿੱਚ ਮਦਦ ਵੀ ਕੀਤੀ ਅਤੇ ਕੇ-ਮਾਰਟ ਵਰਗੇ ਸਟੋਰ ਨੂੰ ਇਸ ਗੱਲ ’ਤੇ ਰਾਜ਼ੀ ਕਰ ਲਿਆ ਕਿ ਉਹ ਆਪਣੇ ਸਟੋਰ ਤੋਂ ਅਸਲਾ ਨਹੀਂ ਵੇਚਣਗੇ। ਇੱਕ ਪਾਸੇ ਮਾਈਕਲ ਮੂਰ ਦਾ ਸਿਨਮਾ ਹੈ ਤੇ ਦੂਜੇ ਪਾਸੇ ਅਮਰੀਕਾ ਦਾ ਹੌਲੀਵੁਡ ਸਿਨਮਾ ਜਿਸ ਦੀ ਮਦਦ ਨਾਲ ਇਹ ਬੰਦੂਕ-ਸਭਿਆਚਾਰ ਪੱਕੇ ਪੈਰੀਂ ਖੜ੍ਹਾ ਹੋਇਆ ਹੈ। ਆਰਨਲਡ ਸ਼ਵਾਜ਼ਨੇਗਰ, ਸਿਲਵੈਸਟਰ ਸਟੈਲੋਨ, ਬਰੂਸ ਵਿਲੀਸ ਤੇ ਅਨੇਕਾਂ ਹੋਰ ਅਜਿਹੇ ਸਿਤਾਰੇ ਹਨ ਜਿਨ੍ਹਾਂ ਬਾਰੇ ਬੰਦੂਕ ਤੇ ਹਿੰਸਾ ਤੋਂ ਬਗ਼ੈਰ ਫਿਲਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਸਮਾਜ ਵਿੱਚ ਆਏ ਵਿਗਾੜ ਨੂੰ ਸਮਾਜ ਆਪ ਹੀ ਬਦਲ ਲੈਂਦਾ ਹੈ। ਇਹਦੀ ਸਭ ਤੋਂ ਵਧੀਆ ਉਦਾਹਰਣ ਆਈਸਲੈਂਡ ਹੈ। ਉਥੇ ਨਾ ਹੀ ਬੰਦੂਕ ਨਾਂ ਦੀ ਕੋਈ ਸ਼ੈਅ ਹੈ, ਤੇ ਨਾ ਹੀ ਬੰਦੂਕ-ਹਿੰਸਾ ਦੀ ਕੋਈ ਵਾਰਦਾਤ ਹੁੰਦੀ ਹੈ। ਪਰ ਅਮਰੀਕਾ ਵਿੱਚ ਕੁਝ ਜਥੇਬੰਦੀਆਂ ਹਨ ਜੋ ਸਰਕਾਰ ਦੇ ਸਾਹਮਣੇ ਤਾਕਤਵਰ ਨਾਗਰਿਕ ਭਾਈਚਾਰੇ ਦੀਆਂ ਹਮਾਇਤੀ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਤਾਕਤ ਤੇ ਆਜ਼ਾਦੀ ਦਾ ਅਹਿਸਾਸ ਉਨ੍ਹਾਂ ਨੂੰ ਹਥਿਆਰ ਰੱਖਣ ਦੀ ਖੁੱਲ੍ਹ ਤੋਂ ਹੀ ਮਿਲਦਾ ਹੈ। ਨੈਸ਼ਨਲ ਰਾਈਫਲ ਐਸੋਸੀਏਸ਼ਨ (ਐਨਆਰਏ) ਵੀ ਅਜਿਹੀ ਹੀ ਇੱਕ ਜਥੇਬੰਦੀ ਹੈ ਜੋ 1871 ਵਿੱਚ ਅਮਰੀਕਾ ਵਿੱਚ ਹੋਏ ਗ੍ਰਹਿ ਯੁੱਧ ਦੇ ਬਾਅਦ ਬਣੀ ਸੀ। ਅੱਜ ਇਹ ਬਹੁਤ ਸ਼ਕਤੀਸ਼ਾਲੀ ਜਥੇਬੰਦੀ ਹੈ। ਤਕਰੀਬਨ 50 ਲੱਖ ਅਮਰੀਕੀ ਇਹਦੇ ਮੈਂਬਰ ਹਨ। ਅਜਿਹੀਆਂ ਹੋਰ ਕਈ ਜਥੇਬੰਦੀਆਂ ਇਸ ਨਾਲ ਜੁੜੀਆਂ ਹੋਈਆਂ ਹਨ। ਇਹ ਦੇਖਣਾ ਦਿਲਚਸਪ ਹੋਏਗਾ ਕਿ ਉਨ੍ਹਾਂ ਦੀ ਆਪਣੀ ਜਿੱਤ ਨੂੰ 59 ਲੱਖ ਡਾਲਰ ਖ਼ਰਚ ਕੇ ਯਕੀਨੀ ਬਣਾਉਣ ਵਾਲੀ ਐਨਆਰਏ ਖਿਲਾਫ਼ ਹਥਿਆਰਾਂ ’ਤੇ ਪਾਬੰਦੀ ਡੋਨਲਡ ਟਰੰਪ ਕਿਵੇਂ ਲਾਉਂਦਾ ਹੈ ?

***‘ਪੰਜਾਬੀ ਟ੍ਰਿਬਿਊਨ’ ਤੋਂ ਧੰਨਵਾਦ ਸਹਿਤ***

# ਮੂਰਥਲ ’ਚ ਜਾਟ ਰਾਖਵਾਂਕਰਨ ਅੰਦੋਲਨ ਦੌਰਾਨ 9 ਔਰਤਾਂ ਨਾਲ ਹੋਇਆ ਸੀ ਜਬਰ-ਜਨਾਹ

**ਚੰਡੀਗੜ੍ਹ/ਬਿਊਰੋ ਨਿਊਜ਼ :** ਹਰਿਆਣਾ ਵਿੱਚ ਬੀਤੇ ਸਾਲ ਜਾਟ ਰਾਖਵਾਂਕਰਨ ਅੰਦੋਲਨ ਦੌਰਾਨ ਹੋਏ ਮੂਰਥਲ ਬਲਾਤਕਾਰ ਕਾਂਡ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਦੌਰਾਨ ਅਦਾਲਤ ਦੇ ਮਿੱਤਰ ਵਕੀਲ ਨੇ ਡਿਵੀਜ਼ਨ ਬੈਂਚ ਨੂੰ ਦੱਸਿਆ ਕਿ ਇਸ ਮੌਕੇ ਬਲਾਤਕਾਰ ਦੀਆਂ 9 ਘਟਨਾਵਾਂ ਵਾਪਰੀਆਂ ਸਨ। ਗ਼ੌਰਤਲਬ ਹੈ ਕਿ 30 ਕੁ ਗੁੰਡਿਆਂ ਵੱਲੋਂ ਅਜਿਹਾ ਕੀਤੇ ਜਾਣ ਦੀ ਹੌਲਨਾਕ ਘਟਨਾ ਸਬੰਧੀ ਟ੍ਰਿਬਿਊਨ ਸਮੂਹ ਦੀਆਂ ਅਖ਼ਬਾਰਾਂ ਵਿੱਚ ਰਿਪੋਰਟਾਂ ਛਪਣ ਤੋਂ ਬਾਅਦ ਹਾਈ ਕੋਰਟ ਨੇ ਆਪਣੇ ਤੌਰ ’ਤੇ ਮਾਮਲੇ ਦਾ ਨੋਟਿਸ ਲਿਆ ਸੀ।

ਮਿੱਤਰ ਵਕੀਲ ਅਨੁਪਮ ਗੁਪਤਾ ਨੇ ਹਾਈ ਕੋਰਟ ਦੇ ਜਸਟਿਸ ਅਜੇ ਕੁਮਾਰ ਮਿੱਤਲ ਤੇ ਜਸਟਿਸ ਅਮਿਤ ਰਾਵਲ ਦੇ ਬੈਂਚ ਨੂੰ ਦੱਸਿਆ ਕਿ ਹਰਿਆਣਾ ਦੇ ਸਾਬਕਾ ਡੀਜੀਪੀ ਨੇ ਖ਼ੁਦ ਬਲਾਤਕਾਰਾਂ ਦੀ ਗੱਲ ਕਬੂਲੀ ਸੀ। ਐਡਵੋਕੇਟ ਗੁਪਤਾ ਨੇ ਕਿਹਾ ਕਿ ਇਸ ਬਾਰੇ ਉਨ੍ਹਾਂ ਨੂੰ ਸੀਨੀਅਰ ਆਈਏਐਸ ਅਫ਼ਸਰ ਵਿਜੇ ਵਰਧਨ ਨੇ ਜਾਣਕਾਰੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਉਹ ਉਸ ਦਿਨ ਹਾਈ ਕੋਰਟ ਵਿੱਚ ਹੀ ਸਨ, ਜਦੋਂ ਇਕ ਹੋਰ ਆਈਏਐਸ ਅਫ਼ਸਰ ਅਸ਼ੋਕ ਖੇਮਕਾ ਦਾ ਫੋਨ ਆਇਆ ਕਿ ਸ੍ਰੀ ਵਰਧਨ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਸਨ।

ਸ੍ਰੀ ਗੁਪਤਾ ਮੁਤਾਬਕ ਸ੍ਰੀ ਵਰਧਨ ਨੇ ਉਨ੍ਹਾਂ ਨੂੰ ਫੋਨ ’ਤੇ ਦੱਸਿਆ ਕਿ (ਸਾਬਕਾ) ਡੀਜੀਪੀ ਕੇ.ਪੀ. ਸਿੰਘ ਨੇ ਖ਼ੁਦ ਉਨ੍ਹਾਂ ਨੂੰ ਦੱਸਿਆ ਸੀ ਕਿ ਮੂਰਥਲ ਵਿੱਚ 9 ਬਲਾਤਕਾਰ ਹੋਏ ਸਨ। ਉਨ੍ਹਾਂ ਕਿਹਾ ਕਿ ਸ੍ਰੀ ਵਰਧਨ ਤੇ ਸ੍ਰੀ ਕੇ.ਪੀ. ਸਿੰਘ ਦਰਮਿਆਨ ਇਹ ਗੱਲਬਾਤ ਪ੍ਰਕਾਸ਼ ਕਮੇਟੀ ਦੀ ਰਿਪੋਰਟ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਪਹਿਲਾਂ ਹੋਈ ਸੀ। ਬਾਅਦ ਵਿੱਚ ਮੁੱਖ ਮੰਤਰੀ ਨੇ ਇਹ ਗੱਲ ਦੱਸਣ ਲਈ ਸ੍ਰੀ ਵਰਧਨ ਦੀ ਝਾੜ-ਝੰਬ ਕੀਤੀ ਸੀ। ਗ਼ੌਰਤਲਬ ਹੈ ਕਿ ਸ੍ਰੀ ਵਰਧਨ ਪਹਿਲਾਂ ਹੀ ਸ੍ਰੀ ਗੁਪਤਾ ਨਾਲ ਅਜਿਹੀ ਗੱਲ ਕਰਨ ਦਾ ਖੰਡਨ ਕਰ ਚੁੱਕੇ ਹਨ।

ਸ੍ਰੀ ਗੁਪਤਾ ਨੇ ਕਿਹਾ ਕਿ ਮੂਰਥਲ ਦੇ ਸੁਖਦੇਵ ਢਾਬੇ ਦੇ ਮਾਲਕ ਅਮਰੀਕ ਸਿੰਘ ਨੇ ਵੀ ਮੀਡੀਆ ਕੋਲ ਬਲਾਤਕਾਰਾਂ ਦੀ ਗੱਲ ਮੰਨੀ ਸੀ ਪਰ ਵਿਸ਼ੇਸ਼ ਜਾਂਚ ਟੀਮ ਅੱਗੇ ਮੁੱਕਰ ਗਿਆ। ਉਨ੍ਹਾਂ ਕਿਹਾ ਕਿ ਜੇ ਮਾਮਲਾ ਸੀਬੀਆਈ ਹਵਾਲੇ ਕੀਤਾ ਜਾਂਦਾ ਹੈ ਤਾਂ ਢਾਬਾ ਮਾਲਕ ਇਸ ਬਾਰੇ ‘ਖੁੱਲ੍ਹ ਕੇ’ ਬੋਲੇਗਾ। ਸ੍ਰੀ ਗੁਪਤਾ ਨੇ ਤਾਰਿਕ ਅਨਵਰ ਨਾਮੀ ਪੱਤਰਕਾਰ ਉਤੇ ਵੀ ਮੁਕੱਦਮਾ ਚਲਾਏ ਜਾਣ ਦੀ ਮੰਗ ਕੀਤੀ, ਜਿਨ੍ਹਾਂ ਆਪਣੇ ਆਪ ਨੂੰ ਇੰਜ ਪੇਸ਼ ਕਰਦਿਆਂ ਜਾਅਲੀ ਆਡੀਓ ਟੇਪ ਬਣਾਈ ਸੀ, ਜਿਵੇਂ ਉਹ ਇਕ ਪੀੜਤਾ ਦੀ ਮਾਤਾ ਨਾਲ ਗੱਲਬਾਤ ਕਰ ਰਿਹਾ ਸੀ।

# ਕੈਟੇਲੋਨੀਆ- ਆਜ਼ਾਦ ਨਹੀਂ ਪਰ ਇਖ਼ਲਾਕੀ ਤੌਰ 'ਤੇ ਜੇਤੂ

**ਪ੍ਰੀਤਮ ਸਿੰਘ (ਪ੍ਰੋ.)***

ਕੈਟੇਲੋਨੀਆ ਦੇ ਆਜ਼ਾਦੀ ਦੀ ਮੰਗ ਨਾਲ ਸਬੰਧਤ ਤਾਜ਼ਾ ਘਟਨਾਕ੍ਰਮ ਦੌਰਾਨ, ਕੈਟੇਲੋਨੀਆ ਦੀ ਰਾਜਨੀਤਕ ਲੀਡਰਸ਼ਿਪ ਨੇ ਆਜ਼ਾਦੀ ਦੀ ਮੰਗ ਦੀ ਸਪੇਨੀ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੀ ਵਿਰੋਧਤਾ ਨਾਲ ਨਜਿੱਠਣ ਵਿੱਚ ਪ੍ਰਸ਼ੰਸਾਯੋਗ ਸਿਆਣਪ ਤੇ ਪੁਖ਼ਤਗੀ ਦਾ ਪ੍ਰਦਰਸ਼ਨ ਕੀਤਾ ਹੈ। ਕੈਟੇਲੋਨੀਆ ਦੀ ਸੰਸਦ ਨੇ 10 ਅਕਤੂਬਰ ਨੂੰ ਸੱਦੇ ਗਏ ਵਿਸ਼ੇਸ਼ ਇਜਲਾਸ ਦੌਰਾਨ ਇਹ ਗੱਲ ਰਸਮੀ ਤੌਰ 'ਤੇ ਰਿਕਾਰਡ 'ਤੇ ਲਿਆਂਦੀ ਕਿ ਪਹਿਲੀ ਅਕਤੂਬਰ ਨੂੰ ਕੈਟੇਲੋਨੀਆ ਸਰਕਾਰ ਵੱਲੋਂ ਕਰਵਾਏ ਗਏ ਆਜ਼ਾਦੀ ਸਬੰਧੀ ਜਨਮੱਤ ਵਿੱਚ 93 ਫ਼ੀਸਦੀ ਵੋਟਰਾਂ ਨੇ ਆਜ਼ਾਦੀ ਦੇ ਹੱਕ ਵਿੱਚ ਵੋਟ ਪਾਈ। ਇਸ ਦੇ ਆਧਾਰ 'ਤੇ ਕੈਟੇਲੋਨੀਆ ਦੇ ਰਾਸ਼ਟਰਪਤੀ ਕਾਰਲਸ ਪੂਚਦਾਮੋਨ ਨੇ ਐਲਾਨ ਕੀਤਾ ਸੀ ਕਿ ਕੈਟੇਲੋਨੀਆ ਇੱਕ ਆਜ਼ਾਦ ਅਤੇ ਖ਼ੁਦਮੁਖ਼ਤਿਆਰ ਰਾਜ ਹੈ, ਪਰ ਨਾਲ ਹੀ ਉਨ੍ਹਾਂ ਨੇ ਸ਼ਾਨਦਾਰ ਰਾਜਨੀਤਕ ਹੁਨਰਮੰਦੀ ਦਾ ਪ੍ਰਦਰਸ਼ਨ ਕਰਦਿਆਂ ਆਜ਼ਾਦੀ ਦੇ ਇਸ ਐਲਾਨ ਨੂੰ ਉਸੇ ਵਕਤ ਲਾਗੂ ਨਾ ਕਰਕੇ, ਤਣਾਓ ਨੂੰ ਘੱਟ ਕਰਨ ਅਤੇ ਸਹਿਮਤੀ ਬਣਾਉਣ ਲਈ, ਗੱਲਬਾਤ ਰਾਹੀਂ ਅੱਗੇ ਵਧਣ ਦਾ ਰਾਹ ਚੁਣਿਆ। ਅਜਿਹਾ ਕਰਕੇ ਕੈਟੇਲੋਨੀਆ ਦੀ ਲੀਡਰਸ਼ਿਪ ਨੇ ਸਪੇਨ ਦੀ ਕੇਂਦਰੀ ਲੀਡਰਸ਼ਿਪ 'ਤੇ ਇਖ਼ਲਾਕੀ ਜਿੱਤ ਹਾਸਲ ਕੀਤੀ, ਜਿਸ ਨੇ ਟਕਰਾਅ ਦਾ ਰਾਹ ਚੁਣਦਿਆਂ ਪੂਰਾ ਜ਼ੋਰ ਲਾ ਕੇ ਪਹਿਲੀ ਅਕਤੂਬਰ ਨੂੰ ਹੋਏ ਜਨਮੱਤ ਦਾ ਵਿਰੋਧ ਕੀਤਾ ਸੀ, ਪਰ ਫਿਰ ਵੀ ਜਨਮੱਤ ਨੂੰ ਰੋਕ ਸਕਣ ਵਿੱਚ ਅਸਮਰੱਥ ਰਹੀ ਸੀ। ਜੇਕਰ ਹੁਣ ਸਪੇਨ ਦੀ ਸਰਕਾਰ ਬਦਲੇ ਦੀ ਭਾਵਨਾ ਨਾਲ ਕੈਟੇਲੋਨੀਆ ਦੀ ਮੌਜੂਦਾ ਖੇਤਰੀ ਖ਼ੁਦਮੁਖ਼ਤਾਰੀ ਖ਼ਤਮ ਕਰਕੇ ਇਸ ਨੂੰ ਸਿੱਧਾ ਸਪੇਨ ਦੇ ਕੇਂਦਰੀ ਸ਼ਾਸਨ ਅਧੀਨ ਕਰ ਲੈਂਦੀ ਹੈ ਤਾਂ ਨੈਤਿਕ ਰੂਪ ਵਿੱਚ ਇਸ ਦਾ ਪੱਖ ਹੋਰ ਵੀ ਕਮਜ਼ੋਰ ਪੈ ਜਾਵੇਗਾ। ਬੇਸ਼ੱਕ ਇਹ ਕਾਨੂੰਨੀ ਅਤੇ ਸੰਵਿਧਾਨਕ ਰੂਪ ਵਿੱਚ ਸਹੀ ਹੈ, ਫਿਰ ਵੀ ਰਾਜਨੀਤਕ ਰੂਪ ਵਿੱਚ ਅਜਿਹੇ ਬਦਲੇ ਬਹੁਤ ਮਹਿੰਗੇ ਸਾਬਤ ਹੁੰਦੇ ਹਨ ਕਿਉਂਕਿ ਇਹ ਕੁਝ, ਕੈਟੇਲੋਨੀਆ ਵਾਸੀਆਂ ਵਿਚਲੇ ਘੱਟ-ਰਾਸ਼ਟਰਵਾਦੀ ਤੱਤਾਂ ਨੂੰ ਵੀ ਪ੍ਰਤੀਬੱਧ ਕੈਟੇਲਾਨ ਰਾਸ਼ਟਰਵਾਦੀਆਂ ਦੇ ਖੇਮੇ ਵੱਲ ਧੱਕਣ ਦਾ ਕੰਮ ਕਰੇਗਾ। ਕੈਟੇਲੋਨੀਆ ਦੀ ਲੀਡਰਸ਼ਿਪ ਵੱਲੋਂ ਕੁਝ ਚਿਰ ਲਈ ਆਜ਼ਾਦੀ ਦੇ ਏਜੰਡੇ ਨੂੰ ਪਿੱਛੇ ਰੱਖ ਕੇ ਗੰਭੀਰ ਗੱਲਬਾਤ ਕਰਨ ਦੇ ਫ਼ੈਸਲੇ ਨਾਲ ਇਸ ਆਜ਼ਾਦੀ ਦੀ ਲਹਿਰ ਵਿਚਲੇ ਕੁਝ ਉਤਾਵਲੇ ਅਨਸਰ ਬੇਸ਼ੱਕ ਨਿਰਾਸ਼ ਹੋਏ ਹੋਣਗੇ ਪਰ ਇਹ ਫ਼ੈਸਲਾ ਮੌਜੂਦਾ ਯੁੱਗ ਵਿੱਚ ਵੱਖਵਾਦੀ ਝਗੜਿਆਂ ਨੂੰ ਜਮਹੂਰੀ ਢੰਗ ਨਾਲ ਹੱਲ ਕਰਨ ਦੇ ਵਧ ਰਹੇ ਆਲਮੀ ਰੁਝਾਨ ਨਾਲ ਮੇਲ ਖਾਂਦਾ ਹੈ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਿਕਾਸਸ਼ੀਲ ਦੇਸ਼ਾਂ ਵਿੱਚ ਬਹੁਤ ਸਾਰੇ ਰਾਸ਼ਟਰ ਰਾਜ, ਯੂਰੋਪੀਅਨ ਬਸਤੀਵਾਦੀ ਸਾਮਰਾਜ ਦੀ ਸਮਾਪਤੀ ਦੀ ਉਪਜ ਹਨ ਪਰ ਵਿਕਾਸਸ਼ੀਲ ਤੇ ਵਿਕਸਤ ਦੇਸ਼ਾਂ ਵਿੱਚ ਨਵੇਂ ਉੱਭਰ ਰਹੇ ਜਾਂ ਉੱਭਰਨ ਦੀ ਕੋਸ਼ਿਸ਼ ਕਰ ਰਹੇ ਨਵੇਂ ਰਾਸ਼ਟਰੀ ਰਾਜ, ਮੌਜੂਦਾ ਰਾਸ਼ਟਰਾਂ ਵਿਚਾਲੇ ਰਾਸ਼ਟਰਵਾਦੀ ਅਪਵਾਦਾਂ ਦੀ ਉਪਜ ਹਨ। ਕੁਝ ਮਾਮਲਿਆਂ ਵਿੱਚ ਬਸਤੀਵਾਦੀ ਤਾਕਤਾਂ ਨੇ ਆਪਣੀਆਂ ਬਸਤੀਆਂ ਖਾਲੀ ਕਰਨ ਸਮੇਂ ਜੋ ਸਰਹੱਦਾਂ ਵਾਹੀਆਂ, ਉਹ ਕੁਝ ਕੌਮੀਅਤੀ ਸ਼ਨਾਖ਼ਤਾਂ ਪ੍ਰਤੀ ਹੱਕ-ਬਜਾਨਬ ਨਹੀਂ ਸਨ। ਮਸਲਨ ਕੁਰਦਿਸ਼ ਕੌਮੀਅਤ ਦੇ ਲੋਕ ਚਾਰ ਰਾਸ਼ਟਰਾਂ ਵਿੱਚ ਵੰਡੇ ਗਏ। ਇਹ ਸਨ- ਇਰਾਕ, ਇਰਾਨ, ਸੀਰੀਆ ਤੇ ਤੁਰਕੀ। ਸ਼ਾਇਦ ਬਸਤੀਵਾਦੀ ਤਾਕਤਾਂ ਰਾਹੀਂ ਮੱਧ ਏਸ਼ੀਆ ਦੀ ਪੱਖਪਾਤੀ ਵੰਡ ਕਾਰਨ ਬਣੇ ਰਾਸ਼ਟਰਾਂ ਦਾ ਇਹ ਸਭ ਤੋਂ ਮੰਦਭਾਗਾ ਸਿੱਟਾ ਹਨ। ਕੁਰਦਿਸ਼ ਲੋਕ ਕਈ ਦਹਾਕਿਆਂ ਤੋਂ ਸੰਗਠਿਤ ਕੁਰਦਿਸ਼ ਰਾਜ ਦੀ ਸਥਾਪਨਾ ਲਈ ਹਥਿਆਰਬੰਦ ਸੰਘਰਸ਼ ਕਰ ਰਹੇ ਹਨ, ਪਰ ਹੁਣ ਉਹ ਜਮਹੂਰੀ ਢੰਗਾਂ ਦੀ ਵਰਤੋਂ ਦੀ ਰਣਨੀਤੀ ਵੱਲ ਵਧ ਰਹੇ ਹਨ। ਇਰਾਕ ਦੇ ਕੁਰਦਿਸ਼ ਲੋਕਾਂ ਵੱਲੋਂ ਨਿਯੰਤਰਿਤ ਖੇਤਰ ਵਿੱਚ ਪ੍ਰਸ਼ਾਸਨ ਵੱਲੋਂ ਕੀਤਾ ਗਿਆ ਆਜ਼ਾਦੀ-ਪੱਖੀ ਜਨਮੱਤ ਸਪਸ਼ਟ ਤੌਰ 'ਤੇ ਉਨ੍ਹਾਂ ਦੀ ਰਾਸ਼ਟਰਵਾਦੀ ਖਾਹਿਸ਼ ਲਈ ਜਮਹੂਰੀ ਪ੍ਰਮਾਣਿਕਤਾ ਹਾਸਲ ਕਰਨ ਦੀ ਦਿਸ਼ਾ ਵੱਲ ਕਦਮ ਹੈ।

**ਸਪੇਨ ਸਰਕਾਰ ਨੇ ਵੀ ਕੈਨੇਡੀਅਨ ਅਤੇ ਬ੍ਰਿਟਿਸ਼ ਸਰਕਾਰ ਦੇ ਤਜਰਬੇ ਤੋਂ ਸੇਧ ਲੈ ਕੇ ਸਹਿਮਤੀ ਨਾਲ ਵੋਟਾਂ ਦਾ ਰਾਹ ਨਾ ਚੁਣ ਕੇ ਗ਼ਲਤੀ ਕੀਤੀ ਹੈ। ਉਸ ਨੇ ਜਨਮੱਤ ਲਈ ਵੋਟਾਂ ਦੇ ਅਮਲ ਨੂੰ ਦਮਨਕਾਰੀ ਢੰਗ ਨਾਲ ਰੋਕਣਾ ਚਾਹਿਆ। ਇਹ ਢੰਗ ਤਰੀਕਾ, ਜਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਆਮ ਹੀ ਵਰਤੇ ਜਾਂਦੇ ਵੱਧ ਵਹਿਸ਼ੀਆਨਾ ਤੌਰ ਤਰੀਕੇ, ਯੂਰੋਪ ਵਿੱਚ ਵਿਕਸਤ ਹੋਏ ਜਮਹੂਰੀ ਸਭਿਆਚਾਰ ਨਾਲ ਮੇਲ ਨਹੀਂ ਖਾਂਦੇ। ਉੱਥੇ ਮਨੁੱਖੀ ਅਧਿਕਾਰਾਂ ਦਾ ਮਿਆਰ ਹੀ ਏਨਾ ਉੱਚਾ ਹੈ। ਹੁਣ ਜੇਕਰ ਸਪੇਨ ਸਰਕਾਰ, ਗੱਲਬਾਤ ਕਰਨ ਦੀ ਕੈਟੇਲਾਨ ਪੇਸ਼ਕਸ਼ ਨੂੰ ਰੱਦ ਕਰਦੀ ਹੈ ਅਤੇ ਕੈਟੇਲਾਨ ਖ਼ਿੱਤੇ ਨੂੰ ਮਿਲੀ ਖ਼ੁਦਮੁਖ਼ਤਾਰੀ ਵਾਪਸ ਲੈਂਦੀ ਹੈ ਤਾਂ ਇਹ ਖ਼ੁਦ ਨੂੰ ਇਖ਼ਲਾਕੀ ਤੇ ਸਿਆਸੀ ਤੌਰ 'ਤੇ ਕਸੂਤੀ ਸਥਿਤੀ ਵਿੱਚ ਫਸਾ ਲਵੇਗੀ।**




ਆਜ਼ਾਦੀ ਅੰਦੋਲਨਾਂ ਨੂੰ ਸ਼ਕਤੀ ਦੇਣ ਵਾਲਾ ਵਿਸ਼ਾਲ ਰਾਜਨੀਤਕ-ਆਰਥਿਕ ਮਾਹੌਲ ਅਸਲ ਵਿੱਚ ਵਿਸ਼ਵੀਕਰਨ ਦਾ ਸਿੱਟਾ ਹੈ, ਜੋ ਆਪ ਯੂਰੋਪ ਦੇ ਸੰਦਰਭ ਵਿੱਚ ਆਪਣੇ ਆਪ ਨੂੰ ਯੂਰੋਪੀਅਨ ਯੂਨੀਅਨ ਦੇ ਵਿਸਥਾਰ ਵਿੱਚ ਉਜਾਗਰ ਕਰਦਾ ਹੈ। ਯੂਰਪੀਕਰਨ ਅਤੇ ਵਿਸ਼ਵੀਕਰਨ ਦਾ ਆਰਥਿਕ ਪਹਿਲੂ ਪੂੰਜੀ, ਮਜ਼ਦੂਰੀ, ਤਕਨੀਕ, ਵਸਤਾਂ ਅਤੇ ਜੀਵਨ-ਸ਼ੈਲੀਆਂ ਦੀ ਗਤੀਸ਼ੀਲਤਾ ਦੇ ਬੇਰੋਕ ਪ੍ਰਸਾਰ ਵਿੱਚ ਰਾਜਾਂ ਦੀਆਂ ਭੂਗੋਲਿਕ ਸੀਮਾਵਾਂ ਦਾ ਕਮਜ਼ੋਰ ਹੋਣਾ ਹੈ। ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਨੂੰ ਕਿਸੇ ਹੱਦ ਤਕ ਕੌਮਾਂਤਰੀਕਰਨ ਵੱਲ ਵਧਣ ਅਤੇ ਰਾਸ਼ਟਰਵਾਦ ਦੀ ਅਪੀਲ ਨੂੰ ਕਮਜ਼ੋਰ ਕਰਨ ਵਜੋਂ ਦੇਖਿਆ ਜਾ ਸਕਦਾ ਹੈ, ਪਰ ਇਹ ਪ੍ਰਕਿਰਿਆ ਆਪਣੇ ਆਪ ਵਿੱਚ ਵਿਸ਼ਵ ਇਕਰੂਪਤਾ ਦਾ ਡਰ ਵੀ ਲੈ ਕੇ ਚੱਲ ਰਹੀ ਹੈ, ਜਿਸ ਨੂੰ ਘੱਟ ਗਿਣਤੀ ਸਭਿਆਚਾਰਾਂ ਅਤੇ ਪਛਾਣਾਂ ਵੱਲੋਂ ਇੱਕ ਖ਼ਤਰੇ ਵਜੋਂ ਅਨੁਭਵ ਕੀਤਾ ਜਾ ਰਿਹਾ ਹੈ। ਇਹ ਖ਼ਤਰਾ ਮੋੜਵੇਂ ਰੂਪ ਵਿੱਚ ਘੱਟ ਗਿਣਤੀਆਂ ਦੀਆਂ ਕੌਮੀਅਤੀ ਪਛਾਣਾਂ ਦੇ ਬਚਾਅ ਦੀ ਖਾਹਿਸ਼ ਨੂੰ ਹੁਲਾਰਾ ਦਿੰਦਾ ਹੈ। ਆਰਥਿਕ ਲੈਣ-ਦੇਣ ਦੇ ਵਿਸ਼ਵੀਕਰਨ ਅਤੇ ਸੂਚਨਾ ਤਕਨੀਕ ਦਾ ਵਿਕਾਸ ਛੋਟੇ ਭੂਗੋਲਿਕ ਖ਼ਿੱਤਿਆਂ ਅੰਦਰ ਰਾਸ਼ਟਰ ਬਣਨ ਦੀ ਖਾਹਿਸ਼ ਵੀ ਉਭਾਰਦਾ ਹੈ ਅਤੇ ਤਾਕਤ ਵੀ ਦਿੰਦਾ ਹੈ ਕਿਉਂਕਿ ਆਲਮੀ ਦੇ ਆਰਥਿਕ ਅਖਾੜੇ ਵਿੱਚ ਆਰਥਿਕ ਵਿਹਾਰਿਕਤਾ ਹੁਣ ਕਿਸੇ ਰਾਸ਼ਟਰ ਦੇ ਭੂਗੋਲਿਕ ਆਕਾਰ ਜਾਂ ਆਬਾਦੀ 'ਤੇ ਨਿਰਭਰ ਨਹੀਂ ਕਰਦੀ। ਉਦਾਹਰਣ ਵਜੋਂ ਸਕੌਟਲੈਂਡ, ਯੂਕੇ ਨਾਲੋਂ ਰਲੇਵੇਂ ਮਿਟਾ ਕੇ ਕੈਟੇਲੋਨੀਆ ਸਪੇਨ ਤੋਂ ਅਲਹਿਦਾ ਹੋ ਕੇ ਵੀ ਯੂਰੋਪੀਅਨ ਯੂਨੀਅਨ ਦੇ ਹਿੱਸਾ ਬਣੇ ਰਹਿ ਸਕਦੇ ਹਨ ਅਤੇ ਅਜਿਹਾ ਹੋਣ 'ਤੇ ਵੀ ਇਹ ਆਰਥਿਕ ਪੱਖੋਂ ਮਜ਼ਬੂਤ ਰਹਿ ਸਕਦੇ ਹਨ।

ਰਾਜਨੀਤਕ ਭੂ-ਦ੍ਰਿਸ਼ਾਂ 'ਤੇ ਆਜ਼ਾਦੀ ਦੀਆਂ ਲਹਿਰਾਂ ਵਿੱਚ ਜਿਹੜਾ ਨਾਟਕੀ ਰੂਪ ਬਦਲਾਅ ਆਇਆ ਹੈ, ਉਹ ਹੈ ਤੌਰ ਤਰੀਕੇ ਦਾ, ਜੋ ਫਰਾਂਸੀਸੀ ਬੋਲਣ ਵਾਲੇ ਕਿਊਬੈਕ ਸੂਬੇ ਵੱਲੋਂ ਕੈਨੇਡਾ ਤੋਂ ਆਜ਼ਾਦ ਹੋਣ ਦੀ ਖਾਹਿਸ਼ ਅਤੇ ਸਕੌਟਲੈਂਡ ਦੀ ਇੰਗਲੈਂਡ ਤੋਂ ਆਜ਼ਾਦ ਹੋਣ ਦੀ ਖਾਹਿਸ਼ ਵਿੱਚ ਵਰਤੇ ਗਏ ਸਨ। ਇਨ੍ਹਾਂ ਦੋਵੇਂ ਮਾਮਲਿਆਂ ਵਿੱਚ ਕੇਂਦਰੀ ਸਰਕਾਰ ਵੱਲੋਂ ਖੇਤਰੀ ਸਰਕਾਰ ਨਾਲ ਇੱਕ ਸਮਝੌਤਾ ਹੈ, ਜਿਸ ਤਹਿਤ ਜਨਮੱਤ ਰਾਹੀਂ ਇਸ ਮਸਲੇ ਦਾ ਹੱਲ ਕੱਢਿਆ ਗਿਆ ਕਿ ਉਕਤ ਖ਼ਿੱਤਾ ਆਜ਼ਾਦੀ ਪ੍ਰਾਪਤ ਕਰੇਗਾ ਜਾਂ ਯੂਨੀਅਨ ਦਾ ਇੱਕ ਹਿੱਸਾ ਬਣ ਕੇ ਹੀ ਰਹੇਗਾ। ਦੋਵਾਂ ਮਾਮਲਿਆਂ ਵਿੱਚ ਸਰਕਾਰਾਂ ਵੱਲੋਂ ਵੋਟਾਂ ਰਾਹੀਂ ਸਾਹਮਣੇ ਆਉਣ ਵਾਲੇ ਨਤੀਜਿਆਂ ਨੂੰ ਮੰਨਣ ਦੀ ਸਹਿਮਤੀ ਪ੍ਰਗਟਾਈ ਗਈ। ਦੋਵੇਂ ਹੀ ਮਾਮਲਿਆਂ ਵਿੱਚ ਬਹੁਤ ਥੋੜ੍ਹੇ ਅੰਤਰ ਨਾਲ ਵੋਟਾਂ ਵੱਖ ਨਾ ਹੋਣ ਦੇ ਫ਼ੈਸਲੇ ਵੱਲ ਭੁਗਤੀਆਂ। ਖੇਤਰੀ ਸਰਕਾਰਾਂ ਵੱਲੋਂ ਅਤੇ ਰਾਜਨੀਤਕ ਪਾਰਟੀਆਂ ਵੱਲੋਂ ਫ਼ੈਸਲੇ ਨੂੰ ਮਨਜ਼ੂਰ ਕਰ ਲਿਆ ਗਿਆ ਅਤੇ ਦੋਵੇਂ ਹੀ ਕੇਂਦਰ ਸਰਕਾਰਾਂ ਵੱਲੋਂ ਇਸ ਗੱਲ 'ਤੇ ਜ਼ੋਰ ਨਹੀਂ ਦਿੱਤਾ ਗਿਆ ਕਿ ਭਵਿੱਖ ਵਿੱਚ ਕਦੇ ਵੀ ਅਜਿਹਾ ਕੋਈ ਜਨਮੱਤ ਨਹੀਂ ਹੋ ਸਕੇਗਾ, ਜੋ ਵੱਖ ਹੋਣ ਦੇ ਪੱਖ ਵਿੱਚ ਭੁਗਤ ਸਕਦਾ ਹੋਵੇ। ਇਸ ਵਿੱਚ ਵਿਸ਼ੇਸ਼ ਇਹ ਹੈ ਕਿ ਆਜ਼ਾਦੀ ਦੀ ਮੰਗ ਕਰਨ ਵਾਲਿਆਂ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਹਥਿਆਰਬੰਦ ਵਿਰੋਧ ਜਾਂ ਕੇਂਦਰ ਸਰਕਾਰਾਂ ਵੱਲੋਂ ਹਥਿਆਰਾਂ ਰਾਹੀਂ ਆਜ਼ਾਦੀ ਦੀ ਮੰਗ ਕਰਨ ਵਾਲਿਆਂ ਨੂੰ ਦਬਾਉਣ ਦੀ ਕੋਸ਼ਿਸ਼ ਕਰਨ ਦੀ ਥਾਂ ਇਹ ਸਹਿਮਤੀ ਪ੍ਰਗਟਾਈ ਗਈ ਕਿ ਕਿਸੇ ਵੀ ਮਸਲੇ ਦੇ ਹੱਲ ਲਈ ਜਮਹੂਰੀ ਤਰੀਕੇ ਨਾਲ ਪਾਈਆਂ ਵੋਟਾਂ ਰਾਹੀਂ ਹੱਲ ਕੱਢਿਆ ਜਾਵੇਗਾ। ਇੰਜ ਲੱਗਦਾ ਹੈ ਕਿ ਕੈਟੇਲਾਨ ਸਰਕਾਰ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਪਹਿਲੀ ਅਕਤੂਬਰ ਨੂੰ ਪਾਈਆਂ ਵੋਟਾਂ ਨੂੰ ਮਿਲੇ ਸਮਰਥਨ, ਜਿਸ ਵਿੱਚ ਉਨ੍ਹਾਂ ਦਾ ਸਮਰਥਨ ਵੀ ਸ਼ਾਮਲ ਸੀ ਜੋ ਸਪੇਨ ਤੋਂ ਕੈਟੇਲਾਨ ਦੀ ਆਜ਼ਾਦੀ ਦੇ ਖ਼ਿਲਾਫ ਸਨ, ਦੇ ਬਾਵਜੂਦ ਵੱਡੀ ਗੜਬੜੀ ਹੋਈ ਸੀ। ਇਹ ਗੜਬੜੀ ਸੀ ਕਿ ਇਹ ਜਨਮੱਤ ਮਡਰਿਡ ਸਥਿਤ ਕੇਂਦਰ ਸਰਕਾਰ ਨਾਲ ਆਪਸੀ ਸਲਾਹ ਮਸ਼ਵਰੇ ਰਾਹੀਂ ਨਹੀਂ ਸੀ ਕਰਵਾਇਆ ਗਿਆ। ਸਿੱਟੇ ਵਜੋਂ ਕਾਨੂੰਨੀ ਤੌਰ 'ਤੇ ਇਹ ਪ੍ਰਮਾਣਿਕ ਨਹੀਂ ਹੈ। ਸਪੇਨ ਸਰਕਾਰ ਨੇ ਵੀ ਕੈਨੇਡੀਅਨ ਅਤੇ ਬ੍ਰਿਟਿਸ਼ ਸਰਕਾਰ ਦੇ ਤਜਰਬੇ ਤੋਂ ਸੇਧ ਲੈ ਕੇ ਸਹਿਮਤੀ ਨਾਲ ਵੋਟਾਂ ਦਾ ਰਾਹ ਨਾ ਚੁਣ ਕੇ ਗ਼ਲਤੀ ਕੀਤੀ ਹੈ। ਉਸ ਨੇ ਜਨਮੱਤ ਲਈ ਵੋਟਾਂ ਦੇ ਅਮਲ ਨੂੰ ਦਮਨਕਾਰੀ ਢੰਗ ਨਾਲ ਰੋਕਣਾ ਚਾਹਿਆ। ਇਹ ਢੰਗ ਤਰੀਕਾ, ਜਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਆਮ ਹੀ ਵਰਤੇ ਜਾਂਦੇ ਵੱਧ ਵਹਿਸ਼ੀਆਨਾ ਤੌਰ ਤਰੀਕੇ, ਯੂਰੋਪ ਵਿੱਚ ਵਿਕਸਤ ਹੋਏ ਜਮਹੂਰੀ ਸਭਿਆਚਾਰ ਨਾਲ ਮੇਲ ਨਹੀਂ ਖਾਂਦੇ। ਉੱਥੇ ਮਨੁੱਖੀ ਅਧਿਕਾਰਾਂ ਦਾ ਮਿਆਰ ਹੀ ਏਨਾ ਉੱਚਾ ਹੈ। ਹੁਣ ਜੇਕਰ ਸਪੇਨ ਸਰਕਾਰ, ਗੱਲਬਾਤ ਕਰਨ ਦੀ ਕੈਟੇਲਾਨ ਪੇਸ਼ਕਸ਼ ਨੂੰ ਰੱਦ ਕਰਦੀ ਹੈ ਅਤੇ ਕੈਟੇਲਾਨ ਖ਼ਿੱਤੇ ਨੂੰ ਮਿਲੀ ਖ਼ੁਦਮੁਖ਼ਤਾਰੀ ਵਾਪਸ ਲੈਂਦੀ ਹੈ ਤਾਂ ਇਹ ਖ਼ੁਦ ਨੂੰ ਇਖ਼ਲਾਕੀ ਤੇ ਸਿਆਸੀ ਤੌਰ 'ਤੇ ਕਸੂਤੀ ਸਥਿਤੀ ਵਿੱਚ ਫਸਾ ਲਵੇਗੀ।

ਜਿਸ ਤਰ੍ਹਾਂ ਦਾ ਵਰਤਮਾਨ ਰੇੜਕਾ ਹੈ, ਉਸ ਦੇ ਮੱਦੇਨਜ਼ਰ ਸਿਰਫ਼ ਯੂਰੋਪੀਅਨ ਸੰਘ (ਈ.ਯੂ.) ਦਾ ਦਖ਼ਲ ਹੀ ਗੱਲਬਾਤ ਦਾ ਰਾਹ ਖੋਲ੍ਹ ਸਕਦਾ ਹੈ। ਮਸਲੇ ਦਾ ਹੱਲ ਨਾ ਤਾਂ ਕੈਟੇਲੋਨੀਆ ਦੀ ਪੂਰਨ ਆਜ਼ਾਦੀ ਅਤੇ ਨਾ ਹੀ ਸਪੇਨ ਦੇ ਮੁਕੰਮਲ ਕੰਟਰੋਲ ਦੇ ਰੂਪ ਵਿੱਚ ਹੋ ਸਕਦਾ ਹੈ। ਹੱਲ ਤਾਂਈਸਪੇਨ ਨੂੰ ਇੱਕ ਕਨਫੈਡਰੇਸ਼ਨ ਦਾ ਰੂਪ ਦੇਣ ਵਿੱਚ ਹੋਵੇਗਾ ਜਿਸ ਵਿੱਚ ਕੈਟੇਲੋਨੀਆ ਨੂੰ ਵੱਧ ਅੰਦਰੂਨੀ ਆਰਥਿਕ, ਸਿਆਸੀ ਤੇ ਸਭਿਅਚਾਰਕ ਖ਼ੁਦਮੁਖਤਿਆਰੀ ਹੋਵੇ ਅਤੇ ਸ਼ਾਇਦ ਇਹੋ ਹੀ ਹੱਕ ਬਾਸਕ ਤੇ ਗੈਲਿਸ਼ੀਆ ਖਿੱਤਿਆਂ ਨੂੰ ਵੀ ਮਿਲਣ।

***ਲੇਖਕ ਆਕਸਫੋਰਡ ਬਰੁੱਕਸ ਯੂਨੀਵਰਸਿਟੀ, ਆਕਸਫੋਰਡ (ਯੂ.ਕੇ.) ਵਿੱਚ ਇਕਨੌਮਿਕਸ ਦਾ ਪ੍ਰੋਫ਼ੈਸਰ ਹੈ।**

# ਸ਼ਾਇਰ ਪ੍ਰਵਾਨਾ ਦੀ ਕਾਵਿ ਪੁਸਤਕ 'ਲੋਕ ਰੰਗ ਸੋਚ' ਤੇ ਗੋਸ਼ਟੀ ਨੂੰ ਭਰਵਾਂ ਹੁੰਗਾਰਾ

**ਯੂਨੀਅਨ ਸਿਟੀ/ਬਿਊਰੋ ਨਿਊਜ਼:**
ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਕਾਵਿ ਪੁਸਤਕ ਲੋਕ ਰੰਗ ਸੋਚ' ਤੇ ਗੋਸ਼ਟੀ ਬੜੇ ਹੀ ਉਸਾਰੂ ਅਤੇ ਪ੍ਰਭਾਵਸ਼ਾਲੀ ਖੁਸ਼ਗਵਾਰ ਮਾਹੌਲ ਵਿਚ ਸੰਪਨ ਹੋਈ। Guy Emanuele Jr. Elementary School ਵਿਖੇ ਕਰਵਾਏ ਇਸ ਸਮਾਗਮ ਵਿੱਚ ਸਕੂਲ ਦੀ ਅਧਿਆਪਕਾ Gina Pacaldo ਨੇ ਸਭਨਾਂ ਨੂੰ ਜੀ ਆਇਆਂ ਆਖਦਿਆਂ ਖੁਸ਼ੀ ਨਾਲ ਦਸਿਆ ਕਿ ਪ੍ਰਵਾਨਾ ਵੱਲੋਂ ਇਸ ਸਕੂਲ ਵਿਚ ਪੰਜਾਬੀ ਪ੍ਰੋਗਰਾਮ ਕਰਵਾਉਣ ਦੀ ਸ਼ੁਰੂਆਤ ਕੀਤੀ ਹੈ ਅਤੇ ਪਹਿਲਾਂ ਵੀ ਤਿੰਨ ਸਫ਼ਲ ਪ੍ਰੋਗਰਾਮ ਕਰਵਾਏ ਗਏ ਹਨ। ਸਕੂਲ ਵੱਲੋਂ ਆਪ ਸਭ ਦਾ ਸੁਆਗਤ ਹੈ। ਪ੍ਰੋਗਰਾਮ ਦਾ ਆਗਾਜ਼ ਜਸਦੀਪ ਸਿੰਘ ਫਰੀਮੌਂਟ ਵੱਲੋਂ ਲੋਕ ਸਾਜ਼ ਅਲਗੋਜਿਆਂ ਦੀ ਮਧੁਰ ਧੁਨ ਨਾਲ ਕੀਤਾ ਗਿਆ। ਸਮੂਹ ਲੋਕ ਗਾਇਕਾਂ ਮੰਗਜੀਤ ਸਿੰਘ ਮੰਗਾ, ਤਰਸੇਮ ਸਿੰਘ ਔਜਲਾ, ਅਮਰਜੀਤ ਸਿੰਘ ਜੌਹਲ, ਦਰਸ਼ਨ ਸਿੰਘ ਔਜਲਾ, ਮਹਿੰਦਰ ਸਿੰਘ ਰਾਜਪੂਤ ਨੇ ਸਭਿਆਚਾਰਕ ਗੀਤਾਂ ਨਾਲ ਖੂਬ ਰੰਗ ਬੰਨਿਆ।



ਪਰਚਾ ਪਾਠ ਦੌਰ ਵਿਚ ਡਾ. ਗੁਰਮੀਤ ਸਿੰਘ ਬਰਸਾਲ ਨੇ ਮੰਚ ਸੰਭਾਲਣ ਬਾਅਦ ਕਾਵਿ ਪੁਸਤਕ ਤੇ ਬੋਲਦਿਆਂ ਕਿਹਾ ਕਿ ਪੁਸਤਕ ਵਿਚ ਛੋਈਆਂ ਕਵਿਤਾਵਾਂ ਖਿੱਚ ਦਾ ਕੇਂਦਰ ਹਨ। ਪ੍ਰਵਾਨਾ ਨੇ ਛੋਟੀ ਕਵਿਤਾ ਵਿਚ ਵੀ ਵੱਡੇ ਵਿਸ਼ੇ ਛੋਹੇ ਹਨ। ਵਿਸ਼ੇ ਦੀ ਡੂੰਘਾਈ ਪਾਠਕ ਨੂੰ ਹੋਰ ਗੰਭੀਰ ਹੋ ਕੇ ਸੋਚਣ ਲਈ ਮਜ਼ਬੂਰ ਕਰ ਦਿੰਦੀ ਹੈ। ਕਵਿਤਾਵਾਂ ਸੰਦੇਸ਼ ਮਈ ਅਤੇ ਸਮਾਜ ਨੂੰ ਸੇਧ ਦੇਣ ਵਾਲੀਆਂ ਹਨ।

ਡਾ. ਗੁਰਦਰਪਾਲ ਸਿੰਘ ਦਾ ਕਾਵਿ ਪੁਸਤਕ ਤੇ ਲਿਖਿਆ ਪਰਚਾ 'ਮਾਨਵੀ ਜੀਵਨ ਦੇ ਸੱਚ ਤੇ ਸੰਘਰਸ਼ ਦਾ ਯਥਾਰਥਕ ਪ੍ਰਵਚਨ ਲੋਕ ਰੰਗ ਸੋਚ ਸਾਹਿਤਕਾਰ ਅਮਰਜੀਤ ਸਿੰਘ ਜੌਹਲ ਵੱਲੋਂ ਪੜ੍ਹਿਆ ਗਿਆ। ਪਰਚਾ ਲੇਖਕ ਦਾ ਕਹਿਣਾ ਦੀ ਕਿ ਪ੍ਰਵਾਨਾ ਦੀ ਸ਼ਾਇਰੀ ਕਵੀ ਦੇ ਨਿਜੀ ਵਲਵਲਿਆਂ ਜਾਂ ਖਹਿਸ਼ਾਂ ਦਾ ਸੰਵਾਦ ਨਹੀਂ ਰਚਾਉਂਦੀ। ਕਿਸੇ ਸ਼ੋਹਰਤ ਜਾਂ ਲਾਲਚ ਦਾ ਮੁੱਢ ਨਹੀਂ ਬੰਨਦੀ। ਸਗੋਂ ਇਸ ਸ਼ਾਇਰੀ ਵਿਚ ਹਰ ਜੀਵਨ ਹਾਰੀ ਸਾਰੀ ਦਾ ਜ਼ਿਕਰ ਅਤੇ ਫਿਕਰ ਵਿਦਮਾਨ ਹੈ। ਸ਼ਾਇਰ ਸਾਹਿਤਕ ਸਮਾਧੀ ਵਿਚ ਲੀਨ ਹੋ ਕੇ ਸਰਵ ਹਿੱਤ ਤੇ ਸਰਵ ਕਲਿਆਣਕਾਰੀ ਕਾਰਜਾਂ ਨੂੰ ਅੰਜ਼ਾਮ ਦੇਣ ਦਾ ਵਾਅਦਾ ਕਰਦਾ ਹੈ। ਕਵਿਤਾਵਾਂ ਵਿਚਲੀ ਕਾਵਿਕਤਾ, ਸੰਖੇਪਤਾ, ਸੰਜਮਤਾ ਕਾਇਮ ਰਹੀ ਹੈ। ਕਵਿਤਾਵਾਂ ਲੈਅਮਈ, ਸੰਦੇਸ਼ਮਈ ਤੇ ਮਾਨਸਿਕਤਾ ਤੇ ਪ੍ਰਭਾਵ ਪਾਉਣ ਵਾਲੀਆਂ ਹਨ।

ਸਾਹਿਤਕਾਰ ਪ੍ਰਵਾਨਾ ਵੱਲੋਂ ਪੰਜਾਬੀ ਮਾਂ ਬੋਲੀ ਦੀ ਉੱਨਤੀ ਲਈ ਯਤਨ ਵਿਸ਼ੇ ਤੇ ਕਿਹਾ ਗਿਆ ਕਿ ਯੂਨੈਸਕੋ (UNESCO) ਦੀ ਰਿਪ੍ਰੋਟ ਵਿਚ ਅਫਵਾਹ ਸੀ ਕਿ ਇਸ ਸਦੀ ਦੇ ਅੰਤ ਤੀਕ ਕਈ ਬੋਲੀਆਂ ਲੋਪ ਹੋ ਜਾਣਗੀਆਂ ਜਿਸ ਵਿਚ ਪੰਜਾਬੀ ਵੀ ਦੱਸੀ ਜਾਂਦੀ ਸੀ। ਪਰ ਜਿਸ ਪੰਜਾਬੀ ਮਾਂ ਬੋਲੀ ਕੋਲ ਗੌਰਵਮਈ ਅਮੀਰੀ, ਵਿਲੱਖਣ ਵਿਰਸਾ ਅਤੇ ਰੌਚਿਕ ਸਭਿਆਚਾਰ ਜਿੰਦਾ ਹੈ ਉਹ ਬੋਲੀ ਕਿਵੇਂ ਲੋਪ ਹੋ ਸਕਦੀ ਹੈ। ਕਾਵਿ ਪੁਸਤਕ ਪ੍ਰੌੜ ਸਟੇਜ਼ੀ ਕਵੀ ਜਨਾਬ ਈਸ਼ਰ ਸਿੰਘ ਮੋਮਨ ਵੱਲੋਂ ਲੋਕ ਅਰਪਣ ਕੀਤੀ ਗਈ। ਪ੍ਰਵਾਨਾ ਵੱਲੋਂ ਹਾਜ਼ਰੀਨ ਨੂੰ ਪੁਸਤਕ ਪ੍ਰੇਮ ਭੇਂਟ ਕੀਤੀ ਗਈ।

ਕਵੀ ਦਰਬਾਰ ਦੇ ਦੌਰ ਜਨਾਬ ਈਸ਼ਰ ਸਿੰਘ ਮੋਮਨ, ਡਾ. ਕਪਿਲਾ, ਡਾ. ਗੁਰਮੀਤ ਸਿੰਘ ਬਰਸਾਲ, ਜਸਦੀਪ ਸਿੰਘ ਫਰੀਮੋਂਟ, ਤਰਸੇਮ ਸਿੰਘ ਸੁੰਮਨ, ਡਾ. ਪਲਵਿੰਦਰ ਸਿੰਘ ਗੁਰਾਇਆ, ਪ੍ਰਮਿੰਦਰ ਸਿੰਘ ਪ੍ਰਵਾਨਾ, ਅਰਵਿੰਦਰਜੀਤ ਕੌਰ ਪੰਧੇਰ, ਮਹਿੰਗਾ ਸਿੰਘ ਸਰਪੰਚ ਨੇ ਰਚਨਾਵਾਂ ਸੁਣਾਈਆਂ।

ਪ੍ਰੋਗਰਾਮ ਦੀ ਸਭ ਤੋਂ ਵੱਡੀ ਸਫਲਤਾ ਇਸ ਵਿਚ ਰਹੀ ਕਿ ਸਕੂਲ ਵਿਚ ਹੋਏ ਇਸ ਪ੍ਰੋਗਰਾਮ ਵਿਚ ਬੱਚਿਆਂ ਨਾਲ ਮਾਪੇ ਵੀ ਸ਼ਾਮਲ ਹੋਏ ਜਿਨ੍ਹਾਂ ਨੇ ਬੱਚਿਆਂ ਨੂੰ ਮੰਚ ਤੇ ਬੋਲਣ ਦਾ ਉਤਸ਼ਾਹ ਦਿੱਤਾ। ਕਾਕਾ ਬਰਨਣ ਸਿੰਘ ਨੇ ਅੰਗਰੇਜ਼ੀ ਵਿਚ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਸੰਖੇਪ ਝਾਤ ਪੁਆਈ ਗਈ। ਇਸ ਦੇ ਨਾਲ ਹੀ ਉਸ ਵੱਲੋਂ ਪੰਜਾਬੀ ਸਭਿਆਚਾਰ ਨੂੰ ਦਰਸਾਉਂਦਿਆਂ ਪਰਦੇ ਤੇ ਤਸਵੀਰ ਝਲਕੀਆਂ (Slide Show) ਵਿਖਾਈਆਂ ਗਈਆਂ। ਉਪਰੰਤ ਨਵਰੂਪ ਕੌਰ, ਰਣਬੀਰ ਸਿੰਘ, ਅਰਸ਼ਵੀਰ ਵੱਲੋਂ ਮੂਲ ਮੰਤਰ ਦਾ ਪਾਠ ਸਰਵਣ ਕਰਵਾਇਆ ਗਿਆ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਪੂਰਨ ਸਹਿਯੋਗ ਮਿਲਿਆ। ਪ੍ਰੋਗਰਾਮ ਦੀ ਸਫਲਤਾ ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਜਾਰੀ ਰਹਿਣਗੇ। ਹੋਰ ਸਹਿਯੋਗੀਆਂ ਵਿਚ ਕਮਲਜੀਤ ਸਿੰਘ ਅਟਵਾਲ, ਕਸ਼ਮੀਰ ਸਿੰਘ ਧੁੱਗਾ, ਮਨਜੀਤ ਸਿੰਘ ਸ਼ਾਮਲ ਸਨ। ਪ੍ਰਿੰ. ਸੁਰਜੀਤ ਸਿੰਘ ਨਨੂਆ, ਗੁਰਦਿਆਲ ਸਿੰਘ ਨੂਰਪੁਰੀ ਅਤੇ ਅਵਤਾਰ ਸਿੰਘ ਮਿਸ਼ਨਰੀ ਨੇ ਵੀ ਪ੍ਰਵਾਨਾ ਦੀ ਸਖ਼ਸ਼ੀਅਤ ਅਤੇ ਪੁਸਤਕ ਬਾਰੇ ਵਿਚਾਰ ਪ੍ਰਗਟਾਏ।

ਸਭਨਾਂ ਬੁਲਾਰਿਆਂ ਕਲਾਕਾਰਾਂ, ਸਰੋਤਿਆਂ ਅਤੇ ਪ੍ਰਬੰਧਕਾਂ ਨੇ ਨਿਸ਼ਕਾਮ ਸੇਵਾ ਵਿਚ ਹਿੱਸਾ ਲੈ ਕੇ ਪੰਜਾਬੀ ਮਾਂ ਬੋਲੀ ਅਤੇ ਸਭਿਆਚਾਰ ਲਈ ਆਪਣੇ ਆਪ ਨੂੰ ਸਮਰਪਤਿ ਕੀਤਾ ਹੈ। ਦੇਰ ਤਰਕਾਲਾਂ ਤੱਕ ਚਲੇ ਇਸ ਪ੍ਰੋਗਰਾਮ ਵਿਚ ਸੋਰਤਿਆਂ ਨੇ ਬੜੇ ਖੁੱਲ੍ਹੇ ਅਤੇ ਸਦਭਾਵਨਾ ਵਾਲੇ ਮਾਹੌਲ ਵਿਚ ਪ੍ਰੋਗਰਾਮ ਦਾ ਆਨੰਦ ਮਾਣਿਆ। ਅੰਤ ਵਿਚ ਪ੍ਰਵਾਨਾ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।









## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

**Bride WANTED**

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

**Office for Lease in Union City, CA**



Nice clean office

1200 to 1500 Sq feet in the business area of Union City. Best for Trucking company if extra warehouse needed.

Call at:

**510-875-3279**

**For Classified Contact**

**510.240.5949**

# ਸਿਆਟਲ 'ਚ ਸ੍ਰੀ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਮਨਾਇਆ

**ਸਿਆਟਲ/ਬਿਊਰੋ ਨਿਊਜ਼ :** ਗੁਰਦੁਆਰਾ ਸੱਚਾ ਮਾਰਗ ਐਬਰਨ ਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਭਾਈ ਕੁਲਵਿੰਦਰ ਸਿੰਘ, ਭਾਈ ਗੁਰਮੀਤ ਸਿੰਘ ਤੇ ਭਾਈ ਦਵਿੰਦਰਪਾਲ ਸਿੰਘ ਨੇ ਕੀਰਤਨ ਰਾਹੀਂ ਗੁਰੂ ਦੀ ਉਪਮਾ ਕੀਤੀ। ਸਟੇਜ ਸਕੱਤਰ ਭਾਈ ਹਰਜਿੰਦਰ ਸਿੰਘ ਸੰਧੂ ਨੇ ਗੁਰਪੁਰਬ ਤੇ ਕੱਤਕ ਦੇ ਮਹੀਨੇ ਦੀ ਸੰਗਰਾਂਦ ਦੀਆਂ ਵਧਾਈਆਂ ਦਿੱਤੀਆਂ। ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਧਾਰਮਿਕ ਦੀਵਾਨ ਸਜਾਏ ਗਏ। ਸਹਿਜ ਪਾਠ ਦੇ ਭੋਗ ਪੈਣ ਉਪਰੰਤ ਭਾਈ ਮਨਜੀਤ ਸਿੰਘ ਦੇ ਪਰਿਵਾਰ ਵਲੋਂ ਲੰਗਰਾਂ ਦੀ ਸੇਵਾ ਨਿਭਾਈ ਗਈ। ਗੁਰੂ ਘਰ ਦੇ ਕੀਰਤਨੀ ਜਥੇ ਭਾਈ ਜਰਨੈਲ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਭਾਈ ਅਵਤਾਰ ਸਿੰਘ ਆਦਮਪੁਰੀ ਨੇ ਆਉਣ ਵਾਲੇ ਸਮਾਗਮਾਂ ਬਾਰੇ ਚਾਨਣਾ ਪਾਇਆ।





## ਟਰੰਪ ਦੀ ਜਾਇਦਾਦ 60 ਕਰੋੜ ਡਾਲਰ ਘਟੀ, ਅਰਬਪਤੀਆਂ ਦੀ ਸੂਚੀ 'ਚੋਂ ਖਿਸਕ ਕੇ 92ਵੇਂ ਨੰਬਰ 'ਤੇ ਆਏ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਵੇਂ ਕਿ ਅਮਰੀਕਾ ਦੇ ਅਮੀਰ ਹੋਰ ਵੀ ਅਮੀਰ ਹੋ ਰਹੇ ਹਨ ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਜਾਇਦਾਦ ਵਿਚ 60 ਕਰੋੜ ਅਮਰੀਕੀ ਡਾਲਰ ਦੀ ਕਮੀ ਆਈ ਹੈ। ਹੁਣ ਇਹ ਘੱਟ ਕੇ 3.1 ਅਰਬ ਅਮਰੀਕੀ ਡਾਲਰ ਰਹਿ ਗਈ ਹੈ। ਫੋਰਬਸ ਵਲੋਂ ਮੰਗਲਵਾਰ ਨੂੰ ਜਾਰੀ ਕੀਤੀ ਗਈ 400 ਸਭ ਤੋਂ ਅਮੀਰ ਅਮਰੀਕੀਆਂ ਦੀ ਸੂਚੀ ਵਿਚ ਇਹ ਗੱਲ ਸਾਹਮਣੇ ਆਈ ਹੈ।

ਅਰਬਪਤੀਆਂ ਦੀ ਸੂਚੀ ਵਿਚ ਇਸ ਸਾਲ ਟਰੰਪ 248ਵੇਂ ਸਥਾਨ ਉੱਤੇ ਹਨ। ਪਿਛਲੇ ਸਾਲ ਦੇ 156ਵੇਂ ਸਥਾਨ ਦੇ ਮੁਕਾਬਲੇ ਉਹ ਇਸ ਸਾਲ 92 ਰੈਂਕ ਹੇਠਾਂ ਹਨ। ਸਨੈਪਚੈਟ ਦੇ 27 ਸਾਲਾ ਸੰਸਥਾਪਕ ਅਤੇ ਸੀ.ਈ.ਓ. ਇਵਾਨ ਸਪੀਗਲ ਵੀ ਟਰੰਪ ਨਾਲ 248ਵੇਂ ਸਥਾਨ 'ਤੇ ਹਨ। ਫੋਰਬਸ ਦੀ ਸੂਚੀ ਵਿਚ ਇਵਾਨ ਸਪੀਗਲ ਸਭ ਤੋਂ ਘੱਟ ਉਮਰ ਦੇ ਅਰਬਪਤੀ ਹਨ।

ਮਾਇਕ੍ਰੋਸਾਫਟ ਦੇ ਸਾਥੀ-ਸੰਸਥਾਪਕ ਬਿੱਲ ਗੇਟਸ ਲਗਾਤਾਰ 24ਵੇਂ ਸਾਲ ਇਸ ਸੂਚੀ ਵਿੱਚ ਸਿਖਰ ਉੱਤੇ ਹਨ। ਉਨ੍ਹਾਂ ਦੀ ਜਾਇਦਾਦ ਦਾ ਮੁੱਲ 89 ਅਰਬ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਹੈ। ਅਮੇਜਨ ਦੇ ਸੰਸਥਾਪਕ ਅਤੇ ਸੀ.ਈ.ਓ. ਜੈਫ ਬੇਜੋਸ 81.5 ਅਰਬ ਅਮਰੀਕੀ ਡਾਲਰ ਦੀ ਜਾਇਦਾਦ ਨਾਲ ਦੂਜੇ ਸਥਾਨ ਉੱਤੇ ਹਨ।

ਇਸ ਦੇ ਬਾਅਦ ਵਾਰੇਨ ਬਫੇ ਅਤੇ ਫੇਸਬੁੱਕ ਦੇ ਮਾਰਕ ਜ਼ੁਕਰਬਰਗ ਦਾ ਸਥਾਨ ਹੈ। ਫੋਰਬਸ ਮੁਤਾਬਕ, ਸਾਰੇ 400 ਅਰਬਪਤੀਆਂ ਦੀ ਕੁੱਲ ਜਾਇਦਾਦ 2 ਲੱਖ 70 ਹਜ਼ਾਰ ਕਰੋੜ ਅਮਰੀਕੀ ਡਾਲਰ ਹੈ। ਇਹ ਪਿਛਲੇ ਸਾਲ ਦੀ ਕੁਲ ਜਾਇਦਾਦ 2 ਲੱਖ 40 ਹਜ਼ਾਰ ਅਮਰੀਕੀ ਡਾਲਰ ਤੋਂ ਕਿਤੇ ਜ਼ਿਆਦਾ ਹੈ।

## ਨਿਊਯਾਰਕ : ਪੰਜਾਬਣ ਨੂੰ ਬਲਦੀ ਕਾਰ 'ਚ ਛੱਡ ਕੇ ਦੌੜਿਆ ਡਰਾਈਵਰ

**ਨਿਊ ਯਾਰਕ/ਬਿਊਰੋ ਨਿਊਜ਼ :** ਇਥੇ ਹਾਦਸੇ ਵਿੱਚ ਕਾਰ ਨੂੰ ਅੱਗ ਲੱਗਣ ਬਾਅਦ ਡਰਾਈਵਰ ਨੇ ਭਾਰਤੀ ਮੂਲ ਦੀ ਮੁਟਿਆਰ ਨੂੰ ਸੜਨ ਲਈ ਇਕੱਲਿਆਂ ਛੱਡ ਦਿੱਤਾ। ਨਿਊ ਯਾਰਕ ਡੇਲੀ ਦੀ ਰਿਪੋਰਟ ਮੁਤਾਬਕ ਅੱਗ ਬੁਝਾਊ ਅਮਲੇ ਨੇ ਸ਼ੁੱਕਰਵਾਰ ਤੜਕੇ 25 ਸਾਲਾ ਹਰਲੀਨ ਗਰੇਵਾਲ ਦੀ ਕਾਰ ਵਿਚੋਂ ਸੜੀ ਹੋਈ ਲਾਸ਼ ਬਰਾਮਦ ਕੀਤੀ। ਸਈਦ ਅਹਿਮਦ (23), ਜਿਸ ਨੂੰ ਅਖ਼ਬਾਰ ਨੇ 'ਬੇਰਹਿਮ' ਲਿਖਿਆ ਹੈ, ਨੇ ਆਪਣੀ ਲਗਜ਼ਰੀ ਕਾਰ 'ਇਨਫਿਨਿਟੀ 35ਜੀ' ਬਰੂਕਲਿਨ-ਕੁਈਨਜ਼ ਐਕਸਪ੍ਰੈੱਸਵੇਅ ਉਤੇ ਪੱਥਰ ਦੇ ਬੈਰੀਅਰ ਵਿੱਚ ਮਾਰੀ। ਇਸ ਕਾਰਨ ਕਾਰ ਨੂੰ ਅੱਗ ਲੱਗ ਗਈ। ਰਿਪੋਰਟ ਮੁਤਾਬਕ ਅਹਿਮਦ ਸੜ ਰਹੀ ਕਾਰ ਵਿਚੋਂ ਹਰਲੀਨ ਨੂੰ ਕੱਢਣ ਦੀ ਬਜਾਏ ਟੈਕਸੀ ਕਰਾ ਕੇ ਆਪ ਹਸਪਤਾਲ ਪਹੁੰਚ ਗਿਆ। ਅੱਗ ਬੁਝਾਊ ਅਮਲੇ ਨੇ ਜਦੋਂ ਅੱਗ ਬੁਝਾਈ ਤਾਂ ਕਾਰ ਦੀ ਮੁਸਾਫ਼ਰ ਸੀਟ ਤੋਂ ਸੜੀ ਹੋਈ ਮੁਟਿਆਰ ਮਿਲੀ। ਪੁਲੀਸ ਨੇ ਦੱਸਿਆ ਕਿ ਜਦੋਂ ਕਾਰ ਸੜ ਰਹੀ ਸੀ ਤਾਂ ਅਹਿਮਦ ਹਸਪਤਾਲ ਚਲਾ ਗਿਆ, ਜਿਥੇ ਉਸ ਦੀਆਂ ਸੜੀਆਂ ਲੱਤਾਂ ਤੇ ਬਾਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਪੁਲੀਸ ਨੇ ਉਸ ਨੂੰ ਹਸਪਤਾਲ ਕਾਬੂ ਕਰਕੇ ਉਸ ਖ਼ਿਲਾਫ਼ ਕਤਲ, ਅਪਰਾਧਕ ਅਣਗਹਿਲੀ, ਦੁਰਘਟਨਾ ਸਥਾਨ ਤੋਂ ਫਰਾਰ ਹੋਣ, ਤੇਜ਼ ਰਫ਼ਤਾਰ ਤੇ ਹੋਰ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਹੈ। ਫਲੈਟਲੈਂਡਜ਼ ਵਾਸੀ ਅਹਿਮਦ ਨੇ ਮੰਨਿਆ ਕਿ ਹਾਦਸੇ ਤੋਂ ਪਹਿਲਾਂ ਉਸ ਨੇ ਸ਼ਰਾਬ ਪੀਤੀ ਸੀ ਪਰ ਹਸਪਤਾਲ ਵਿੱਚ ਖ਼ੂਨ ਦੇ ਨਮੂਨੇ ਵਿਚ ਅਲਕੋਹਲ ਦੀ ਮਾਤਰਾ ਕਾਨੂੰਨੀ ਤੌਰ 'ਤੇ ਤੈਅ ਮਾਪਦੰਡਾਂ ਤੋਂ ਵੱਧ ਨਹੀਂ ਆਈ। ਇਸ ਹਾਦਸੇ ਤੋਂ ਪਹਿਲਾਂ ਹੀ ਅਹਿਮਦ ਦਾ ਡਰਾਈਵਿੰਗ ਲਾਈਸੈਂਸ ਰੱਦ ਕਰ ਦਿੱਤਾ ਗਿਆ ਸੀ, ਜਿਸ ਕਾਰਨ ਉਸ ਦਾ ਕਾਰ ਚਲਾਉਣਾ ਵੀ ਗ਼ੈਰ-ਕਾਨੂੰਨੀ ਸੀ। ਹਰਲੀਨ ਕੌਰ ਉਸ ਦੀ ਦੋਸਤ ਸੀ, ਫ਼ਿਰ ਵੀ ਅਹਿਮਦ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਅਹਿਮਦ ਦੇ ਭਰਾ ਵਹੀਦ ਨੇ ਦਾਅਵਾ ਕੀਤਾ ਕਿ ਉਸ ਦੇ ਭਰਾ ਨੇ ਸਵਾਰੀ ਨੂੰ ਬਚਾਉਣ ਦਾ ਯਤਨ ਕੀਤਾ ਸੀ। ਉਹ ਕਾਰ ਵਿੱਚ ਫਸ ਗਈ ਸੀ ਅਤੇ ਉਸ ਨੇ ਮੁਟਿਆਰ ਨੂੰ ਬਾਹਰ ਕੱਢਣ ਦਾ ਯਤਨ ਕੀਤਾ ਸੀ, ਜਿਸ ਕਾਰਨ ਉਸ ਦੀਆਂ ਬਾਹਾਂ ਸੜੀਆਂ ਹਨ। ਹਰਲੀਨ ਗਰੇਵਾਲ ਦੇ ਦੋਸਤ ਕਰਨ ਸਿੰਘ ਢਿੱਲੋਂ, ਜੋ ਕੇਟਰਿੰਗ ਕੰਪਨੀ ਲਈ ਕੰਮ ਕਰਦਾ ਹੈ, ਨੇ ਕਿਹਾ, 'ਉਹ ਬਹੁਤ ਚੰਗੀ ਇਨਸਾਨ ਸੀ, ਜੋ ਹਮੇਸ਼ਾ ਦੂਜਿਆਂ ਦਾ ਖਿਆਲ ਰੱਖਦੀ ਸੀ। ਉਹ ਲੋਕਾਂ ਲਈ ਕੁੱਝ ਵੀ ਕਰ ਸਕਦੀ ਸੀ।'

# ਅਮਰੀਕੀ ਲੇਖਕ ਜਾਰਜ ਸਾਂਡਰਸ ਨੇ ਜਿੱਤਿਆ ਮੈਨ ਬੁੱਕਰ ਪੁਰਸਕਾਰ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਜਾਰਜ ਸਾਂਡਰਸ ਨੇ ਆਪਣੀ ਕਿਤਾਬ 'ਲਿੰਕਨ ਇਨ ਦਿ ਬਾਰਡੋ' ਲਈ ਇਸ ਸਾਲ ਦਾ ਮੈਨ ਬੁੱਕਰ ਪੁਰਸਕਾਰ ਜਿੱਤ ਲਿਆ ਹੈ। ਸਾਂਡਰਸ 50 ਹਜ਼ਾਰ ਡਾਲਰ ਇਨਾਮ ਵਾਲਾ ਇਹ ਪੁਰਸਕਾਰ ਜਿੱਤਣ ਵਾਲੇ ਦੂਜੇ ਅਮਰੀਕੀ ਲੇਖਕ ਬਣ ਗਏ ਹਨ। ਛੋਟੀ ਕਹਾਣੀਆਂ ਲਿਖਣ ਲਈ ਮਸ਼ਹੂਰ ਰਹੇ ਸਾਂਡਰਸ ਦਾ ਇਹ ਪਹਿਲਾ ਨਾਵਲ ਹੈ ਜੋ ਕਬਰਿਸਤਾਨ ਵਿੱਚ ਬੀਤੀ ਇੱਕ ਰਾਤ ਦੀ ਕਹਾਣੀ ਬਿਆਨ ਕਰਦਾ ਹੈ। ਉਨ੍ਹਾਂ ਦੀ ਕਿਤਾਬ ਅਬਰਾਹਮ ਲਿੰਕਨ ਦੀ ਆਪਣੇ ਬੇਟੇ ਦੀ ਮੌਤ ਦੇ ਬਾਅਦ ਦੇ ਦੁੱਖ ਅਤੇ ਉਸ ਦੀ ਕਬਰ 'ਤੇ ਉਨ੍ਹਾਂ ਦੀ ਯਾਤਰਾ ਨੂੰ ਬਿਆਨ ਕਰਦੀ ਹੈ। ਲੰਡਨ ਦੇ ਗਿਲਡਹਾਲ ਵਿੱਚ ਡਚੇਜ ਆਫ ਕਾਰਨਵਾਲ ਨੇ ਜੇਤੂ ਨੂੰ ਟਰਾਫੀ ਦਿੱਤੀ। ਨਿਊਯਾਰਕ ਵਿੱਚ ਰਹਿਣ ਵਾਲੇ ਅਤੇ ਟੈਕਸਸ ਵਿੱਚ ਪੈਦਾ ਹੋਏ ਸਾਂਡਰਸ ਨੂੰ ਇਸ ਤੋਂ ਪਹਿਲਾਂ ਆਪਣੀਆਂ ਕਹਾਣੀਆਂ ਲਈ ਫੋਲੀਯੋ ਪ੍ਰਾਇਜ਼ ਅਤੇ ਸਟੋਰੀ ਪ੍ਰਾਇਜ਼ ਮਿਲ ਚੁੱਕਾ ਹੈ। 'ਲਿੰਕਨ ਇਨ ਦਿ ਬਾਰਡੋ' ਉਨ੍ਹਾਂ ਦੀ 9ਵੀਂ ਕਿਤਾਬ ਹੈ। ਉਨ੍ਹਾਂ ਦੀ ਕਿਤਾਬ ਸੱਚੀ ਘਟਨਾ 'ਤੇ ਆਧਾਰਤ ਹੈ ਜਦੋਂ ਲਿੰਕਨ ਦੇ 11 ਸਾਲਾਂ ਬੇਟੇ ਵਿਲੀ ਨੂੰ 1862 ਵਿੱਚ ਵਾਸ਼ਿੰਗਟਨ ਡੀ.ਸੀ. ਦੇ ਕਬਰਿਸਤਾਨ ਲਿਜਾਇਆ ਗਿਆ ਸੀ। ਮੈਨ ਬੁਕੇ ਪ੍ਰਾਇਜ਼ ਸਾਲ 2014 ਤੋਂ ਹੀ ਅਮਰੀਕੀ ਲੇਖਕਾਂ ਲਈ ਵੀ ਖੁੱਲ੍ਹਾ ਹੈ। ਬੀਤੇ ਸਾਲ ਅਮਰੀਕੀ ਲੇਖਕ ਪਾਲ ਬਿਊਟੀ ਨੂੰ ਇਹ ਇਨਾਮ ਦਿੱਤਾ ਗਿਆ ਸੀ। ਸਾਂਡਰਸ ਨੇ ਐਵਾਰਡ ਮਿਲਣ ਤੋਂ ਪਹਿਲਾਂ ਟਾਇਮ ਮੈਗਜ਼ੀਨ ਨੂੰ ਕਿਹਾ ਸੀ ਕਿ ਉਹ ਲਿੰਕਨ ਬਾਰੇ ਨਹੀਂ ਲਿਖਣਾ ਚਾਹੁੰਦੇ ਸੀ ਪਰ ਉਨ੍ਹਾਂ ਨੇ "ਲਿੰਕਨ ਦੇ ਆਪਣੇ ਬੇਟੇ ਦੀ ਕਬਰ 'ਤੇ ਜਾਣ ਦੀ ਜਿਹੜੀ ਕਹਾਣੀ ਸੁਣੀ ਸੀ, ਉਸ ਨੇ ਉਨ੍ਹਾਂ ਨੂੰ ਕਾਫੀ ਪ੍ਰਭਾਵਿਤ ਕੀਤਾ ਸੀ।" ਮੈਂ ਕਿਤਾਬ ਜ਼ਰੀਏ ਉਹੀ ਪ੍ਰਤੀਕਿਰਿਆ ਹਾਸਲ ਕਰਨਾ ਚਾਹੁੰਦਾ ਸੀ ਜੋ ਕਈ ਸਾਲ ਪਹਿਲਾਂ ਮੈਂ ਮਹਿਸੂਸ ਕੀਤੀ ਸੀ। ਸਾਂਡਰਸ ਸਿਰਾਕਿਊਜ਼ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਹਨ ਤੇ ਸਾਲ 2013 ਵਿਚ ਟਾਇਮ ਪਤ੍ਰਿਕਾ ਨੇ ਉਨ੍ਹਾਂ ਨੂੰ ਦੁਨੀਆ ਦੇ 100 ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਸੀ।




# ਬ੍ਰਿਟਿਸ਼ ਐਜੂਕੇਸ਼ਨਲ ਐਂਡ ਕਲਚਰਲ ਐਸੋਸੀਏਸ਼ਨ ਆਫ਼ ਸਿੱਖਜ਼ ਦਾ 28 ਵਾਂ ਸਾਲਾਨਾ ਸਾਹਿਤਕ ਸਮਾਗਮ ਸਮਾਪਤ

**ਲੰਡਨ/ਬਿਊਰੋ ਨਿਊਜ਼ :** ਬ੍ਰਿਟਿਸ਼ ਐਜੂਕੇਸ਼ਨਲ ਐਂਡ ਕਲਚਰਲ ਐਸੋਸੀਏਸ਼ਨ ਆਫ਼ ਸਿੱਖਜ਼ (ਬੀਕਾਸ) ਬਰੈਡਫੋਰਡ ਵੱਲੋਂ 28ਵਾਂ ਸਾਲਾਨਾ ਸਾਹਿਤਕ ਸਮਾਗਮ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਦੇ ਸ਼ਹੀਦ ਊਧਮ ਸਿੰਘ ਹਾਲ ਵਿਚ ਕਰਵਾਇਆ ਗਿਆ। ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਲੇਖਕ ਤੇ ਪੱਤਰਕਾਰ ਮਨਦੀਪ ਖੁਰਮੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੇ ਪਹਿਲੇ ਦੌਰ ਵਿਚ ਇੰਗਲੈਂਡ ਦੇ ਜੰਮਪਲ ਬੱਚਿਆਂ ਦਾ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿਚ ਕੋਮਲ ਕੌਰ, ਦਿਲਰਾਜ ਕੌਰ, ਸਰਵੰਸ ਸਿੰਘ, ਜਸਕੀਰਤ ਸਿੰਘ, ਸਿਮਰਨ ਕੌਰ ਸੇਖੋਂ, ਹਰਲੀਨ ਕੌਰ, ਤਰਨਜੀਤ ਸਿੰਘ, ਹਿੰਮਤ ਖੁਰਮੀ, ਕੀਰਤ ਖੁਰਮੀ, ਸਤਕਿਰਨ ਕੌਰ, ਰਮਨਦੀਪ ਕੌਰ, ਜੈਆ ਪ੍ਰੀਤ ਕੌਰ, ਗੁਰਮਨ ਸਿੰਘ ਤੇ ਪ੍ਰੀਤੀ ਕੌਰ ਨੇ ਸ਼ਮੂਲੀਅਤ ਕੀਤੀ। ਪ੍ਰਬੰਧਕਾਂ ਵੱਲੋਂ ਹੌਸਲਾ ਅਫ਼ਜ਼ਾਈ ਵਜੋਂ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਜੱਗੀ ਕੁੱਸਾ, ਮਨਦੀਪ ਖੁਰਮੀ, ਸੰਸਥਾ ਦੇ ਪ੍ਰਧਾਨ ਤ੍ਰਿਲੋਚਨ ਸਿੰਘ ਦੁੱਗਲ, ਰਣਵੀਰ ਸਿੰਘ ਰਾਏ ਨੇ ਕੀਤੀ। ਦੂਜੇ ਦੌਰ ਦਾ ਮੰਚ ਸੰਚਾਲਨ ਕਸ਼ਮੀਰ ਸਿੰਘ ਘੁੰਮਣ ਨੇ ਕੀਤਾ। ਮਨਜੀਤ ਸਿੰਘ ਕਮਲਾ, ਗੁਰਸ਼ਰਨ ਸਿੰਘ ਜ਼ੀਰਾ, ਦੀਪਕ ਪਾਰਸ, ਮਨਜੀਤ ਸਿੰਘ ਚੀਮਾ, ਤਾਰਾ ਸਿੰਘ ਤਾਰਾ ਆਧੀਵਾਲਾ, ਤਰਲੋਚਨ ਸਿੰਘ ਚੰਨ ਜੰਡਿਆਲਵੀ, ਮਹਿੰਦਰ ਸਿੰਘ ਦਿਲਬਰ, ਰਾਜਵਿੰਦਰ ਸਿੰਘ, ਜੱਗੀ ਡੋਨਕਾਸਟਰ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਨਰਿੰਦਰ ਸਿੰਘ ਧਾਮੀ ਤੇ ਮੁਕੇਸ਼ ਨੇ ਚੁਟਕਲਿਆਂ ਰਾਹੀਂ ਢਿੱਡੀਂ ਪੀੜਾਂ ਪੁਆਈਆਂ। ਜੀ.ਸੀ.ਐੱਸ.ਈ. ਦੇ ਇਮਤਿਹਾਨ ਵਿਚੋਂ ਅੱਵਲ ਆਉਣ ਵਾਲੀਆਂ ਬੱਚੀਆਂ ਅਮਰਪ੍ਰੀਤ ਕੌਰ ਤੇ ਸਿਮਰਨ ਕੌਰ ਦਾ ਸਨਮਾਨ ਕੀਤਾ। ਜੱਗੀ ਕੁੱਸਾ ਤੇ ਲੇਖਕ ਮਨਦੀਪ ਖੁਰਮੀ ਨੂੰ ਵੀ ਸਨਮਾਨ ਚਿੰਨ੍ਹਾਂ ਨਾਲ ਨਿਵਾਜਿਆ ਗਿਆ। ਲੇਖਕ ਬਲਵਿੰਦਰ ਸਿੰਘ ਚਾਹਲ ਦੀ ਪੁਸਤਕ 'ਇਟਲੀ ਦੇ ਸਿੱਖ ਫ਼ੌਜੀ' ਵੀ ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਸਫਲਤਾ ਲਈ ਯੂਰਪੀਅਨ ਪੰਜਾਬੀ ਸੱਥ ਦੇ ਸੰਚਾਲਕ ਮੋਤਾ ਸਿੰਘ ਸਰਾਏ, ਹਰਜਿੰਦਰ ਸਿੰਘ ਸੰਧੂ, ਪੰਜਾਬ ਰੇਡੀਓ ਦੇ ਸੰਚਾਲਕ ਸੁਰਜੀਤ ਸਿੰਘ ਘੁੰਮਣ, ਸੁਭਾਸ਼ ਕੌਸ਼ਲ, ਗੁਰਮੇਲ ਸਿੰਘ (ਆਕਾਸ਼ ਰੇਡੀਓ), ਸਤਵੀਰ ਸਿੰਘ, ਸਾਧੂ ਸਿੰਘ ਛੋਕਰ, ਮਹਿੰਦਰ ਸਿੰਘ ਮਾਨ, ਪਰੇਮ ਸਿੰਘ, ਸੇਵਾ ਸਿੰਘ ਅੱਟਾ ਦਾ ਅਹਿਮ ਯੋਗਦਾਨ ਰਿਹਾ।



# ਕੈਪਟਨ ਦਾ ਕਿਸਾਨਾਂ ਨੂੰ ਕੋਰਾ ਜਵਾਬ

ਇਕ ਹੋਰ ਮੀਟਿੰਗ 10 ਨਵੰਬਰ ਨੂੰ ਹੋਵੇਗੀ। ਮੁੱਖ ਮੰਤਰੀ ਨੇ ਖੁਦਕੁਸ਼ੀਆਂ ਤੋਂ ਪੀੜਤ ਕਿਸਾਨ ਪਰਿਵਾਰਾਂ ਦੇ ਦਾਅਵਿਆਂ ਦਾ ਇਕ ਮਹੀਨੇ ਦੇ ਅੰਦਰ ਨਿਪਟਾਰਾ ਕਰਨ ਦੇ ਹੁਕਮ ਦਿੱਤੇ। ਉਨ੍ਹਾਂ ਨੇ ਅਜਿਹੇ ਕੇਸਾਂ ਦੇ ਨਿਪਟਾਰੇ ਲਈ ਡਿਪਟੀ ਕਮਿਸ਼ਨਰਾਂ ਨੂੰ ਹਰੇਕ ਮਹੀਨੇ ਦੀ ਪੰਜ ਤਰੀਕ ਨੂੰ ਮੀਟਿੰਗ ਕਰਨ ਦੀਆਂ ਹਦਾਇਤਾਂ ਦਿੱਤੀਆਂ। ਮੁੱਖ ਮੰਤਰੀ ਨੇ ਲੰਬਿਤ ਪਏ ਟਿਊਬਵੈੱਲ ਕੁਨੈਕਸ਼ਨ ਪਹਿਲ ਦੇ ਆਧਾਰ ਉੱਤੇ ਦੇਣ ਦੇ ਹੁਕਮ ਦਿੱਤੇ ਹਨ, ਇਸ ਸਬੰਧੀ ਜ਼ਰੂਰੀ ਨੋਟੀਫਿਕੇਸ਼ਨ ਇਕ ਹਫ਼ਤੇ ਦੇ ਵਿੱਚ ਕਰ ਦਿੱਤਾ ਜਾਵੇਗਾ। ਕਿਸਾਨਾਂ ਦੇ ਨੁਮਾਇੰਦਿਆਂ ਨੇ ਕਰਜ਼ਾ ਮੁਆਫੀ, ਝੋਨੇ ਦੀ ਪਰਾਲੀ ਸਾੜਨ, ਕਰਜ਼ੇ 'ਤੇ ਆੜ੍ਹਤੀਆਂ ਵੱਲੋਂ ਵਿਆਜ ਲਾਉਣ ਅਤੇ ਬੈਂਕਾਂ ਵੱਲੋਂ ਦਿੱਤੇ ਗਏ ਹੱਦੋਂ-ਵੱਧ ਕਰਜ਼ਿਆਂ ਸਣੇ ਹੋਰ ਵੱਖ-ਵੱਖ ਮੁੱਦਿਆਂ ਨੂੰ ਮੁੱਖ ਮੰਤਰੀ ਕੋਲ ਉਠਾਇਆ। ਕੈਪਟਨ ਨੇ ਕਿਸਾਨਾਂ ਨੂੰ ਮੰਗਾਂ ਦੇ ਹੱਲ ਲਈ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਮੰਗਾਂ ਨੂੰ ਕੇਂਦਰ ਅੱਗੇ ਰੱਖਣ ਦਾ ਭਰੋਸਾ ਦਿੱਤਾ। ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਨੇ ਕਿਸਾਨਾਂ ਨੂੰ ਭਰੋਸਾ ਦਵਾਇਆ ਕਿ ਗੰਨਾ ਦੇ 71 ਕਰੋੜ ਰੁਪਏ ਦਾ ਬਕਾਇਆ ਜਲਦੀ ਦੇ ਦਿੱਤਾ ਜਾਵੇਗਾ।

ਮੀਟਿੰਗਾਂ ਵਿੱਚ ਵਿੱਤ ਮੰਤਰੀ ਮਨਪ੍ਰੀਤ ਬਾਦਲ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਪੰਜਾਬ ਕਿਸਾਨ ਸੰਘਰਸ਼ ਕਮੇਟੀ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ, ਬੀ.ਕੇ.ਯੂ. (ਉਗਰਾਹਾਂ), ਬੀ.ਕੇ. ਯੂ. (ਡਕੌਂਦਾ) ਦੇ ਨੁਮਾਇੰਦੇ ਹਾਜ਼ਰ ਸਨ।

**ਕਰਜ਼ਾ ਲੈਣ ਲਈ ਲੱਭਿਆ ਨਵਾਂ ਰਾਹ :**

ਪੰਜਾਬ ਵਜ਼ਾਰਤ ਨੇ ਕਿਸਾਨਾਂ ਦਾ ਫਸਲੀ ਕਰਜ਼ਾ ਮੁਆਫ ਕਰਨ ਲਈ ਪੈਸੇ ਦਾ ਜੁਗਾੜ ਕਰਨ ਵਾਸਤੇ ਪੇਂਡੂ ਵਿਕਾਸ ਐਕਟ ਅਤੇ ਐਗਰੀਕਲਚਰ ਪ੍ਰੋਡਿਊਸ ਮਾਰਕੀਟਿੰਗ ਐਕਟ ਵਿੱਚ ਸੋਧ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਅਧੀਨ ਪੰਜਾਬ ਮੰਡੀ ਬੋਰਡ ਅਤੇ ਪੇਂਡੂ ਵਿਕਾਸ ਫੰਡ ਦਾ ਪੈਸਾ ਸੰਕਟ ਵਿੱਚ ਘਿਰੇ ਕਿਸਾਨਾਂ ਦੀ ਮਦਦ ਲਈ ਵਰਤਿਆ ਜਾ ਸਕੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸੋਧ ਨਾਲ ਰਾਜ ਸਰਕਾਰ ਨੂੰ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਕਰਜ਼ਾ ਲੈਣ ਦਾ ਅਧਿਕਾਰ ਮਿਲ ਜਾਵੇਗਾ। ਵਿੱਤ ਮੰਤਰੀ ਮਨਪ੍ਰੀਤ ਬਾਦਲ ਨੂੰ ਪੁੱਛੇ ਜਾਣ ਉੱਤੇ ਇਸ ਪ੍ਰਬੰਧ ਨਾਲ ਕਿਸਾਨਾਂ ਦੀ ਕਰਜ਼ਾ ਮੁਆਫੀ ਸਕੀਮ ਕਿੰਨੇ ਸਮੇਂ ਵਿੱਚ ਲਾਗੂ ਕੀਤੀ ਜਾ ਸਕੇਗੀ ਤਾਂ ਉਨ੍ਹਾਂ ਕਿਹਾ ਕਿ ਇਕ ਮਹੀਨੇ ਦਾ ਹੋਰ ਸਮਾਂ ਲੱਗ ਜਾਵੇਗਾ।

**ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ :**

ਭਾਰਤੀ ਕਿਸਾਨ ਯੂਨੀਅਨ (ਏਕਤਾ-ਸਿੱਧੂਪੁਰ) ਦੇ ਨੁਮਾਇੰਦਿਆਂ ਨੂੰ ਮੀਟਿੰਗ ਵਿੱਚ ਬੋਲਣ ਦਾ ਸਮਾਂ ਨਾ ਦਿੱਤੇ ਜਾਣ ਕਾਰਨ ਉਨ੍ਹਾਂ ਨੇ ਮੁੱਖ ਮੰਤਰੀ ਦੀ ਕੋਠੀ ਦੇ ਬਾਹਰ ਧਰਨਾ ਦਿੱਤਾ ਤੇ ਇਸ ਦੇ ਨਾਲ ਬੀ.ਕੇ.ਯੂ. (ਕਾਦੀਆਂ) ਦੇ ਵਫ਼ਦ ਨੇ ਵੀ ਧਰਨਾ ਦਿੱਤਾ। ਬੀ.ਕੇ.ਯੂ. (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ ਵਫ਼ਦ ਮੁੱਖ ਮੰਤਰੀ ਦੀ ਮੀਟਿੰਗ ਵਿਚ ਹਿੱਸਾ ਲਏ ਬਗੈਰ ਹੀ ਪਰਤ ਗਿਆ।

**ਕਿਸਾਨਾਂ ਵਿਰੁੱਧ ਕਾਰਵਾਈ ਸਬੰਧੀ ਹੋਵੇਗੀ ਪੜਚੋਲ :**

ਚੰਡੀਗੜ੍ਹ : ਪਰਾਲੀ ਸਾੜਨ ਉਤੇ ਲਾਈ ਪਾਬੰਦੀ ਵਿਰੁੱਧ ਮਚੇ ਹੋ ਹੱਲੇ ਦਾ ਨੋਟਿਸ ਲੈਂਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਕਿਹਾ ਕਿ ਉਹ ਪਰਾਲੀ ਸਾੜਨ ਨੂੰ ਲੈ ਕੇ ਕਿਸਾਨਾਂ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਦੇ ਕਾਨੂੰਨੀ ਪਹਿਲੂਆਂ ਨੂੰ ਘੋਖੇਗੀ। ਹਾਈਕੋਰਟ ਦੇ ਜਸਟਿਸ ਰਾਜਨ ਗੁਪਤਾ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਕਾਨੂੰਨ ਅਨੁਸਾਰ ਕਿਸਾਨਾਂ ਵਿਰੁੱਧ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਫੈਸਲਾ ਅਗਲੀ ਪੇਸ਼ੀ ਉੱਤੇ ਪਾ ਦਿੱਤਾ ਹੈ। ਅਦਾਲਤ ਨੇ ਇਹ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਅਤੇ ਹੋਰਨਾਂ ਵੱਲੋਂ ਦਾਇਰ ਪਟੀਸ਼ਨ ਦੇ ਜਵਾਬ ਵਿੱਚ ਕੀਤਾ ਹੈ। ਕਿਸਾਨ ਯੂਨੀਅਨ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਸਖ਼ਤ ਕਾਰਵਾਈ ਨਾਲ ਕਿਸਾਨਾਂ ਵਿੱਚ ਝੋਨਾ ਲਾਉਣ ਦਾ ਰੁਝਾਨ ਘੱਟ ਹੋ ਸਕਦਾ ਹੈ।

## ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸਿੱਖ ਬੀਬੀਆਂ ਕਰ ਸਕਣਗੀਆਂ ਕੀਰਤਨ

ਗਿਆ ਹੈ। ਇੱਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਹੁਣ ਤਕ ਸ੍ਰੀ ਹਰਿਮੰਦਰ ਸਾਹਿਬ ਤੋਂ ਸਿੱਖ ਬੀਬੀਆਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਦੇਣ ਬਾਰੇ ਕੋਈ ਫ਼ੈਸਲਾ ਨਹੀਂ ਕਰ ਸਕੀ। ਹਾਲਾਂਕਿ ਇਹ ਮਾਮਲਾ ਪਿਛਲੇ ਕਈ ਸਾਲਾਂ ਤੋਂ ਵਿਚਾਰਿਆ ਜਾ ਰਿਹਾ ਹੈ। ਬੀਬੀ ਜਗੀਰ ਕੌਰ ਜਦੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਸੀ ਤਾਂ ਉਨ੍ਹਾਂ ਨੇ ਵੀ ਬੜੀਆਂ ਕੋਸ਼ਿਸ਼ਾਂ ਕੀਤੀਆਂ ਸਨ, ਪਰ ਸਿੰਘ ਸਾਹਿਬਾਨ ਨਾਲ ਸਲਾਹ ਮਸ਼ਵਰਾ ਕਰਨ ਦੇ ਬਾਵਜੂਦ ਕਿਸੇ ਨਾ ਕਿਸੇ ਕਾਰਨ ਉਹ ਆਪਣੇ ਮਿਸ਼ਨ ਤੇ ਮੰਤਵ ਵਿਚ ਸਫ਼ਲ ਨਹੀਂ ਸਨ ਹੋ ਸਕੇ, ਮੌਜੂਦਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਤਾਂ ਇਸ ਧਾਰਮਿਕ ਮਾਮਲੇ ਬਾਰੇ ਚੁੱਪੀ ਹੀ ਧਾਰਨ ਕਰਨਾ ਉਚਿੱਤ ਸਮਝਿਆ।

## ਲੁਧਿਆਣਾ 'ਚ ਆਰਐਸਐਸ ਆਗੂ ਗੋਸਾਈਂ ਕਤਲ

ਦੀ ਪੋਤੀ ਨੂੰ ਗੋਦੀ ਚੁੱਕੀ ਖੜ੍ਹੋਤੇ ਸਨ। ਉਨ੍ਹਾਂ ਹਮਲਾਵਰਾਂ ਦੀ ਆਵਾਜ਼ ਸੁਣ ਜਿਉਂ ਹੀ ਪੋਤੀ ਨੂੰ ਥੱਲੇ ਉਤਾਰਿਆ, ਹਮਲਾਵਰਾਂ ਨੇ ਫ਼ੌਰੀ ਉਨ੍ਹਾਂ ਨੂੰ ਗਰਦਨ ਦੇ ਪਿੱਛੇ ਤੇ ਪਿੱਠ 'ਤੇ ਗੋਲੀਆਂ ਮਾਰ ਦਿੱਤੀਆਂ। ਉਨ੍ਹਾਂ ਦੇ ਸੱਤ-ਸਾਲਾ ਦੇ ਪੋਤੇ ਨੇ ਰੌਲਾ ਪਾਇਆ ਤੇ ਨੂੰਹ ਮੁਲਜ਼ਮਾਂ ਪਿੱਛੇ ਭੱਜੀ, ਪਰ ਮੁਲਜ਼ਮ ਫ਼ਰਾਰ ਹੋਣ ਵਿਚ ਕਾਮਯਾਬ ਰਹੇ। ਗੋਲੀਆਂ ਦੀ ਆਵਾਜ਼ ਸੁਣ ਕੇ ਗੁਆਂਢ ਦੇ ਲੋਕ ਬਾਹਰ ਆ ਗਏ। ਆਰਐਸਐਸ ਆਗੂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਸੂਚਨਾ ਮਿਲਦੇ ਹੀ ਪੁਲੀਸ ਕਮਿਸ਼ਨਰ ਆਰ.ਐਨ. ਢੋਕੇ, ਡੀਸੀਪੀ ਕ੍ਰਾਈਮ ਗਗਨਅਜੀਤ ਸਿੰਘ ਤੇ ਉੱਚ ਅਧਿਕਾਰੀ ਪੁਲੀਸ

ਜਾਂਚ ਦੌਰਾਨ ਪੁਲੀਸ ਨੂੰ ਘਟਨਾ ਸਥਾਨ ਤੋਂ ਕਾਰਤੂਸਾਂ ਦੇ ਦੋ ਖੋਲ ਬਰਾਮਦ ਹੋਏ। ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁਲਜ਼ਮ ਇਲਾਕੇ ਵਿਚ ਲੱਗੇ ਇੱਕ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਏ। ਜਾਂਚ ਤੋਂ ਬਾਅਦ ਪੁਲੀਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ। ਪੁਲੀਸ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਗੋਸਾਈਂ ਆਰਐੱਸਐੱਸ ਦੇ ਪ੍ਰਚਾਰਕ ਸਨ ਤੇ ਕਰੀਬ 2 ਸਾਲਾਂ ਤੋਂ ਇਲਾਕੇ ਵਿਚਲੀ ਆਮੰਤਰਨ ਕਲੋਨੀ ਵਿਚ ਸ਼ਾਖਾ ਲਾਉਂਦੇ ਸਨ। ਉਨ੍ਹਾਂ ਦੇ ਚਾਰ ਲੜਕੇ ਤੇ ਇੱਕ ਲੜਕੀ ਹੈ, ਜਿਨ੍ਹਾਂ ਵਿਚੋਂ ਇਕ ਲੜਕੇ ਨੂੰ ਛੱਡ ਕੇ ਬਾਕੀ ਸ਼ਾਦੀਸ਼ੁਦਾ ਹਨ। ਉਹ ਰੋਜ਼ਾਨਾ ਵਾਂਗ ਸਵੇਰੇ 6 ਵਜੇ ਆਪਣੇ ਸਾਥੀਆਂ ਨਾਲ ਸ਼ਾਖਾ ਲਾਉਣ ਗਏ। ਵਾਪਸੀ ਸਮੇਂ ਉਨ੍ਹਾਂ ਦੇ ਸਾਥੀ ਹਰਿੰਦਰ ਸਿੰਘ ਤੇ ਦਵਿੰਦਰ ਸਿੰਘ ਉਨ੍ਹਾਂ ਨਾਲ ਸਨ, ਜੋ ਗੋਸਾਈਂ ਦੇ ਘਰੇ ਝੰਡੇ ਤੇ ਹੋਰ ਸਾਮਾਨ ਰੱਖ ਕੇ ਆਪਣੇ ਘਰੀਂ ਚਲੇ ਗਏ।

ਜਾਣਕਾਰੀ ਮੁਤਾਬਕ ਖ਼ੁਫ਼ੀਆਂ ਏਜੰਸੀਆਂ ਨੇ ਪੰਜਾਬ ਪੁਲੀਸ ਨੂੰ ਪਹਿਲਾਂ ਹੀ ਲੁਧਿਆਣਾ ਵਿਚ ਅਜਿਹਾ ਕੋਈ ਹਮਲਾ ਹੋਣ ਦੇ ਸੰਕੇਤ ਦਿੱਤੇ ਸਨ ਪਰ ਤਾਂ ਵੀ ਘਟਨਾ ਨੂੰ ਰੋਕਿਆ ਨਹੀਂ ਜਾ ਸਕਿਆ।

ਦੂਜੇ ਪਾਸੇ ਸ੍ਰੀ ਗੁਸਾਈਂ ਦੇ ਕਤਲ ਤੋਂ ਬਾਅਦ ਰੋਹ ਵਿਚ ਆਏ ਭਾਜਪਾ ਤੇ ਆਰਐੱਸਐੱਸ ਵਰਕਰਾਂ ਨੇ ਪੁਲੀਸ ਕਮਿਸ਼ਨਰ ਦਫ਼ਤਰ ਦਾ ਘਿਰਾਓ ਕੀਤਾ। ਮੁਜ਼ਾਹਰਾਕਾਰੀ ਭਾਜਪਾ ਸ੍ਰੀ ਗੋਸਾਈਂ ਦੇ ਸਸਕਾਰ ਤੋਂ ਬਾਅਦ ਸਿੱਧਾ ਪੁਲੀਸ ਕਮਿਸ਼ਨਰ ਦਫ਼ਤਰ ਦੇ ਬਾਹਰ ਪੁੱਜੇ ਤੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਪੁਲੀਸ ਕਮਿਸ਼ਨਰ ਸ੍ਰੀ ਢੋਕੇ ਨੇ ਭਰੋਸਾ ਦਿੱਤਾ ਕਿ ਇਸ ਮਾਮਲੇ ਵਿਚ ਸਿੱਟ ਬਣਾ ਦਿੱਤੀ ਗਈ ਹੈ ਤੇ ਕਾਤਲਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਲੁਧਿਆਣਾ ਤੇ ਇਸ ਦੇ 60 ਕਿਲੋਮੀਟਰ ਦੇ ਦਾਇਰੇ ਵਿਚ ਬੀਤੇ 2 ਸਾਲਾਂ ਦੌਰਾਨ ਲਗਭਗ ਇਕੋ ਤਰ੍ਹਾਂ ਕਤਲਾਂ ਦੀਆਂ ਕਰੀਬ ਸੱਤ ਘਟਨਾਵਾਂ ਵਾਪਰਨ ਦੇ ਬਾਵਜੂਦ ਪੁਲੀਸ ਇਨ੍ਹਾਂ ਦਾ ਸੁਰਾਗ ਲਾਉਣ ਵਿੱਚ ਨਾਕਾਮ ਰਹੀ ਹੈ। ਇਹ ਭਾਵੇਂ ਜਲੰਧਰ ਵਿਚ ਆਰਐਸਐਸ ਆਗੂ ਜਗਦੀਸ਼ ਗਗਨੇਜਾ ਦਾ ਕਤਲ ਹੋਵੇ ਜਾਂ ਨਾਮਧਾਰੀ ਮਾਤਾ ਚੰਦ ਕੌਰ ਅਤੇ ਡੇਰਾ ਪ੍ਰੇਮੀ ਪਿਉ-ਪੁੱਤ ਦੇ ਕਤਲ ਹੋਣ। ਤਾਜ਼ਾ ਮਾਮਲਾ ਰਵਿੰਦਰ ਗੋਸਾਈਂ ਦੇ ਕਤਲ ਦਾ ਹੈ। ਇਨ੍ਹਾਂ ਲਈ ਹਮਲਾਵਰਾਂ ਨੇ ਲਗਭਗ ਇੱਕੋ ਤਰੀਕਾ ਅਪਣਾਇਆ, ਜਿਨ੍ਹਾਂ ਵਿਚ ਨਕਾਬਪੋਸ਼ ਮੁਲਜ਼ਮ ਮੋਟਰਸਾਈਕਲਾਂ 'ਤੇ ਸਵਾਰ ਸਨ। ਪੁਲੀਸ ਦੇ ਹੱਥ ਕਾਤਲਾਂ ਦੀਆਂ ਸੀਸੀਟੀਵੀ ਫੁਟੇਜਾਂ ਲੱਗਣ ਦੇ ਬਾਜਵੂਦ ਕੋਈ ਕੇਸ ਹੱਲ ਨਹੀਂ ਹੋ ਸਕਿਆ। ਬੀਤੀ 16 ਜੁਲਾਈ ਨੂੰ ਪਾਦਰੀ ਸੁਲਤਾਨ ਮਸੀਹ ਦਾ ਕਤਲ ਲੁਧਿਆਣਾ ਦੇ ਪੀਰੂ ਬੰਦਾ ਸਲੇਮ ਟਾਬਰੀ ਇਲਾਕੇ ਵਿਚ ਹੋਇਆ, 25 ਫਰਵਰੀ ਨੂੰ ਡੇਰਾ ਪ੍ਰੇਮੀ ਸਤਪਾਲ ਸ਼ਰਮਾ ਤੇ ਉਸ ਦੇ ਲੜਕੇ ਰਮੇਸ਼ ਦਾ ਲੁਧਿਆਣਾ-ਮਲੇਰਕੋਟਲਾ ਰੋਡ 'ਤੇ ਪਿੰਡ ਜਗੇੜਾ ਦੇ ਨਾਮ ਚਰਚਾ ਘਰ ਦੇ ਬਾਹਰ, 14 ਜਨਵਰੀ ਨੂੰ ਅਮਿਤ ਸ਼ਰਮਾ ਦਾ ਦੁਰਗਾ ਮਾਤਾ ਮੰਦਰ ਦੇ ਬਾਹਰ, 6 ਅਗਸਤ 2016 ਨੂੰ ਆਰਐੱਸਐੱਸ ਆਗੂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦਾ ਜਲੰਧਰ ਵਿਚ, 3 ਅਪਰੈਲ 2016 ਨੂੰ ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਦੀ ਧਰਮਪਤਨੀ ਮਾਤਾ ਚੰਦ ਕੌਰ ਦਾ, 23 ਅਪ੍ਰੈਲ 2016 ਨੂੰ ਸ਼ਿਵ ਸੈਨਾ ਪੰਜਾਬ ਦੇ ਦੁਰਗਾ ਗੁਪਤਾ ਦਾ ਖੰਨਾ ਵਿਚ ਕਤਲ ਹੋਇਆ।

## ਗੁਰਦਾਸਪੁਰ ਜ਼ਿਮਨੀ ਚੋਣ ਕਾਂਗਰਸ ਨੇ ਜਿੱਤੀ

ਉਮੀਦਵਾਰ ਸੁਨੀਲ ਜਾਖੜ 14316 ਵੋਟਾਂ ਦੇ ਫ਼ਰਕ ਨਾਲ ਅਕਾਲੀ-ਭਾਜਪਾ ਦੇ ਉਮੀਦਵਾਰ ਸਵਰਨ ਸਲਾਰੀਆਂ ਤੋਂ ਅੱਗੇ ਹੋ ਗਏ। ਇਸ ਤੋਂ ਬਾਅਦ ਆਖ਼ਰੀ 15ਵੇਂ ਗੇੜ ਤਕ ਹਰੇਕ ਵਿਧਾਨ ਸਭਾ ਹਲਕੇ ਤੋਂ ਹੀ ਲਗਾਤਾਰ ਆਪਣੇ ਵਿਰੋਧੀ ਤੋਂ ਲੀਡ ਲੈਂਦੇ ਰਹੇ। ਜਿੱਤ ਦੇ ਰਸਮੀ ਐਲਾਨ ਤੋਂ ਬਾਅਦ ਸ੍ਰੀ ਜਾਖੜ ਨੇ ਜ਼ਿਲ੍ਹੇ ਦੀ ਸੀਨੀਅਰ ਲੀਡਰਸ਼ਿਪ ਸਮੇਤ ਜ਼ਿਲ੍ਹਾ ਚੋਣ ਅਧਿਕਾਰੀ ਦੇ ਦਫ਼ਤਰ ਪੁੱਜ ਕੇ ਜਿੱਤ ਦਾ ਸਰਟੀਫਿਕੇਟ ਹਾਸਲ ਕੀਤਾ। ਇਸ ਮੌਕੇ ਸ੍ਰੀ ਜਾਖੜ ਨੇ ਆਪਣੀ ਜਿੱਤ ਲਈ ਹਲਕੇ ਦੇ ਸਮੂਹ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਲਾਕਾ ਵਾਸੀਆਂ ਦੇ ਭਰੋਸੇ ਉੱਤੇ ਖ਼ਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਉਹ ਕਿਸਾਨਾਂ, ਮਹਿੰਗਾਈ, ਬੇਰੁਜ਼ਗਾਰੀ ਅਤੇ ਹੋਰਨਾਂ ਮਸਲਿਆਂ ਨੂੰ ਲੈ ਕੇ ਸਦਨ ਵਿੱਚ ਖੇਤਰ ਦੀ ਆਵਾਜ਼ ਚੁੱਕਣਗੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ ਲੈ ਕੇ ਲੋਕਾਂ ਵਿੱਚ ਗਏ ਸਨ ਅਤੇ ਲੋਕਾਂ ਨੇ ਪੰਜਾਬ ਸਰਕਾਰ ਦੇ ਕੀਤੇ ਕੰਮਾਂ ਉੱਤੇ ਮੋਹਰ ਲਾਉਣ ਤੋਂ ਇਲਾਵਾ ਕੇਂਦਰ ਸਰਕਾਰ ਦੀਆਂ ਨੀਤੀਆਂ ਖਿਲਾਫ਼ ਫ਼ਤਵਾ ਦਿੱਤਾ ਹੈ। ਸ੍ਰੀ ਜਾਖੜ ਦੀ ਜਿੱਤ ਉਪਰੰਤ ਪਾਰਟੀ ਆਗੂਆਂ ਤੇ ਵਰਕਰਾਂ ਅੰਦਰ ਜਸ਼ਨ ਦਾ ਮਾਹੌਲ ਬਣਿਆ ਰਿਹਾ।

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਗੁਰਲਵਲੀਨ ਸਿੰਘ ਸਿੱਧੂ ਨੇ ਜ਼ਿਮਨੀ ਚੋਣ ਦਾ ਨਤੀਜਾ ਐਲਾਨਦਿਆਂ ਦੱਸਿਆ ਕਿ ਲੋਕ ਸਭਾ ਹਲਕਾ ਗੁਰਦਾਸਪੁਰ ਦੀ ਹੋਈ ਚੋਣ ਵਿੱਚ ਕੁੱਲ 859462 ਵੋਟਰਾਂ ਵੱਲੋਂ ਆਪਣੇ ਵੋਟ ਦੇ ਹੱਕ ਦੀ ਵਰਤੋਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸ੍ਰੀ ਸੁਨੀਲ ਜਾਖੜ ਨੂੰ ਕੁੱਲ 4,99,452, ਭਾਜਪਾ ਦੇ ਉਮੀਦਵਾਰ ਸਵਰਨ ਸਲਾਰੀਆ ਨੂੰ 3,06,533 ਵੋਟਾਂ ਅਤੇ 'ਆਪ' ਦੇ ਉਮੀਦਵਾਰ ਸੁਰੇਸ਼ ਖਜੂਰੀਆ ਨੂੰ 23579 ਵੋਟਾਂ ਮਿਲੀਆਂ ਹਨ। ਇਸੇ ਤਰ੍ਹਾਂ ਐੱਮ.ਡੀ.ਪੀ ਦੀ ਉਮੀਦਵਾਰ ਸੰਤੋਸ਼ ਕੁਮਾਰੀ ਨੂੰ 1011 ਵੋਟਾਂ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਕੁਲਵੰਤ ਸਿੰਘ ਨੂੰ 3546, ਐੱਚ.ਐੱਸ.ਐੱਸ ਪਾਰਟੀ ਦੇ ਉਮੀਦਵਾਰ ਰਾਜਿੰਦਰ ਸਿੰਘ ਨੂੰ 1891 ਅਤੇ ਆਜ਼ਾਦ ਉਮੀਦਵਾਰ ਸਤਨਾਮ ਸਿੰਘ ਨੂੰ 996, ਸੰਦੀਪ ਕੁਮਾਰ ਨੂੰ 1922, ਪ੍ਰਦੀਪ ਕੁਮਾਰ ਨੂੰ 2029, ਪਰਵਿੰਦਰ ਸਿੰਘ ਨੂੰ 6825 ਅਤੇ ਪਵਨ ਕੁਮਾਰ ਨੂੰ 3791 ਵੋਟਾਂ ਪਈਆਂ ਹਨ।

ਵਿਧਾਨ ਸਭਾ ਹਲਕਾ ਵਾਰ ਕਾਂਗਰਸੀ ਉਮੀਦਵਾਰ ਸ੍ਰੀ ਜਾਖੜ ਸੁਜਾਨਪੁਰ ਤੋਂ 6701 ਵੋਟਾਂ, ਭੋਆ ਹਲਕੇ ਤੋਂ 7726 ਵੋਟਾਂ ਅਤੇ ਪਠਾਨਕੋਟ ਹਲਕੇ ਤੋਂ 8710 ਵੋਟਾਂ ਨਾਲ ਜੇਤੂ ਰਹੇ। ਇਸੇ ਤਰ੍ਹਾਂ ਗੁਰਦਾਸਪੁਰ ਹਲਕੇ ਤੋਂ 29656, ਦੀਨਾਨਗਰ ਤੋਂ 11387, ਕਾਦੀਆਂ ਹਲਕੇ ਤੋਂ 26348, ਬਟਾਲਾ ਹਲਕੇ ਤੋਂ 26255, ਫਤਿਹਗੜ੍ਹ ਚੂੜੀਆਂ ਹਲਕੇ ਤੋਂ 32296 ਅਤੇ ਡੇਰਾ ਬਾਬਾ ਨਾਨਕ ਹਲਕੇ ਤੋਂ 44074 ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ ਹਨ।

ਕੈਪਟਨ ਬੋਲੇ-ਕਾਂਗਰਸ ਲਈ ਸੰਜੀਵਨੀ ਬਣੇਗੀ ਜਿੱਤ : ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਗੁਰਦਾਸਪੁਰ ਸੰਸਦੀ ਹਲਕੇ ਦੇ ਮੈਂਬਰ ਸੁਨੀਲ ਜਾਖੜ ਨੇ ਕਿਹਾ ਹੈ ਕਿ ਇਸ ਜਿੱਤ ਨਾਲ ਕਾਂਗਰਸ ਪਾਰਟੀ ਦੀ ਬਹਾਲੀ ਦਾ ਦੌਰ ਸ਼ੁਰੂ ਹੋ ਗਿਆ ਹੈ ਤੇ ਲੋਕ ਸਭਾ ਦੀਆਂ 2019 ਦੀਆਂ ਚੋਣਾਂ ਦੌਰਾਨ ਕਾਂਗਰਸ ਦੀ ਜਿੱਤ ਦਾ ਰਾਹ ਪੱਧਰਾ ਹੋ ਗਿਆ ਹੈ। ਜਾਖੜ ਨੇ ਆਪਣੀ ਜਿੱਤ ਦੀ ਤੁਲਨਾ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਚਿੱਕ ਮੰਗਲੂਰ ਦੀ ਸੀਟ ਤੋਂ ਹੋਈ ਜਿੱਤ ਨਾਲ ਕੀਤੀ ਹੈ। ਇਸੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਰਾਲੀ ਸਾੜਨਾ ਠੀਕ ਨਹੀਂ ਹੈ ਪਰ ਉਨ੍ਹਾਂ ਦੀ ਸਰਕਾਰ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਕੋਈ ਕੇਸ ਦਰਜ ਨਹੀਂ ਕੀਤਾ। ਮੁੱਖ ਮੰਤਰੀ ਨੇ ਇਸ ਰਿਕਾਰਡ ਜਿੱਤ ਲਈ ਪਾਰਟੀ ਵਰਕਰਾਂ ਅਤੇ ਲੋਕਾਂ ਦੇ ਸਣੇ ਗੁਰਦਾਸਪੁਰ ਤੋਂ ਕਾਂਗਰਸ ਦੇ ਉਮੀਦਵਾਰ ਸੁਨੀਲ ਜਾਖੜ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਜ਼ਿਮਨੀ ਚੋਣ ਦੇ ਨਤੀਜੇ ਨੇ ਭਾਰਤੀ ਜਨਤਾ ਪਾਰਟੀ ਦੇ ਹੋ ਰਹੇ ਨਿਘਾਰ ਉੱਤੇ ਮੋਹਰ ਲਾ ਦਿੱਤੀ ਹੈ ਅਤੇ ਇਸ ਨੇ ਕਾਂਗਰਸ ਪਾਰਟੀ ਨੂੰ ਮਜ਼ਬੂਤੀ ਦਿੱਤੀ ਹੈ। ਜ਼ਿਮਨੀ ਚੋਣ ਦਾ ਨਤੀਜਾ ਜੀ.ਐੱਸ.ਟੀ ਅਤੇ ਨੋਟਬੰਦੀ ਕਾਰਨ ਲੋਕਾਂ ਦਾ ਅਕਾਲੀਆਂ ਤੋਂ ਮੋਹ ਭੰਗ ਹੋਣ ਦਾ ਸਿੱਟਾ ਹੈ। ਮੁੱਖ ਮੰਤਰੀ ਨੇ ਜਾਖੜ ਦੇ ਹੱਕ ਵੀ ਸਰਕਾਰੀ ਮਸ਼ੀਨਰੀ ਵਰਤੇ ਜਾਣ ਦੇ ਵਿਰੋਧੀ ਧਿਰ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਮੁੱਦੇ ਉੱਤੇ ਕੈਪਟਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਰਜ਼ਾ ਹੱਦਬੰਦੀ ਵਿੱਚ ਵਾਧਾ ਕਰਨ ਲਈ ਕੇਂਦਰ ਸਰਕਾਰ ਤੋਂ ਆਗਿਆ ਦੇਣ ਦੀ ਮੰਗ ਕੀਤੀ ਹੈ ਪਰ ਕੇਂਦਰ ਨੇ ਅਜੇ ਇਸ ਸਬੰਧੀ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਰਜ਼ੇ ਮੁਆਫੀ ਦੀ ਸਕੀਮ ਨੂੰ ਲਾਗੂ ਕਰਨ ਲਈ ਸੂਬਾ ਸਰਕਾਰ ਖ਼ੁਦ ਪ੍ਰਬੰਧ ਕਰੇਗੀ। ਮੰਤਰੀ ਮੰਡਲ ਵਿੱਚ ਵਾਧਾ ਕੀਤੇ ਜਾਣ ਦੇ ਸਬੰਧ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਉਹ ਕੁਲ ਹਿੰਦ ਕਾਂਗਰਸ ਕਮੇਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਇਸ ਬਾਰੇ ਫੈਸਲਾ ਲੈਣਗੇ। ਸੁਨੀਲ ਜਾਖੜ ਨੇ ਕਿਹਾ ਕਿ ਇਹ ਜਿੱਤ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਸਰਕਾਰ ਦੀਆਂ ਨੀਤੀਆਂ ਉੱਤੇ ਮੋਹਰ ਹੈ। ਇਸ ਜਿੱਤ ਨਾਲ ਵਿਰੋਧੀਆਂ ਦੀ ਬੋਲਤੀ ਬੰਦ ਹੋ ਗਈ ਹੈ। ਇਸ ਮੌਕੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਅਰੁਣਾ ਚੌਧਰੀ, ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ, ਅਮਿਤ ਵਿਜ, ਬਰਿੰਦਰਜੀਤ ਸਿੰਘ ਪਾਹੜਾ, ਫਤਿਹਜੰਗ ਸਿੰਘ ਬਾਜਵਾ ਵੀ ਮੌਜੂਦ ਸਨ।

## ਦਰਬਾਰ ਸਾਹਿਬ ਵਿਖੇ ਟਾਸਕ ਫੋਰਸ ਤੇ ਮੁਤਵਾਜ਼ੀ ਜਥੇਦਾਰਾਂ ਦੇ ਸਮਰਥਕਾਂ ਵਿਚਾਲੇ ਝੜਪ

ਵਾਰ ਮਾਮਲਾ ਠੱਲ੍ਹ ਗਿਆ। ਉਪਰੰਤ ਜਦੋਂ ਮੁਤਵਾਜ਼ੀ ਜਥੇਦਾਰ ਘੰਟਾ ਘਰ ਵਾਲੇ ਪਾਸੇ ਸ੍ਰੀ ਹਰਿਮੰਦਰ ਸਾਹਿਬ ਪਲਾਜ਼ਾ ਪੁੱਜੇ ਤਾਂ ਉਥੇ ਪਰਿਕਰਮਾ ਵਿਚ ਜਥੇਦਾਰ ਨੂੰ ਘੇਰਨ ਦਾ ਯਤਨ ਕੀਤਾ ਗਿਆ। ਇਸ ਦੌਰਾਨ ਉਹ ਵੀ ਟਾਸਕ ਫੋਰਸ ਦੇ ਸਾਥੀਆਂ ਸਮੇਤ ਨੇੜੇ ਲੈ ਕੇ ਬਾਹਰ ਆ ਗਏ। ਇਥੇ ਇਕ-ਦੂਜੇ ਨੂੰ ਵੰਗਾਰਿਆ ਗਿਆ ਪਰ ਪੁਲੀਸ ਦੀ ਦਖ਼ਲ-ਅੰਦਾਜ਼ੀ ਨਾਲ ਮਾਮਲਾ ਸ਼ਾਂਤ ਹੋ ਗਿਆ। ਦੋਵਾਂ ਧਿਰਾਂ ਦੀ ਇਸ ਕਾਰਵਾਈ ਦੌਰਾਨ ਉਥੋਂ ਲੰਘ ਰਹੇ ਗੈਰ ਪੰਜਾਬੀ ਸ਼ਰਧਾਲੂ ਡਰ ਗਏ। ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਅਤੇ ਮੈਨੇਜਰ ਸੁਲੱਖਣ ਸਿੰਘ ਨੇ ਆਖਿਆ ਕਿ ਮੁਤਵਾਜ਼ੀ ਜਥੇਦਾਰਾਂ ਦੇ ਸਮਰਥਕਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਰੂਹਾਨੀ ਸ਼ਾਂਤੀ ਅਤੇ ਮਰਿਆਦਾ ਵਿੱਚ ਖਲਲ ਪਾਉਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਘਟਨਾ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਚੁੱਕੀ ਹੈ ਅਤੇ ਹਿੰਸਾ ਲਈ ਜ਼ਿੰਮੇਵਾਰਾਂ ਦੀ ਪਛਾਣ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਨੂੰ ਨੇਤਾਗਿਰੀ ਚਮਕਾਉਣ ਨਹੀਂ ਦਿੱਤੀ ਜਾਵੇਗੀ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਹਿੰਸਕ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਆਖਿਆ ਕਿ ਮਾਸਟਰ ਜੌਹਰ ਸਿੰਘ ਸ਼ਰਧਾਲੂ ਵਜੋਂ ਸ੍ਰੀ ਅਕਾਲ ਤਖ਼ਤ 'ਤੇ ਗਿਆ ਸੀ, ਜਿਸ ਨੂੰ ਮਸੰਦਾਂ ਵਰਗੀ ਕਾਰਵਾਈ ਰਾਹੀਂ ਜਬਰੀ ਅਤੇ ਅਪਮਾਨਜਨਕ ਢੰਗ ਨਾਲ ਬਾਹਰ ਕੱਢਿਆ ਗਿਆ।

## ਸਿੰਘ ਸਾਹਿਬਾਨ ਨੇ ਬੂਟਾ ਸਿੰਘ ਨੂੰ ਪੰਥ 'ਚੋਂ ਛੇਕਿਆ, ਮਾਸਟਰ ਜੌਹਰ ਸਿੰਘ ਤਨਖਾਹੀਆ ਕਰਾਰ

ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਸਿੰਘ ਸਾਹਿਬਾਨ ਨੇ ਇਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੂੰ ਭੰਗ ਕਰਕੇ ਗੁਰਦੁਆਰੇ ਦਾ ਪ੍ਰਬੰਧ ਕਾਨ੍ਹੂੰਵਾਨ ਦੀ ਨਗਰ ਪੰਚਾਇਤ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਚਲਾਉਣ ਦਾ ਹੁਕਮ ਦਿੱਤਾ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਖ਼ਿਲਾਫ਼ ਕੀਤੀ ਗਈ ਸ਼ਿਕਾਇਤ ਬਾਰੇ ਉਨ੍ਹਾਂ ਆਖਿਆ ਕਿ ਦਿੱਤੇ ਗਏ ਸਬੂਤ ਸਪਸ਼ਟ ਨਹੀਂ ਹਨ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਪੰਥ ਵਿਚੋਂ ਖਾਰਜ ਕਰਨ ਦੀ ਕੀਤੀ ਗਈ ਅਪੀਲ ਬਾਰੇ ਉਨ੍ਹਾਂ ਆਖਿਆ ਕਿ ਇਸ ਮਾਮਲੇ 'ਤੇ ਫਿਲਹਾਲ ਵਿਚਾਰ ਕੀਤਾ ਜਾਵੇਗਾ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਰਾਜਿੰਦਰ ਕੌਰ ਭੱਠਲ ਅਤੇ ਅਰਜਨ ਸਿੰਘ ਬਾਦਲ ਦੇ ਸੁਨੇਹੇ ਆਏ ਹਨ, ਜਿਸ ਨੂੰ ਧਿਆਨ ਵਿੱਚ ਰਖਦਿਆਂ ਉਨ੍ਹਾਂ ਨੂੰ ਮੁੜ ਪੇਸ਼ ਹੋਣ ਲਈ ਸਮਾਂ ਦਿੱਤਾ ਜਾਵੇਗਾ। ਉਨ੍ਹਾਂ ਸਮੂਹ ਗੁਰਦੁਆਰਾ ਕਮੇਟੀਆਂ, ਸਭਾ ਸੁਸਾਇਟੀਆਂ ਨੂੰ ਹਦਾਇਤ ਕੀਤੀ ਹੈ ਕਿ ਕਿਸੇ ਵੀ ਗੁਰੂ ਘਰ ਵਿੱਚ ਦਲਿਤ ਭਾਈਚਾਰੇ ਨਾਲ ਵਿਤਕਰਾ ਨਾ ਹੋਵੇ। ਰਾਜਸਥਾਨ ਦੇ 11 ਜੀ ਹਾਰਨੀਆ ਮਾਮਲੇ ਵਿੱਚ ਉਨ੍ਹਾਂ ਆਖਿਆ ਕਿ ਉਥੇ ਮਨਮਤੀ ਕਾਰਵਾਈਆਂ ਕਾਰਨ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋ ਸਕਦਾ।

ਇਸੇ ਦੌਰਾਨ ਸਿੰਘ ਸਾਹਿਬਾਨ ਵੱਲੋਂ ਪੰਜਾਬ ਵਾਸੀਆਂ ਨੂੰ ਘੱਟ ਘੱਟ ਪਟਾਕੇ ਅਤੇ ਧੂੰਆਂ ਰਹਿਤ ਪਟਾਕੇ ਚਲਾਉਣ ਲਈ ਆਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਨੂੰ ਵੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਘੱਟੋਂ ਘੱਟ ਅਤੇ ਧੂੰਆਂ ਰਹਿਤ ਪਟਾਕੇ ਬੰਦੀ ਛੋੜ ਦਿਵਸ ਮੌਕੇ ਚਲਾਉਣ ਲਈ ਹਦਾਇਤ ਕੀਤੀ ਹੈ।


Watch Your Favorite Channel
FREE PREVIEW
jus
punjabi
AJJ DA MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Itihaas De Panne
The 1st American-Punjabi Television Channel
WATCH jus punjabi ON CHANNEL 736 ON
dish
sling TELEVISION
for advertisement & more information call: +1-718-752-9290 x 202
www.jusbroadcasting.com


$20 Off For
Trans-Alliance Carriers
TRANS-ALLIANCE
TOGETHER WE SAVE
SPECIAL TIRE PRICING
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA
By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com



# PANNU'S
LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St, #445
SAN FRANCISCO
(OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



# Travel for Less Inc.

SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40

Serving the Bay Area Since 1996

We have moved to
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


SHER®
HAPPY DIWALI
Celebrate
WITH
SHER BESAN
SHER
BESAN 4lb ON
SPECIAL NOW
LIMITED TIME
DIWALI
PROMOTION
SHER®
BESAN
CHANA FLOUR
SUPER
FINE
SHER BESAN SUPER FINE
बेसन • ਵੇਸਣ • ચણાનો લોટ • بیسن •
FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
www.sherbrarmills.com